Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।


Gurjatinder S. Randhawa
REALTOR CA DRE licence # 01490567
916-320-9444

Vol. 19, Issue- 858, 12 to 18 June, 2025, Ph: 916-320-9444, E-mail: punjabmailusa@yahoo.com, Web: punjabmailusa.com

# ਲਾਸ ਏਂਜਲਸ 'ਚ ਵਿਖਾਵਾਕਾਰੀ ਦੀ ਸ਼ੁਰੂ ਹੋਈ ਚੰਗਿਆੜੀ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਫੈਲੀ




- ਟਰੰਪ ਵੱਲੋਂ ਲਾਸ ਏਂਜਲਸ 'ਚ 4 ਹਜ਼ਾਰ ਨੈਸ਼ਨਲ ਗਾਰਡ ਅਤੇ 700 ਮੈਰੀਨਸ ਤਾਇਨਾਤ
- ਲਾਸ ਏਂਜਲਸ 'ਚ ਸਥਾਨਕ ਐਮਰਜੈਂਸੀ ਦਾ ਐਲਾਨ; ਬੇਕਾਬੂ ਹੋਈ ਸਥਿਤੀ ਨੂੰ ਰੋਕਣ ਲਈ ਕਰਫਿਊ ਲਗਾਇਆ

**ਲਾਸ ਏਂਜਲਸ, (ਪੰਜਾਬ ਮੇਲ)-** ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਵੱਲੋਂ ਮਾਰੇ ਜਾਂਦੇ ਛਾਪਿਆਂ ਨੂੰ ਲੈ ਕੇ ਲਾਸ ਏਂਜਲਸ ਵਿਚ ਹੋਏ ਵਿਰੋਧ ਪ੍ਰਦਰਸ਼ਨ ਹੁਣ ਅਮਰੀਕਾ ਦੇ ਵੱਖ-ਵੱਖ ਥਾਂਵਾਂ 'ਤੇ ਫੈਲ ਗਏ ਹਨ। ਲਾਸ ਏਂਜਲਸ ਤੋਂ ਬਾਅਦ ਸੈਂਟਾ ਐਨਾ, ਸਾਨ ਫਰਾਂਸਿਸਕੋ, ਸੈਕਰਾਮੈਂਟੋ, ਸਿਆਟਲ, ਵਾਸ਼ਿੰਗਟਨ ਡੀ.ਸੀ., ਆਸਟਿਨ, ਡੈਲਸ, ਵਾਸ਼ਿੰਗਟਨ, ਫਿਲਾਡਲਫੀਆ, ਬੋਸਟਨ, ਨਿਊਯਾਰਕ, ਸ਼ਿਕਾਗੋ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸ਼ਹਿਰਾਂ ਵਿਚ ਟਰੰਪ ਪ੍ਰਸ਼ਾਸਨ ਖਿਲਾਫ ਰੋਸ ਪ੍ਰਦਰਸ਼ਨ ਹੋ ਰਹੇ ਹਨ। ਲੋਕ ਭਾਰੀ ਗਿਣਤੀ ਵਿਚ ਇਕੱਤਰ ਹੋ ਕੇ ਮਾਰਚ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਲੋਕਾਂ ਨੇ ਇਨਫੋਰਸਮੈਂਟ ਏਜੰਸੀ ਖਿਲਾਫ ਬੈਨਰ ਚੁੱਕੇ ਹੋਏ ਸਨ। ਬਹੁਤ ਸਾਰੀਆਂ ਥਾਂਵਾਂ 'ਤੇ ਆਵਾਜਾਈ ਨੂੰ ਰੋਕਿਆ ਗਿਆ, ਜਿਸ ਕਰਕੇ ਆਮ ਨਾਗਰਿਕਾਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਇਹ ਵੀ ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਪ੍ਰਦਰਸ਼ਨ ਹੋਰ ਵੀ ਵੱਧ ਸਕਦੇ ਹਨ।




ਲਾਸ ਏਂਜਲਸ ਵਿਚ ਇਹ ਪ੍ਰਦਰਸ਼ਨ ਹਿੰਸਕ ਰੂਪ ਧਾਰ ਗਏ। ਰਾਸ਼ਟਰਪਤੀ ਟਰੰਪ ਦੇ ਹੁਕਮਾਂ 'ਤੇ ਇਥੇ ਭਾਰੀ ਗਿਣਤੀ ਵਿਚ ਆਰਮੀ ਤਾਇਨਾਤ ਕੀਤੀ ਗਈ ਹੈ ਅਤੇ ਵੱਡੀ ਗਿਣਤੀ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਵੀ ਲਿਆ ਗਿਆ ਹੈ। ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਤਾਇਨਾਤ ਕੀਤੀ ਫੌਜ ਦੀ ਉਲੰਘਣਾ ਕੀਤੀ, ਤਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

ਇਸ 'ਤੇ ਗੈਵਿਨ ਨਿਊਸਮ ਨੇ ਵੀ ਠੋਕ ਕੇ ਜਵਾਬ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਸੰਵਿਧਾਨ ਦੀ 10ਵੀਂ ਸੋਧ ਬਿੱਲ ਦੇ ਖਿਲਾਫ ਹੈ।

ਕੈਲੀਫੋਰਨੀਆ ਦੇ ਕੁੱਝ ਹੋਰ ਆਗੂਆਂ ਨੇ ਵੀ ਟਰੰਪ ਦੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਹੈ ਅਤੇ ਗਵਰਨਰ ਗੈਵਿਨ ਨਿਊਸਮ ਦੇ ਹੱਕ ਵਿਚ ਖੜ੍ਹੇ ਹੋਣ ਦਾ ਐਲਾਨ ਕੀਤਾ ਹੈ। ਲਾਸ ਏਂਜਲਸ ਮੇਅਰ ਕੈਰੇਨ ਬਾਸ ਅਤੇ ਕੈਲੀਫੋਰਨੀਆ ਗਵਰਨਰ ਗੈਵਿਨ ਨਿਊਸਮ ਦਾ ਕਹਿਣਾ ਹੈ ਕਿ ਟਰੰਪ ਵੱਲੋਂ ਲਾਸ ਏਂਜਲਸ ਦੀ ਸਥਿਤੀ ਬਾਰੇ ਜੋ ਦੱਸਿਆ ਗਿਆ, ਉਹ ਸੱਚਾਈ ਤੋਂ ਕੋਹਾਂ ਦੂਰ ਹੈ। ਮੇਅਰ ਕੈਰਨ ਬਾਸ ਨੇ ਕਿਹਾ ਕਿ "ਭੰਨਤੋੜ ਅਤੇ ਲੁੱਟਮਾਰ ਨੂੰ ਰੋਕਣ ਲਈ" ਬੀਤੇ ਦਿਨੀਂ ਡਾਊਨਟਾਊਨ ਖੇਤਰ ਵਿਚ ਕਰਫਿਊ ਲਗਾਇਆ ਗਿਆ ਹੈ। ਬਾਸ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਉਸਨੇ ਇੱਕ ਸਥਾਨਕ ਐਮਰਜੈਂਸੀ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਟਰੰਪ ਫ਼ੌਜੀ ਤਾਇਨਾਤ ਕਰਕੇ ਜਨਤਕ ਸੁਰੱਖਿਆ ਖ਼ਤਰੇ ਵਿਚ ਪਾ ਰਹੇ ਹਨ, ਜਦਕਿ ਪੁਲਿਸ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਮਦਦ ਦੀ ਲੋੜ ਨਹੀਂ ਹੈ। ਗਵਰਨਰ ਨਿਊਸਮ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਸਾਂਝੀ ਕਰ ਕੇ ਟਰੰਪ ਦੇ ਇਸ ਕਦਮ ਨੂੰ ਲਾਪ੍ਰਵਾਹੀ ਵਾਲਾ ਅਤੇ ਸਥਾਨਕ ਬਲਾਂ ਲਈ ਅਪਮਾਨਜਨਕ ਕਰਾਰ ਦਿੱਤਾ। ਹੋਮਲੈਂਡ ਸਕਿਓਰਿਟੀ ਸੈਕਟਰੀ ਕ੍ਰਿਸਟੀ ਨੋਇਮ ਨੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਰੋਕਣ ਲਈ ਹਰ ਹੀਲਾ ਵਰਤਿਆ ਜਾਵੇਗਾ। ਉਨ੍ਹਾਂ ਵੱਲੋਂ ਰਾਸ਼ਟਰਪਤੀ ਟਰੰਪ ਵੱਲੋਂ ਫੌਜ ਤਾਇਨਾਤ ਕਰਨ ਦੀ ਸ਼ਲਾਘਾ ਕੀਤੀ ਗਈ। ਲਾਸ ਏਂਜਲਸ ਵਿਚ ਵਿਰੋਧ ਪ੍ਰਦਰਸ਼ਨ ਸ਼ੁੱਕਰਵਾਰ ਨੂੰ ਉਸ ਸਮੇਂ ਸ਼ੁਰੂ ਹੋਏ, ਜਦੋਂ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਦਿਨ ਸ਼ਹਿਰ ਵਿਚ 40 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।

■ ਬਾਕੀ ਖਬਰ ਸਫਾ 20 'ਤੇ

## ਨਿਊਆਰਕ ਦੇ ਮੇਅਰ ਨੂੰ ਪ੍ਰਦਰਸ਼ਨਕਾਰੀਆਂ ਦੇ ਹੱਕ ਵਿਚ ਭੁਗਤਣ 'ਤੇ ਕੀਤਾ ਗ੍ਰਿਫ਼ਤਾਰ

ਇਸ ਦੌਰਾਨ ਨਿਊਜਰਸੀ ਸਟੇਟ 'ਚ ਨਿਊਆਰਕ ਸ਼ਹਿਰ ਦੇ ਮੇਅਰ ਨੂੰ ਪ੍ਰਦਰਸ਼ਨਕਾਰੀਆਂ ਦੇ ਹੱਕ ਵਿਚ ਭੁਗਤਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਲੋਕਾਂ ਦੇ ਰੋਸ ਨੂੰ ਦੇਖਦਿਆਂ ਹੋਇਆਂ ਬਾਅਦ ਵਿਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਅਤੇ ਅਧਿਕਾਰੀਆਂ ਨੇ ਸੂਬੇ ਵਿਚ ਸੰਘੀ ਫੌਜਾਂ ਦੀ ਨਫ਼ਰੀ ਵਧਾਏ ਜਾਣ ਦਾ ਵਿਰੋਧ ਕੀਤਾ ਹੈ। ਪੁਲਿਸ ਮੁਖੀ ਦਾ ਕਹਿਣਾ ਹੈ ਕਿ ਇਸ ਨਾਲ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਵਿਚ ਮੁਸ਼ਕਲ ਪੈਦਾ ਹੋਵੇਗੀ। ਟਰੰਪ ਨੇ ਪਹਿਲਾਂ 2000 ਜਵਾਨਾਂ ਨੂੰ ਲਾਸ ਏਂਜਲਸ ਭੇਜਣ ਦਾ ਆਦੇਸ਼ ਦਿੱਤਾ ਸੀ। ਇਸ ਵੇਲੇ ਟਰੰਪ ਵੱਲੋਂ ਲਾਸ ਏਂਜਲਸ 'ਚ 4 ਹਜ਼ਾਰ ਨੈਸ਼ਨਲ ਗਾਰਡ ਅਤੇ 700 ਮੈਰੀਨਸ ਤਾਇਨਾਤ ਕੀਤੇ ਗਏ ਹਨ।



ਨਿਊਆਰਕ ਦੇ ਮੇਅਰ ਰਾਸ ਬਰਾਕਾ ਨੂੰ ਗ੍ਰਿਫ਼ਤਾਰ ਕਰਕੇ ਲਿਜਾਂਦੇ ਹੋਏ ਅਧਿਕਾਰੀ।



## ਅਮਰੀਕਾ ਵੀਜ਼ਾ ਬੁਲੇਟਿਨ

# ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਜੁਲਾਈ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਮਾਮੂਲੀ ਜਿਹੀ ਹਿਲਜੁਲ ਦੇਖਣ ਨੂੰ ਮਿਲੀ ਹੈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 15 ਜੁਲਾਈ, 2016 ਦਰਸਾ ਰਹੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਸਤੰਬਰ, 2022 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਵੱਲੋਂ




ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 15 ਅਕਤੂਬਰ, 2016 ਚੱਲ ਰਹੀ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਅਗਸਤ, 2011 ਦਰਸਾ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਜੁਲਾਈ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਜੂਨ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :


F-4 ਕੈਟਾਗਰੀ ਲਈ 1 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 1 ਮਾਰਚ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਸਰੀ 'ਚ ਫਿਰੌਤੀ ਨਾ ਦੇਣ 'ਤੇ ਮੰਦਰ ਕਮੇਟੀ ਪ੍ਰਧਾਨ ਦੇ ਬੈਂਕੁਇਟ ਹਾਲ 'ਤੇ ਹਮਲਾ

**ਵੈਨਕੂਵਰ, (ਗੁਰਮਲਕੀਅਤ ਸਿੰਘ ਕਾਹਲੋਂ/ਪੰਜਾਬ ਮੇਲ)-** ਕੈਨੇਡਾ ਦੇ ਸਰੀ ਵਿਚ ਫਿਰੌਤੀ ਗਰੋਹ ਮੁੜ ਤੋਂ ਸਰਗਰਮ ਹੋ ਗਿਆ ਹੈ। ਬੀਤੇ ਚਾਰ ਦਿਨਾਂ 'ਚ ਸਰੀ ਦੇ ਕਈ ਕਾਰੋਬਾਰੀਆਂ ਨੂੰ ਫਿਰੌਤੀ ਕਾਲਾਂ ਆਈਆਂ ਹਨ, ਪਰ ਇਨ੍ਹਾਂ 'ਚੋਂ ਕਈ ਚੁੱਪ ਰਹਿਣ 'ਚ ਹੀ ਭਲਾਈ ਸਮਝ ਰਹੇ ਹਨ। ਜਾਣਕਾਰੀ ਅਨੁਸਾਰ ਚਾਰ ਕੁ ਦਿਨ ਪਹਿਲਾਂ ਫਿਰੌਤੀ ਗਰੋਹ ਨੇ ਸਰੀ ਸਥਿਤ ਲਕਸ਼ਮੀ ਨਾਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ (73) ਨੂੰ ਇਟਲੀ ਦੇ ਨੰਬਰ ਤੋਂ ਫੋਨ ਕਰਕੇ 20 ਲੱਖ ਡਾਲਰ ਦੀ ਫਿਰੌਤੀ ਮੰਗੀ, ਜਦੋਂ ਉਸ ਨੇ ਫਿਰੌਤੀ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਦੇ ਸਰੀ ਵਿਚਲੇ ਬੈਂਕੁਇਟ ਹਾਲ 'ਤੇ ਗੋਲੀਆਂ ਚਲਾਈਆਂ ਗਈਆਂ। ਘਟਨਾ ਵੇਲੇ ਹਾਲ ਖਾਲੀ ਸੀ, ਜਿਸ ਕਾਰਨ ਕੋਈ ਜ਼ਖ਼ਮੀ ਨਹੀਂ ਹੋਇਆ।

■ ਬਾਕੀ ਖਬਰ ਸਫਾ 20 'ਤੇ

## ਪੀਲ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਦੋਸ਼ ਹੇਠ 6 ਪੰਜਾਬੀਆਂ ਸਣੇ 9 ਗ੍ਰਿਫਤਾਰ



ਨਸ਼ਾ ਤਸਕਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤੇ ਗਏ 9 ਲੋਕ।

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ 500 ਕਿਲੋ ਕੋਕੀਨ ਸਮੇਤ ਛੇ ਪੰਜਾਬੀਆਂ ਨਾਲ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬੀ ਨੌਜਵਾਨ ਬਰੈਂਪਟਨ, ਕੈਲੇਡਨ ਤੇ ਕੈਂਬ੍ਰਿਜ ਦੇ ਵਾਸੀ ਹਨ। ਬਰਾਮਦ ਕੀਤੇ ਨਸ਼ੇ ਦੀ ਬਾਜ਼ਾਰੀ ਕੀਮਤ 5 ਕਰੋੜ ਡਾਲਰ (300 ਕਰੋੜ ਰੁਪਏ) ਹੈ। ਪੀਲ ਪੁਲਿਸ ਨੇ ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ (ਸੀ.ਬੀ.ਐੱਸ.ਏ.) ਅਤੇ ਅਮਰੀਕਾ ਦੇ ਘਰੇਲੂ ਸੁਰੱਖਿਆ ਤੇ ਕਸਟਮ ਵਿਭਾਗ ਦੇ ਸਹਿਯੋਗ ਨਾਲ ਇਹ ਕਾਰਵਾਈ ਕੀਤੀ ਹੈ।

ਜਾਣਕਾਰੀ ਅਨੁਸਾਰ ਇਸ 'ਚੋਂ ਕੁੱਝ ਨਸ਼ਾ ਟਰੱਕਾਂ 'ਚ ਬਣਵਾਏ ਗੁਪਤ ਖਾਨਿਆਂ 'ਚ ਰੱਖਿਆ ਗਿਆ ਸੀ ਤੇ ਕੁਝ ਟੋਰਾਂਟੋ ਵਿਚਲੇ ਤਸਕਰਾਂ ਦੇ ਟਿਕਾਣਿਆਂ ਤੋਂ ਬਰਾਮਦ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਮਿਸੀਸਾਗਾ ਨਿਵਾਸੀ ਹਾਓ ਟਾਮੀ ਹੁਇਨ (27), ਟੋਰਾਂਟੋ ਨਿਵਾਸੀ ਸਜਗਿਥ ਯੋਗੇਂਦਰਰਾਜਾ (31),



- ਮੁਲਜ਼ਮਾਂ ਕੋਲੋਂ 500 ਕਿਲੋ ਕੋਕੀਨ ਬਰਾਮਦ
- ਅਮਰੀਕਾ ਤੋਂ ਟਰੱਕਾਂ-ਟਰਾਲਿਆਂ ਰਾਹੀਂ ਲਿਆਂਦਾ ਜਾ ਰਿਹਾ ਸੀ ਨਸ਼ਾ

■ ਬਾਕੀ ਖਬਰ ਸਫਾ 20 'ਤੇ

NewGen ADVISORY

# TRUCK STOP INVESTMENT

# ਟਰੱਕ ਸਟੌਪ ਦਾ ਮਾਲਕ ਬਨਣ ਦਾ ਸੁਨਹਰੀ ਮੌਕਾ

*Located In Yreka, CA*

**Auction Bidding Starts: June 23 - 25, 2025**

## ਵਾਈਰੇਕਾ, ਕੈਲੀਫੋਰਨੀਆ 'ਚ ਟਰੱਕ ਸਟਾਪ ਦੀ ਨੀਲਾਮੀ 'ਚ ਹਿੱਸਾ ਲੈ ਕੇ ਉਠਾਓ ਫਾਇਦਾ

Scan Here For More Information →



- Six fueling bays
- Eight MPD Mobil gas station
- Two quick service restaurants
- Liquor store
- **High fuel sales:** over 2.6M gallons sold annually
- **Diversified Revenue:** gas station (including C-store sales) generates approximately $6M+ in annual revenue
- **Manager's apartment:** houses six, on-site
- **Extensive truck amenities:** high-capacity parking and DEF pumps
- **Growth potential:** Potential for additional quick service restaurants (QSRs), tire/lube services, or drive-thruenhancements
- Expansive 8,500 SF travel hub + 1,800 SF storage hub



Designed By Punjab Mail USA

Dinesh "Dan" Rama
(C): 602.478.9636
dan.rama@newgenadv.com

Johanna Cuevas
(C): 805.557.8689
jcuevas@newgenadv.com

BOR: Andrew Post | NewGen Advisory CA, Inc. | #1960611

"Sound Mind in the Sound Body" ੧ਓ ਸਤਿਗੁਰ ਪ੍ਰਸਾਦਿ ॥ Health is Wealth

# 15th Children Summer Sports Camp-2025

## 15ਵਾਂ ਬੱਚਿਆਂ ਦਾ ਖੇਡ ਕੈਂਪ-2025

**ਉਦਘਾਟਨ :** 5 ਜੁਲਾਈ 2025, ਦਿਨ ਸ਼ਨਿੱਚਰਵਾਰ

**ਸਮਾਪਤੀ ਸਮਾਰੋਹ :** 24 ਅਗਸਤ 2025, ਦਿਨ ਐਤਵਾਰ

**Wilson Play Fields Kent WA. 13028 SE. 251st. Kent, WA - 98030**

Every Saturday - Sunday 5PM to 7PM

**Free Entry**



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।

ਖੁੱਲ੍ਹਾ ਸੱਦਾ ਹੁੰਮ-ਹੁਮਾ ਕੇ ਪਹੁੰਚੋ

Free Sporst Kits-Refreshment

ਕੋਈ ਫੀਸ ਨਹੀ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ

ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ









Designed By Punjab Mail USA

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।



**ਸਵਾਗਤ ਕਰਤਾ :** *Sikhs of Seattle*

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ**



ਗੁਰਚਰਨ ਸਿੰਘ ਢਿੱਲੋਂ 206-412-1559



ਗੁਰਦੀਪ ਸਿੰਘ ਸਿੱਧੂ 206-697-8155


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Free Entry
17th Annual Women Festival
Only For Ladies
Tiyaan Teej Diyan
ਤੀਆਂ ਤੀਜ ਦੀਆਂ
August 9th, Saturday, 2025
(2.00pm to 6.00 pm)
ਐਲਕ ਗਰੋਵ ਪਾਰਕ ਵਿਚ
9 ਅਗਸਤ 2025
ਦਿਨ ਸ਼ਨੀਵਾਰ
(ਦੁਪਿਹਰ 2.00 ਤੋਂ ਸ਼ਾਮ 6.00 ਵਜੇ ਤੱਕ)
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Team Enter and Information
916-240-6969, 916-753-5933, 916-897-4414
Elk Grove Regional Park, 9950 Elk Grove Florin Rd, Elk Grove CA 95624
Designed By Punjab Mail USA
TV Coverage by
PUNJAB MAIL USA
TV Channel



# VALLEJO TEEYAN MELA 2025

## Sunday July 20th, 2025 from 12-6pm

Hosted By



Asha Sharma

*Only for Ladies and Children*

**At Dan Foley Cultural Center**

(Behind Sutter Solano Hospital)

1498 N Camino Alto, Vallejo, CA 94589

Special Attractions include Mehndi, Indian Clothing and Jewelry Booths.

Organizer



Sunita Verma



Come and enjoy a day filled with entertainment and festiveties, including Punjabi Folk songs and dances, Gidha, Boliyan and much more...

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com

Copyright@Punjab Mail USA



"Let us make your event a dream come true"

TOUCH OF ELEGANCE DECOR
Cristy
510-672-8118

Flamingo
Banquet Hall & Catering

ARIA
FINE DINING, BAR, CATERING & BANQUET HALLS

ANTIOCH
Taphouse & Restaurant

Pardeep - Paul
(510) 325-8433



Catering up to 5000 guest anywhere in California with full services



CHINNA JEWELLERS INC



Inderjit Singh

7454 Stockton Blvd Suite A, Sacramento, CA 95823





D D Sharma
Real Estate Consultant
DRE #01744678
707-365-9385(cell)

Din D Sharma
REAL ESTATE

Specialize in:
Residential, Hotel, Motel, Gas Stations and Liquor Stores etc.

510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com

Residential, Loan Mod, Short Sale & Commercial Real Estate

# ਪੰਜਾਬੀ ਭਾਈਚਾਰੇ ਵੱਲੋਂ ਸੈਨਵਾਕਿਨ ਕਾਊਂਟੀ ਦੇ ਸ਼ੈਰਿਫ ਵਿਭਾਗ ਦੇ ਫਾਲਨ ਆਫਿਸਰ ਮੈਮੋਰੀਅਲ ਯਾਦਗਾਰ ਬਣਾਉਣ ਲਈ ਕੀਤਾ ਗਿਆ ਫੰਡ ਰੇਜ਼ਿੰਗ ਦਾ ਆਯੋਜਨ




ਫੰਡ ਰੇਜ਼ਿੰਗ ਦੌਰਾਨ ਲਈਆਂ ਗਈਆਂ ਕੁੱਝ ਯਾਦਗਾਰੀ ਤਸਵੀਰਾਂ।

# ਅਮਰੀਕੀ ਸਦਨ 'ਚ ਅਰਦਾਸ ਕਰਨ ਲਈ ਸੱਦੇ ਸਿੱਖ ਗ੍ਰੰਥੀ ਨੂੰ ਮੁਸਲਮਾਨ ਸਮਝ ਕੇ ਸੰਸਦ ਮਿਲਰ ਵੱਲੋਂ ਵਿਰੋਧ

## ■ ਚਾਰੇ ਪਾਸਿਉਂ ਨਿੰਦਾ ਹੋਣ 'ਤੇ ਪੋਸਟ ਹਟਾਈ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸੰਸਦ ਮੈਰੀ ਮਿਲਰ ਵੱਲੋਂ ਇਕ ਸਿੱਖ ਗ੍ਰੰਥੀ ਜਿਸ ਨੂੰ ਹਾਲ ਹੀ ਵਿਚ ਕਾਂਗਰਸ ਸਦਨ ਵਿਚ ਅਰਦਾਸ ਕਰਨ ਲਈ ਸੱਦਿਆ ਗਿਆ ਸੀ, ਨੂੰ ਮੁਸਲਮਾਨ ਸਮਝ ਕੇ ਉਸ ਦਾ ਵਿਰੋਧ ਕੀਤਾ ਗਿਆ। ਮੈਰੀ ਮਿਲਰ ਨੇ ਪਾਈ ਇਕ ਪੋਸਟ ਵਿਚ ਲਿਖਿਆ ਕਿ ਅਮਰੀਕੀ ਸੰਸਦ 'ਚ ਇਕ ਮੌਲਵੀ ਦਾ ਕੀ ਕੰਮ ਹੈ, ਮੈਂ ਇਸ ਦੀ ਨਿੰਦਾ ਕਰਦੀ ਹਾਂ। ਇਸ ਪੋਸਟ ਤੋਂ ਬਾਅਦ ਰਿਪਬਲੀਕਨ ਤੇ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਮਿਲਰ ਦੀ ਰੱਜ ਕੇ ਨਿੰਦਾ ਕੀਤੀ, ਜਿਸ ਤੋਂ ਬਾਅਦ ਮਿਲਰ ਨੇ ਪਹਿਲਾਂ ਪੋਸਟ 'ਚ ਮੁਸਲਮਾਨ ਦੀ ਜਗ੍ਹਾ ਸਿੱਖ ਸ਼ਬਦ ਲਿਖ ਦਿੱਤਾ ਤੇ ਬਾਅਦ ਵਿਚ ਪੂਰੀ ਪੋਸਟ ਹਟਾ ਦਿੱਤੀ। ਦੱਖਣੀ ਨਿਊਜਰਸੀ ਤੋਂ ਗਿਆਨੀ ਸਿੰਘ ਗ੍ਰੰਥੀ ਨੂੰ ਸਦਨ ਦੇ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਅਰਦਾਸ ਕਰਨ ਵਾਸਤੇ ਸੱਦਿਆ ਗਿਆ ਸੀ। ਅਰਦਾਸ ਤੋਂ ਬਾਅਦ ਮਿਲਰ ਨੇ ਐਕਸ ਉਪਰ ਲਿੱਖਿਆ "ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਅੱਜ ਸਵੇਰੇ ਇਕ ਮੁਸਲਮਾਨ ਨੂੰ ਪ੍ਰਤੀਨਿੱਧ ਸਦਨ ਵਿਚ ਪ੍ਰਾਰਥਨਾ ਕਰਨ ਦੀ ਇਜਾਜ਼ਤ ਦਿੱਤੀ ਗਈ।" ਮਿਲਰ ਦੇ ਦਫਤਰ ਨੇ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਪ੍ਰਤੀਨਿੱਧ ਜੈਫ ਵੈਨ ਡਰੀਉ ਜਿਸ ਨੇ ਗਿਆਨੀ ਸਿੰਘ ਨੂੰ ਅਰਦਾਸ ਲਈ ਸੱਦਿਆ ਸੀ, ਨੇ ਮਿਲਰ ਦੀ ਪੋਸਟ ਦਾ ਜ਼ਬਰਦਸਤ ਵਿਰੋਧ ਕਰਦੇ ਹੋਏ ਕਿਹਾ ਕਿ ਇਕ ਕੈਥੋਲਿਕ ਹੋਣ ਵਜੋਂ ਮੈਂ ਆਪਣੇ ਵਿਸ਼ਵਾਸ ਨੂੰ ਗੰਭੀਰਤਾ ਨਾਲ ਲੈਂਦਾ ਹਾਂ ਪਰੰਤੂ ਇਕ ਅਮਰੀਕੀ ਨਾਗਰਿਕ ਹੋਣ ਦੇ ਨਾਤੇ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦਾ ਹਾਂ।



ਗਿਆਨੀ ਸਿੰਘ।

# ਕੈਲੀਫੋਰਨੀਆ 'ਚ ਝੜਪਾਂ ਤੇ ਤਨਾਅ ਦਰਮਿਆਨ ਨੌਂ ਸੈਨਿਕ ਭੇਜਣ ਦੀ ਤਿਆਰੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਲਾਸ ਏਂਜਲਸ 'ਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਨੂੰ ਲੈ ਕੇ ਤਨਾਅ ਤੇ ਝੜਪਾਂ ਦਰਮਿਆਨ ਸੰਘੀ ਅਧਿਕਾਰੀਆਂ ਵੱਲੋਂ 700 ਨੌਂ ਸੈਨਿਕ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜੋ ਸ਼ਾਂਤੀ ਕਾਇਮ ਕਰਨ ਲਈ ਨੈਸ਼ਨਲ ਗਾਰਡਾਂ ਦੀ ਮਦਦ ਕਰਨਗੇ। ਦੂਸਰੇ ਪਾਸੇ ਰਾਜ ਦੇ ਅਧਿਕਾਰੀਆਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਗਵਰਨਰ ਗੈਵਿਨ ਨਿਊਸਮ ਦੀ ਅਥਾਰਿਟੀ ਨੂੰ ਕੁਚਲ ਦਿੱਤਾ ਗਿਆ ਹੈ, ਜਿਸ ਨੂੰ ਉਹ ਅਦਾਲਤ ਵਿਚ ਚੁਣੌਤੀ ਦੇਣਗੇ। ਨਿਊਸਮ ਨੇ ਨੌਂ ਸੈਨਿਕ ਭੇਜਣ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ "ਅਮਰੀਕੀ ਨੌਂ ਸੈਨਿਕਾਂ ਨੇ ਲੋਕਤੰਤਰ ਦੀ ਰਾਖੀ ਲਈ ਬਹੁਤ ਵਾਰ ਲੜਾਈਆਂ ਲੜੀਆਂ ਹਨ, ਉਹ ਸਾਡੇ ਹੀਰੋ ਹਨ, ਉਨ੍ਹਾਂ ਨੂੰ ਆਪਣੇ ਦੇਸ਼ ਦੀ ਧਰਤੀ ਉਪਰ ਤਾਇਨਾਤ ਨਾ ਕੀਤਾ ਜਾਵੇ, ਜਿਥੇ ਉਨ੍ਹਾਂ ਨੂੰ ਇਕ ਉਲਝੇ ਹੋਏ ਤਾਨਾਸ਼ਾਹ ਰਾਸ਼ਟਰਪਤੀ ਦੀ ਇੱਛਾ ਪੂਰੀ ਕਰਨ ਲਈ ਆਪਣੇ ਹੀ ਦੇਸ਼ ਦੇ ਨਾਗਰਿਕਾਂ ਨਾਲ ਲੜਨਾ ਪਵੇਗਾ। ਰੱਖਿਆ ਸਕੱਤਰ ਪੇਟੇ ਹੈਗਸੇਠ ਨੇ ਕਿਹਾ ਹੈ ਕਿ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਤੇ ਸੰਘੀ ਇਮਾਰਤਾਂ ਨੂੰ ਵਧੇ ਖਤਰੇ ਦੇ ਮੱਦੇਨਜ਼ਰ 700 ਦੇ ਕਰੀਬ ਨੌਂ ਸੈਨਿਕ ਲਾਸ ਏਂਜਲਸ 'ਚ ਤਾਇਨਾਤ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਲਾਅ ਇਨਫੋਰਸਮੈਂਟ ਅਫਸਰਾਂ ਦੀ ਸਹਾਇਤਾ ਕਰਨਾ ਸਾਡੀ ਜ਼ਿੰਮੇਵਾਰੀ ਹੈ ਪਰੰਤੂ ਗੈਵਿਨ ਨਿਊਸਮ ਅਜਿਹਾ ਨਹੀਂ ਚਾਹੁੰਦੇ। "ਇਸੇ ਦੌਰਾਨ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿੱਖਿਆ ਹੈ, "ਲਾਸ ਏਂਜਲਸ ਨੂੰ ਪ੍ਰਵਾਸੀਆਂ ਦੇ ਹਮਲੇ ਤੋਂ ਆਜ਼ਾਦ ਕਰਵਾਓ ਤੇ ਪ੍ਰਵਾਸੀਆਂ ਦੇ ਦੰਗਿਆਂ ਨੂੰ ਰੋਕੋ। ਕਾਨੂੰਨ ਵਿਵਸਥਾ ਬਹਾਲ ਕਰ ਦਿੱਤੀ ਜਾਵੇਗੀ ਤੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ ਤੇ ਲਾਸ ਏਂਜਲਸ ਆਜ਼ਾਦ ਹੋ ਜਾਵੇਗਾ।"

# ਅਮਰੀਕਾ 'ਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਭਾਰਤੀ ਨੇ ਫਰਜ਼ੀ ਵਿਆਹ ਕਰਵਾਉਣ ਦਾ ਦੋਸ਼ ਕਬੂਲਿਆ

## ■ ਹੋ ਸਕਦੀ ਹੈ ਵਤਨ ਵਾਪਸੀ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪੱਛਮੀ ਵਰਜੀਨੀਆ ਦੇ ਰੌਂਸਵਰਟ ਸ਼ਹਿਰ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਇਕ ਭਾਰਤੀ ਨੇ ਮੰਨਿਆ ਹੈ ਕਿ ਉਸ ਨੇ ਅਮਰੀਕਾ ਵਿਚ ਟਿਕੇ ਰਹਿਣ ਲਈ ਫਰਜ਼ੀ ਵਿਆਹ ਕਰਵਾਇਆ ਸੀ। 29 ਸਾਲਾ ਅਕਾਸ਼ ਪ੍ਰਕਾਸ਼ ਮਕਵਾਨਾ ਨੂੰ ਸਜ਼ਾ 26 ਸਤੰਬਰ 2025 ਨੂੰ ਸੁਣਾਈ ਜਾਵੇਗੀ। ਉਸ ਨੂੰ ਕੈਦ ਤੇ ਜੁਰਮਾਨੇ ਤੋਂ ਇਲਾਵਾ ਦੇਸ਼ ਨਿਕਾਲੇ ਦੀ ਸਜ਼ਾ ਹੋ ਸਕਦੀ ਹੈ। ਮਕਵਾਨਾ ਜੇ-1 ਵੀਜ਼ੇ 'ਤੇ ਨਵੰਬਰ 2019 ਵਿਚ ਅਮਰੀਕਾ ਆਇਆ ਸੀ ਤੇ ਉਸ ਦਾ ਵੀਜ਼ਾ 2020 'ਚ ਖਤਮ ਹੋ ਗਿਆ ਸੀ ਪਰ ਉਹ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਹੀ ਟਿਕਿਆ ਰਿਹਾ।

ਅਗਸਤ 2021 'ਚ ਮਕਵਾਨਾ ਨੇ ਗਰੀਨ ਕਾਰਡ ਲੈਣ ਦੇ ਮਕਸਦ ਨਾਲ ਇਕ ਅਮਰੀਕਨ ਨਾਗਰਿਕ ਔਰਤ ਨਾਲ ਫਰਜ਼ੀ ਵਿਆਹ ਕਰਵਾਇਆ ਤੇ ਇਸ ਬਦਲੇ ਉਸ ਨੇ ਔਰਤ ਨੂੰ 10 ਹਜ਼ਾਰ ਡਾਲਰ ਦੇਣ ਦਾ ਵਾਅਦਾ ਕੀਤਾ। ਦੋਵਾਂ ਨੇ 3 ਸਤੰਬਰ 2021 ਨੂੰ ਵਿਆਹ ਕਰਵਾਇਆ। ਜਦੋਂ ਫਰਜ਼ੀ ਵਿਆਹ ਦੀ ਯੋਜਨਾ ਕੰਮ ਨਾ ਆਈ, ਤਾਂ ਉਸ ਨੇ ਯੂ.ਐੱਸ. ਇਮੀਗ੍ਰੇਸ਼ਨ ਵਿਭਾਗ ਵਿਚ ਇਕ ਪਟੀਸ਼ਨ ਦਾਇਰ ਕੀਤੀ, ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਉਸ ਦੀ ਅਮਰੀਕੀ ਨਾਗਰਿਕ ਪਤਨੀ ਨੇ ਉਸ ਨਾਲ ਧੋਖਾ ਕੀਤਾ ਹੈ ਪਰ ਮਕਵਾਨਾ ਆਪਣਾ ਦਾਅਵਾ ਸਾਬਤ ਕਰਨ ਵਿਚ ਨਾਕਾਮ ਰਿਹਾ ਤੇ ਉਸ ਨੇ ਮੰਨਿਆ ਕਿ ਉਸ ਨੇ ਝੂਠ ਬੋਲਿਆ ਹੈ। ਇਸ ਮਾਮਲੇ ਵਿਚ ਸ਼ਾਮਲ ਫੇਅਰਬਰੀ, ਇਲੀਨੋਇਸ ਵਾਸੀ ਅਮਰੀਕੀ ਨਾਗਰਿਕ 28 ਸਾਲਾ ਔਰਤ ਕੈਲੀ ਐਨ ਹਫ ਤੇ ਉਸ ਦੇ ਦਿਓਰ ਜੋਸਫ ਸਾਂਚੇਜ਼ (33) ਨੂੰ ਵੀ ਸਜ਼ਾ ਸੁਣਾਈ ਜਾਵੇਗੀ।

# ਅਮਰੀਕੀ ਕੋਰਟ ਵੱਲੋਂ ਟਰੰਪ ਦੇ ਹਾਰਵਰਡ ਯੂਨੀਵਰਸਿਟੀ ਸਬੰਧੀ ਹੁਕਮਾਂ 'ਤੇ ਅਸਥਾਈ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)-** ਇੱਕ ਸੰਘੀ ਜੱਜ ਨੇ ਵੀਰਵਾਰ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਐਲਾਨ 'ਤੇ ਅਸਥਾਈ ਤੌਰ 'ਤੇ ਰੋਕ ਲਾ ਦਿੱਤੀ ਹੈ, ਜਿਸ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਹਾਰਵਰਡ ਯੂਨੀਵਰਸਿਟੀ ਵਿਚ ਜਾਣ ਲਈ ਅਮਰੀਕਾ ਵਿਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਗਈ ਸੀ।

ਜ਼ਿਕਰਯੋਗ ਹੈ ਕਿ 'ਆਈ.ਵੀ. ਲੀਗ' ਹਾਰਵਰਡ ਯੂਨੀਵਰਸਿਟੀ ਸਮੇਤ ਅਮਰੀਕਾ ਦੇ ਅੱਠ ਪ੍ਰਸਿੱਧ ਨਿੱਜੀ ਵਿੱਦਿਅਕ ਸਥਾਨਾਂ ਦਾ ਸਮੂਹ ਹੈ। ਟਰੰਪ ਨੇ ਜਾਰੀ ਕੀਤੇ ਗਏ ਇਕ ਐਗਜ਼ਿਕਿਊਟਿਵ ਆਰਡਰ (ਸ਼ਾਸਕੀ ਹੁਕਮ) ਵਿਚ ਐਲਾਨ ਕੀਤਾ ਸੀ ਕਿ ਹਾਰਵਰਡ ਨੂੰ ਮੈਸਾਚੂਸੇਟਸ ਦੇ ਕੈਮਬ੍ਰਿਜ਼ ਸਥਿਤ ਆਪਣੇ ਕੈਂਪਸ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਇਜਾਜ਼ਤ ਦੇਣਾ ਕੌਮੀ ਸੁਰੱਖਿਆ ਲਈ ਖ਼ਤਰਾ ਹੋਵੇਗਾ।

ਇਸ ਉਪਰੰਤ ਹਾਰਵਰਡ ਨੇ ਇੱਕ ਕਾਨੂੰਨੀ ਚੁਣੌਤੀ ਦਾਇਰ ਕਰਦਿਆਂ ਟਰੰਪ ਦੇ ਹੁਕਮ ਨੂੰ ਰੋਕਣ ਦੀ ਮੰਗ ਕੀਤੀ ਗਈ ਸੀ। ਇਸ ਵਿਚ ਹਾਰਵਰਡ ਵੱਲੋਂ ਵ੍ਹਾਈਟ ਹਾਊਸ ਦੀਆਂ ਮੰਗਾਂ ਨੂੰ ਰੱਦ ਕਰਨ ਲਈ ਗੈਰ-ਕਾਨੂੰਨੀ ਬਦਲਾ ਲੈਣ ਦਾ ਦੋਸ਼ ਲਗਾਇਆ ਗਿਆ ਸੀ। ਵੀਰਵਾਰ ਨੂੰ ਦਾਇਰ ਕੀਤੇ ਗਏ ਇੱਕ ਸੋਧੇ ਹੋਏ ਮੁਕੱਦਮੇ ਵਿਚ ਹਾਰਵਰਡ ਨੇ ਕਿਹਾ ਕਿ ਰਾਸ਼ਟਰਪਤੀ ਪਿਛਲੇ ਅਦਾਲਤੀ ਹੁਕਮਾਂ ਦੇ ਆਲੇ-ਦੁਆਲੇ ਘੁੰਮਣ ਦੀ ਕੋਸ਼ਿਸ਼ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਰਵਰਡ ਯੂਨੀਵਰਸਿਟੀ 'ਚ ਤਬਾਦਲਾ ਪ੍ਰੋਗਰਾਮ ਤਹਿਤ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਤੇ 6 ਮਹੀਨਿਆਂ ਲਈ ਰੋਕ ਲਾਈ ਸੀ। ਇਹ ਕਦਮ ਉਨ੍ਹਾਂ ਵੱਲੋਂ 'ਆਈਵੀ ਲੀਗ ਸਕੂਲ' ਤੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਦੂਰ ਰੱਖਣ ਦੀ ਇਕ ਨਵੀਂ ਕੋਸ਼ਿਸ਼ ਹੈ।



# ਚੀਨੀ ਅਰਬਪਤੀ ਕਰ ਰਹੇ ਲਾਸ ਏਂਜਲਸ ਦੰਗਿਆਂ ਲਈ ਫੰਡਿੰਗ? ਨੇਵਿਲ ਸਿੰਘਮ ਦੇ ਪੀ.ਐੱਸ.ਐੱਲ. ਸਬੰਧੀ ਖੁੱਲ੍ਹੇ ਰਾਜ਼

**ਵਾਸ਼ਿੰਗਟਨ, (ਪੰਜਾਬ ਮੇਲ)-** ਲਾਸ ਏਂਜਲਸ 'ਚ ਟਰੰਪ ਪ੍ਰਸ਼ਾਸਨ ਦੇ ਆਈ.ਸੀ.ਈ. ਬਿੱਲ ਵਿਰੋਧੀ ਦੰਗਿਆਂ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਲਾਸ ਏਂਜਲਸ 'ਚ ਆਈ.ਸੀ.ਈ. ਵਿਰੋਧੀ ਪ੍ਰਦਰਸ਼ਨਾਂ ਦੀ ਅਗਵਾਈ ਕਰਨ ਵਾਲੇ ਸਮੂਹਾਂ ਵਿਚੋਂ ਇੱਕ ਟੈਕਸਦਾਤਾ-ਫੰਡ ਪ੍ਰਾਪਤ ਕਾਰਕੁਨ ਸੰਗਠਨ ਹੈ, ਜਿਸਦਾ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧ ਹੈ, ਜਦੋਂ ਕਿ ਇੱਕ ਹੋਰ ਚੀਨੀ ਕਮਿਊਨਿਸਟ ਪਾਰਟੀ ਨਾਲ ਸਬੰਧ ਰੱਖਦਾ ਹੈ।

ਇੱਕ ਜਾਂਚ ਵਿਚ ਦਾਅਵਾ ਕੀਤਾ ਗਿਆ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਨਾਲ ਜੁੜੇ ਅਰਬਪਤੀ ਨੇਵਿਲ ਸਿੰਘਮ ਪਾਰਟੀ ਫਾਰ ਸੋਸ਼ਲਿਜ਼ਮ ਐਂਡ ਲਿਬਰੇਸ਼ਨ (ਪੀ.ਐੱਸ.ਐੱਲ.) ਨੂੰ ਫੰਡ ਦਿੰਦੇ ਹਨ, ਜਿਸਨੇ ਆਈ.ਸੀ.ਈ. ਵਿਰੋਧੀ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ ਤੇ ਇਸ ਦੌਰਾਨ ਪੈਂਟਾਗਨ ਨੂੰ 700 ਮਰੀਨ ਲਾਸ ਏਂਜਲਸ 'ਚ ਤਾਇਨਾਤ ਕਰਨ ਲਈ ਮਜਬੂਰ ਹੋਣਾ ਪਿਆ। ਸਿੰਘਮ, ਜੋ ਸ਼ੰਘਾਈ ਵਿਚ ਰਹਿੰਦਾ ਹੈ ਅਤੇ ਬੀਜਿੰਗ ਪੱਖੀ ਮੀਡੀਆ ਨੂੰ ਫੰਡ ਦਿੰਦਾ ਹੈ, ਨੇ ਪੀਪਲਜ਼ ਫੋਰਮ ਵਰਗੇ ਸੰਗਠਨਾਂ ਰਾਹੀਂ ਪੀ.ਐੱਸ.ਐੱਲ. ਨਾਲ ਸਬੰਧਤ ਸਮੂਹਾਂ ਨੂੰ $20 ਮਿਲੀਅਨ ਤੋਂ ਵੱਧ ਦਾਨ ਕੀਤਾ।

# ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਵੱਲੋਂ ਐਪਲ ਸਟੋਰ 'ਤੇ ਲੁੱਟ!

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਵਿਰੁੱਧ ਲਾਸ ਏਂਜਲਸ 'ਚ ਵਿਰੋਧ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਤਹਿਤ ਬੀਤੇ ਦਿਨੀਂ ਲਾਸ ਏਂਜਲਸ ਵਿਚ ਇੱਕ ਪ੍ਰਦਰਸ਼ਨ ਦੌਰਾਨ ਹਿੰਸਾ ਭੜਕ ਗਈ, ਜਿਸ ਵਿਚ ਪ੍ਰਦਰਸ਼ਨਕਾਰੀਆਂ ਨੇ ਐਪਲ ਸਟੋਰ ਅਤੇ ਜੌਰਡਨ ਫਲੈਗਸ਼ਿਪ ਸਟੋਰ ਸਮੇਤ ਕਈ ਸਟੋਰਾਂ ਨੂੰ ਲੁੱਟ ਲਿਆ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਰਿਪੋਰਟਾਂ ਅਨੁਸਾਰ, ਜਦੋਂ ਲੁਟੇਰੇ ਐਪਲ ਸਟੋਰ ਦੇ ਅੰਦਰ ਸਨ, ਤਾਂ ਪੁਲਿਸ ਉੱਥੇ ਪਹੁੰਚ ਗਈ। ਇਸ ਤੋਂ ਬਾਅਦ ਬਹੁਤ ਸਾਰੇ ਲੁਟੇਰੇ ਸਟੋਰ ਦੇ ਅੰਦਰ ਫਸ ਗਏ। ਸਥਾਨਕ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਰਿਪੋਰਟਾਂ ਅਨੁਸਾਰ, ਬੀਤੇ ਦਿਨੀਂ ਪ੍ਰਦਰਸ਼ਨਕਾਰੀਆਂ ਨੇ ਡਾਊਨਟਾਊਨ ਲਾਸ ਏਂਜਲਸ ਵਿਚ ਇੱਕ ਐਪਲ ਸਟੋਰ 'ਤੇ ਹਮਲਾ ਕੀਤਾ। ਇੱਕ ਵਾਇਰਲ ਵੀਡੀਓ ਵਿਚ ਕਾਲੇ ਹੂਡੀ ਅਤੇ ਮਾਸਕ ਪਹਿਨੇ ਕਈ ਲੋਕਾਂ ਨੂੰ ਸਟੋਰ ਵਿਚ ਭੰਨਤੋੜ ਕਰਦੇ ਦੇਖਿਆ ਜਾ ਸਕਦਾ ਹੈ। ਵੀਡੀਓ ਵਿਚ ਇੱਕ ਵਿਅਕਤੀ ਐਪਲ ਸਟੋਰ ਤੋਂ ਚੀਜ਼ਾਂ ਚੁੱਕਦਾ ਅਤੇ ਉਨ੍ਹਾਂ ਨੂੰ ਸ਼ੀਸ਼ੇ 'ਤੇ ਮਾਰਦਾ ਦਿਖਾਈ ਦੇ ਰਿਹਾ ਹੈ। ਇਸ ਦੌਰਾਨ ਪੁਲਿਸ ਦੇ ਸਾਇਰਨ ਅਤੇ ਗੋਲੀਬਾਰੀ ਦੀਆਂ ਆਵਾਜ਼ਾਂ ਵੀ ਸੁਣਾਈ ਦਿੱਤੀਆਂ।

ਕੈਲੀਫੋਰਨੀਆ ਵਿਚ ਇਮੀਗ੍ਰੇਸ਼ਨ ਅਤੇ ਕਸਟਮ ਨੀਤੀਆਂ ਖਿਲਾਫ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਟਰੰਪ ਪ੍ਰਸ਼ਾਸਨ ਨੇ ਨੈਸ਼ਨਲ ਗਾਰਡ ਫੌਜਾਂ ਨੂੰ ਲਾਸ ਏਂਜਲਸ ਭੇਜਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ 'ਚ ਪੰਜਾਬੀ ਮੁੰਡੇ ਦਾ ਗੋਲ਼ੀਆਂ ਮਾਰ ਕੇ ਕਤਲ



**ਐਡਮਿੰਟਨ (ਪੰਜਾਬ ਮੇਲ)-** ਕੈਨੇਡਾ 'ਚ ਅਣਪਛਾਤੇ ਵਿਅਕਤੀਆਂ ਵੱਲੋਂ ਪੰਜਾਬੀ ਨੌਜਵਾਨ ਦਾ ਗੋਲ਼ੀਆਂ ਮਾਰ ਕੇ ਕਤਲ ਕਰਨ ਦਾ ਦੁਖਦ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ ਇੰਦਰਪਾਲ ਸਿੰਘ (41) ਵਜੋਂ ਹੋਈ ਹੈ ਅਤੇ ਉਹ ਲੁਧਿਆਣਾ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਜੰਡ ਨਾਲ ਸੰਬੰਧਤ ਸੀ। ਮ੍ਰਿਤਕ ਦੇ ਤਾਏ ਦੇ ਲੜਕੇ ਭਰਪੂਰ ਸਿੰਘ ਨੇ ਦੱਸਿਆ ਕਿ ਇੰਦਰਪਾਲ ਸਿੰਘ ਬਾਂਸਲ ਪੁੱਤਰ ਗੁਰਮੇਲ ਸਿੰਘ ਦੋ ਭੈਣਾਂ ਦਾ ਭਰਾ ਸੀ। 2022 'ਚ ਉਹ ਕੈਨੇਡਾ ਗਿਆ ਸੀ। ਇੰਦਰਪਾਲ ਐਡਮਿੰਟਨ ਵਿਖੇ ਕਿਸੇ ਕੰਪਨੀ ਦੀ ਟੈਕਸੀ ਚਲਾਉਂਦਾ ਸੀ। ਬੀਤੇ ਦਿਨੀਂ ਇੰਦਰਪਾਲ ਟੈਕਸੀ 'ਤੇ ਘਰ ਨੂੰ ਆ ਰਿਹਾ ਸੀ, ਤਾਂ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਗੋਲ਼ੀਆਂ ਮਾਰ ਕੇ ਮਾਰ ਦਿੱਤਾ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡੋਨਾਲਡ ਟਰੰਪ ਤੇ ਮਸਕ ਵਿਚਕਾਰ ਤਿੱਖੀ ਬਹਿਸ

- ਅਮਰੀਕੀ ਰਾਸ਼ਟਰਪਤੀ ਨੇ ਕਿਹਾ; ਉਹ ਪਾਗਲ ਹੋ ਚੁੱਕੇ
- ਵੱਖਰੀ ਪਾਰਟੀ ਬਣਾ ਸਕਦੇ ਨੇ ਐਲਨ ਮਸਕ!



ਵਾਸ਼ਿੰਗਟਨ, (ਪੰਜਾਬ ਮੇਲ)- ਐਲਨ ਮਸਕ, ਟਰੰਪ ਸਰਕਾਰ ਵਿਚ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੀਐਂਸੀ (ਡੋਜ਼) ਨੂੰ ਹੈਂਡ ਕਰ ਰਹੇ ਸਨ, ਉਨ੍ਹਾਂ ਨੇ 28 ਮਈ ਨੂੰ ਅਹੁਦਾ ਛੱਡ ਦਿੱਤਾ ਸੀ। ਅਮਰੀਕਾ ਵਿਚ ਡੋਨਾਲਡ ਟਰੰਪ ਦੀ ਸਰਕਾਰ ਤੋਂ ਹਟਦਿਆਂ ਹੀ ਐਲਨ ਮਸਕ ਖੁੱਲ੍ਹ ਕੇ ਉਨ੍ਹਾਂ ਦਾ ਵਿਰੋਧ ਕਰ ਰਹੇ ਹਨ। ਵੀਰਵਾਰ ਰਾਤ ਨੂੰ ਮਸਕ ਅਤੇ ਟਰੰਪ ਵਿਚਕਾਰ ਗਰਮਾ-ਗਰਮ ਬਹਿਸ ਹੋਈ। ਬਹਿਸ ਇੰਨੀ ਵਧ ਗਈ ਕਿ ਮਸਕ ਨੇ ਟਰੰਪ ਨੂੰ ਅਹੁਦੇ ਤੋਂ ਹਟਾਉਣ ਦੀ ਗੱਲ ਕੀਤੀ। ਮਸਕ ਨੇ ਕਿਹਾ ਕਿ ਉਨ੍ਹਾਂ ਦੀ ਮਦਦ ਤੋਂ ਬਿਨਾਂ ਟਰੰਪ ਚੋਣਾਂ ਨਹੀਂ ਜਿੱਤ ਸਕਦੇ ਸਨ।

ਟਰੰਪ ਦੇ 'ਬਿੱਗ ਬਿਊਟੀਫੁੱਲ ਬਿੱਲ' ਨੂੰ ਫਿਜ਼ੂਲਖਰਚੀ ਦੱਸਦੇ ਹੋਏ, ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਥਾਂ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਰਾਸ਼ਟਰਪਤੀ ਬਣਾਇਆ ਜਾਣਾ ਚਾਹੀਦਾ ਹੈ। ਐਲਨ ਮਸਕ ਦੇ ਹਮਲਿਆਂ ਤੋਂ ਨਾਰਾਜ਼ ਟਰੰਪ ਨੇ ਕਿਹਾ ਕਿ ਮਸਕ ਪਹਿਲਾਂ ਇਸ ਬਿੱਲ 'ਤੇ ਖਾਮੋਸ਼ ਰਹੇ ਅਤੇ ਸਰਕਾਰ ਤੋਂ ਹਟਦਿਆਂ ਹੀ ਪਲਟ ਗਏ। ਉਹ ਪਾਗਲ ਹੋ ਚੁੱਕੇ ਹਨ।

ਉਨ੍ਹਾਂ ਨੇ ਮਸਕ ਦੀਆਂ ਕੰਪਨੀਆਂ ਦੇ ਸਰਕਾਰੀ ਠੇਕੇ ਅਤੇ ਸਬਸਿਡੀ ਖਤਮ ਕਰਨ ਦੀ ਧਮਕੀ ਵੀ ਦਿੱਤੀ। ਟਰੰਪ ਨੇ ਕਿਹਾ ਕਿ ਮੈਨੂੰ ਹਮੇਸ਼ਾ ਤੋਂ ਐਲਨ ਪਸੰਦ ਰਹੇ ਹਨ। ਤੁਸੀਂ ਦੇਖਿਆ ਹੋਵੇਗਾ ਕਿ ਉਨ੍ਹਾਂ ਨੇ ਮੇਰੇ ਲਈ ਕੀ ਕਿਹਾ, ਉਨ੍ਹਾਂ ਨੇ ਮੇਰੇ ਬਾਰੇ ਕੁਝ ਵੀ ਬੁਰਾ ਨਹੀਂ ਕਿਹਾ ਹੈ। ਮੈਂ ਚਾਹਾਂਗਾ ਕਿ ਉਹ ਬਿੱਲ ਦੀ ਥਾਂ ਮੇਰੀ ਆਲੋਚਨਾ ਕਰਨ ਕਿਉਂਕਿ ਬਿੱਲ ਸ਼ਾਨਦਾਰ ਹੈ। ਇਹ ਸਾਡੇ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਕਟੌਤੀ ਹੈ।

ਐਲਨ ਮਸਕ, ਟੈਸਲਾ ਅਤੇ ਸਪੇਸਐਕਸ ਦੇ ਮੁਖੀ, ਅਮਰੀਕੀ ਰਣਨੀਤੀ ਵਿਚ ਸਰਗਰਮ ਕਿਰਦਾਰ ਨਿਭਾਉਣ ਵੱਲ ਅੱਗੇ ਵਧੇ ਹਨ। ਇਸ ਦਰਮਿਆਨ ਮਸਕ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਕ ਸਰਵੇਖਣ ਕੀਤਾ, ਜਿਸ ਵਿਚ ਉਨ੍ਹਾਂ ਨੇ ਪੁੱਛਿਆ ਕਿ ਕੀ ਅਮਰੀਕਾ ਨੂੰ ਇਕ ਨਵੀਂ ਸਿਆਸੀ ਪਾਰਟੀ ਦੀ ਲੋੜ ਹੈ, ਜੋ ਦੇਸ਼ ਦੇ 80 ਫੀਸਦੀ ਮੱਧ ਵਰਗੀ ਲੋਕਾਂ ਦੀ ਅਗਵਾਈ ਕਰੇ। 5 ਲੱਖ ਤੋਂ ਜ਼ਿਆਦਾ ਲੋਕਾਂ ਨੇ ਇਸ ਵਿਚ ਭਾਗ ਲਿਆ, ਜਿਨ੍ਹਾਂ ਵਿਚੋਂ 83 ਫੀਸਦੀ ਨੇ 'ਹਾਂ' ਵਿਚ ਜਵਾਬ ਦਿੱਤਾ। ਇਹ ਕਦਮ ਰਿਪਬਲਿਕਨ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਮਸਕ ਨੇ ਪਹਿਲਾਂ ਟਰੰਪ ਦੀ ਚੋਣ ਮੁਹਿੰਮ ਦਾ ਸਮਰਥਨ ਕੀਤਾ ਸੀ। ਮਸਕ ਦਾ ਇਹ ਕਦਮ ਦੇਸ਼ ਦੀ ਸਿਆਸਤ ਵਿਚ ਇਕ ਮਹੱਤਵਪੂਰਨ ਬਦਲਾਅ ਲਿਆ ਸਕਦਾ ਹੈ।

ਐਲਨ ਮਸਕ ਨੇ ਇਕ ਪੋਸਟ ਵਿਚ ਲਿਖਿਆ ਕਿ ਟਰੰਪ ਟੈਰਿਫ ਇਸ ਸਾਲ ਦੀ ਦੂਸਰੀ ਛਿਮਾਹੀ ਵਿਚ ਮੰਦੀ ਦਾ ਕਾਰਨ ਬਣੇਗਾ। ਦੂਜੇ ਪਾਸੇ ਇਸ ਤੋਂ ਪਹਿਲਾਂ ਐਲਨ ਮਸਕ ਨੇ ਅਮਰੀਕਾ ਅਤੇ ਯੂਰਪੀ ਸੰਘ ਵਿਚਾਲੇ 'ਜ਼ੀਰੋ ਟੈਰਿਫ' ਰੱਖਣ ਲਈ ਕਿਹਾ ਸੀ, ਜਿਸ ਤੋਂ ਮੁਕਤ ਵਪਾਰ ਖੇਤਰ ਨੂੰ ਬੜ੍ਹਾਵਾ ਮਿਲੇ। ਇਹ ਗੱਲ ਉਨ੍ਹਾਂ ਨੇ ਠੀਕ ਉਸੇ ਸਮੇਂ ਕੀਤੀ, ਜਦੋਂ ਟਰੰਪ ਨੇ ਯੂਰਪ 'ਤੇ ਟੈਰਿਫ ਵਧਾਉਣ ਦੀ ਪਹਿਲ ਕੀਤੀ ਸੀ।

# ਰੂਸ ਵਿਰੁੱਧ ਨਵੀਆਂ ਪਾਬੰਦੀਆਂ ਬਾਰੇ ਫੈਸਲਾ ਲੈਣਗੇ ਟਰੰਪ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਰੂਸ ਵਿਰੁੱਧ ਨਵੀਆਂ ਪਾਬੰਦੀਆਂ ਬਾਰੇ ਸੈਨੇਟ ਦੇ ਬਿੱਲ ਨੂੰ 'ਬਹੁਤ ਮਜ਼ਬੂਤ' ਮੰਨਦੇ ਹਨ, ਪਰ ਉਹ ਨਿੱਜੀ ਤੌਰ 'ਤੇ ਫੈਸਲਾ ਲੈਣਗੇ ਕਿ ਨਵੀਆਂ ਪਾਬੰਦੀਆਂ ਲਗਾਉਣੀਆਂ ਹਨ ਜਾਂ ਨਹੀਂ। ਰਾਸ਼ਟਰਪਤੀ ਟਰੰਪ ਨੇ ਵ੍ਹਾਈਟ ਹਾਊਸ ਪ੍ਰੈੱਸ ਪੂਲ ਵਿਚ ਪੱਤਰਕਾਰਾਂ ਨੂੰ ਕਿਹਾ, "ਉਨ੍ਹਾਂ ਕੋਲ ਬਿੱਲ ਹੈ, ਇਹ ਮੇਰੇ 'ਤੇ ਨਿਰਭਰ ਕਰੇਗਾ। ਇਹ ਮੇਰਾ ਵਿਕਲਪ ਹੈ। ਉਨ੍ਹਾਂ ਨੇ ਇਸਨੂੰ ਇਸ ਤਰ੍ਹਾਂ ਬਣਾਇਆ ਹੈ... ਇਹ ਇੱਕ ਬਹੁਤ ਮਜ਼ਬੂਤ ਬਿੱਲ ਹੈ।"

ਉਨ੍ਹਾਂ ਕਿਹਾ ਕਿ ਸੈਨੇਟ ਇੱਕ ਬਿੱਲ 'ਤੇ ਵਿਚਾਰ ਕਰ ਰਹੀ ਹੈ, ਜੋ ਯੂਕਰੇਨ ਵਿਚ ਜੰਗ ਨੂੰ ਲੈ ਕੇ ਰੂਸ 'ਤੇ ਸਖ਼ਤ ਪਾਬੰਦੀਆਂ ਲਗਾਏਗਾ ਅਤੇ ਰੂਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ 'ਤੇ ਸੈਕੰਡਰੀ ਪਾਬੰਦੀਆਂ ਲਗਾਏਗਾ। ਟਰੰਪ ਨੇ ਕਿਹਾ, "ਮੈਂ ਅਜੇ ਤੱਕ ਇਸਦੀ ਵਰਤੋਂ ਕਰਨ ਦਾ ਫੈਸਲਾ ਨਹੀਂ ਕੀਤਾ ਹੈ। ਜੇ ਲੋੜ ਪਈ, ਤਾਂ ਮੈਂ ਇਸਦੀ ਵਰਤੋਂ ਕਰਾਂਗਾ।" ਜਦੋਂ ਰਾਸ਼ਟਰਪਤੀ ਪੁਤਿਨ ਦੁਆਰਾ ਸ਼ੁੱਕਰਵਾਰ ਸਵੇਰੇ ਯੂਕਰੇਨ ਦੀ ਰਾਜਧਾਨੀ ਕੀਵ 'ਤੇ ਰੂਸ ਦੇ ਸਭ ਤੋਂ ਤਾਜ਼ਾ ਹਮਲੇ ਬਾਰੇ ਉਨ੍ਹਾਂ ਤੋਂ ਪੁੱਛਿਆ ਗਿਆ, ਤਾਂ ਉਨ੍ਹਾਂ ਕਿਹਾ ਕਿ ਯੂਕਰੇਨ ਨੇ "ਪੁਤਿਨ ਨੂੰ ਉੱਥੇ ਜਾਣ ਅਤੇ ਬੰਬ ਸੁੱਟਣ ਦਾ ਕਾਰਨ ਦਿੱਤਾ।" ਇਹ ਹਮਲੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੁਆਰਾ ਚੇਤਾਵਨੀ ਦਿੱਤੇ ਜਾਣ ਤੋਂ ਬਾਅਦ ਹੋਏ, ਜਿਸ ਬਾਰੇ ਟਰੰਪ ਰਾਹੀਂ ਇਹ ਦੱਸਿਆ ਗਿਆ ਕਿ ਰੂਸ ਜਵਾਬੀ ਕਾਰਵਾਈ ਕਰੇਗਾ ਕਿਉਂਕਿ ਯੂਕਰੇਨੀ ਡਰੋਨਾਂ ਦੁਆਰਾ ਰੂਸ ਦੇ ਅੰਦਰ ਕਈ ਰਣਨੀਤਕ ਬੰਬਾਰਾਂ ਨੂੰ ਤਬਾਹ ਕੀਤਾ ਗਿਆ ਸੀ।

# ਵਿਦੇਸ਼ੀ ਵਿਦਿਆਰਥੀਆਂ ਨੂੰ ਗਰੀਨ ਕਾਰਡ ਦੇਣ ਦੇ ਚੋਣ ਵਾਅਦੇ ਤੋਂ ਮੁੱਕਰੇ ਟਰੰਪ

- ਅਮਰੀਕਾ 'ਚ ਡਰ ਅਤੇ ਅਸੁਰੱਖਿਆ ਦੇ ਮਾਹੌਲ 'ਚ ਰਹਿ ਰਹੇ ਨੇ ਵਿਦੇਸ਼ੀ ਵਿਦਿਆਰਥੀ

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਨਿਵੇਕਲੀ ਤਜਵੀਜ਼ ਪੇਸ਼ ਕਰਦਿਆਂ ਸਾਰੇ ਵਿਦੇਸ਼ੀ ਵਿਦਿਆਰਥੀਆਂ ਦੇ ਅਮਰੀਕਾ ਤੋਂ ਗ੍ਰੈਜੂਏਟ ਹੋਣ 'ਤੇ ਉਨ੍ਹਾਂ ਨੂੰ ਗਰੀਨ ਕਾਰਡ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਉਹ ਇਸ ਵਾਅਦੇ ਤੋਂ ਮੁੱਕਰ ਗਏ ਹਨ। ਹਾਰਵਰਡ ਯੂਨੀਵਰਸਿਟੀ 'ਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ 'ਤੇ ਰੋਕ ਅਤੇ ਨਵੇਂ ਸਟੂਡੈਂਟ ਵੀਜ਼ਾ ਇੰਟਰਵਿਊ ਰੋਕਣ ਨਾਲ ਨੌਜਵਾਨ ਦੁਚਿੱਤੀ 'ਚ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਟਰੰਪ ਜਾਣਬੁੱਝ ਕੇ ਵਿਦੇਸ਼ੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਇਕ ਪੋਡਕਾਸਟ 'ਚ ਵਿਦੇਸ਼ੀ ਵਿਦਿਆਰਥੀਆਂ ਦਾ ਅਮਰੀਕਾ 'ਚ ਸਵਾਗਤ ਕਰਨ ਦਾ ਬਿਆਨ ਦਿੱਤਾ ਸੀ ਪਰ ਹੁਣ ਉਹ ਇਮੀਗ੍ਰੇਸ਼ਨ ਰਾਹੀਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਂਝ ਹਾਰਵਰਡ ਮਾਮਲੇ 'ਚ ਸੰਘੀ ਜੱਜ ਨੇ ਟਰੰਪ ਦੇ ਹੁਕਮਾਂ 'ਤੇ ਆਰਜ਼ੀ ਰੋਕ ਲਗਾ ਦਿੱਤੀ ਹੈ। ਦੁਨੀਆਂ ਭਰ ਦੇ ਵਿਦਿਆਰਥੀਆਂ ਨੇ ਦਾਅਵਾ ਕੀਤਾ ਹੈ ਕਿ ਉਹ ਹੁਣ ਅਮਰੀਕਾ 'ਚ ਡਰ ਅਤੇ ਅਸੁਰੱਖਿਆ ਦੇ ਮਾਹੌਲ 'ਚ ਰਹਿ ਰਹੇ ਹਨ। ਕਈ ਵਿਦਿਆਰਥੀਆਂ ਨੇ ਘਰ ਜਾਣ ਦਾ ਫ਼ੈਸਲਾ ਵੀ ਟਾਲ ਦਿੱਤਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਟਰੰਪ ਦਾ ਮਸਕ ਨਾਲ ਸੰਬੰਧ ਸੁਧਾਰਨ ਦਾ ਕੋਈ ਇਰਾਦਾ ਨਹੀਂ !



ਵਾਸ਼ਿੰਗਟਨ, (ਪੰਜਾਬ ਮੇਲ)- ਐਲੋਨ ਮਸਕ ਨਾਲ ਟਕਰਾਅ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਿੱਛੇ ਹਟਦੇ ਨਜ਼ਰ ਨਹੀਂ ਆ ਰਹੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਮਸਕ ਨਾਲ ਸਬੰਧ ਸੁਧਾਰਨ ਦੀ ਕੋਈ ਇੱਛਾ ਨਹੀਂ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮਸਕ ਆਉਣ ਵਾਲੀਆਂ ਚੋਣਾਂ ਵਿਚ ਡੈਮੋਕ੍ਰੇਟਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ 'ਗੰਭੀਰ ਨਤੀਜੇ' ਭੁਗਤਣੇ ਪੈ ਸਕਦੇ ਹਨ।

ਟਰੰਪ ਨੇ ਇਕ ਇੰਟਰਵਿਊ 'ਚ ਕਿਹਾ ਕਿ ਉਨ੍ਹਾਂ ਦਾ ਮਸਕ ਨਾਲ ਆਪਣੇ ਰਿਸ਼ਤੇ ਸੁਧਾਰਨ ਦਾ ਕੋਈ ਇਰਾਦਾ ਨਹੀਂ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਟੈਸਲਾ ਅਤੇ ਸਪੇਸਐਕਸ ਦੇ ਮੁੱਖ ਕਾਰਜਕਾਰੀ ਨਾਲ ਉਨ੍ਹਾਂ ਦਾ ਰਿਸ਼ਤਾ ਖਤਮ ਹੋ ਗਿਆ ਹੈ, ਤਾਂ ਟਰੰਪ ਨੇ ਜਵਾਬ ਦਿੱਤਾ, 'ਹਾਂ ਮੈਨੂੰ ਅਜਿਹਾ ਹੀ ਲੱਗਦਾ ਹੈ।' ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਮੈਂ ਹੋਰ ਕੰਮਾਂ ਵਿਚ ਬਹੁਤ ਰੁੱਝਿਆ ਹੋਇਆ ਹਾਂ। ਤੁਸੀਂ ਜਾਣਦੇ ਹੋ ਕਿ ਮੈਂ ਚੋਣ ਬਹੁਤ ਵੱਡੇ ਫਰਕ ਨਾਲ ਜਿੱਤੀ ਹੈ। ਮੈਂ ਉਨ੍ਹਾਂ ਨੂੰ ਬਹੁਤ ਮੌਕੇ ਦਿੱਤੇ, ਅਜਿਹਾ ਹੋਣ ਤੋਂ ਬਹੁਤ ਪਹਿਲਾਂ ਮੈਂ ਉਨ੍ਹਾਂ ਨੂੰ ਆਪਣੇ ਪਹਿਲੇ ਪ੍ਰਸ਼ਾਸਨ ਵਿਚ ਮੌਕੇ ਦਿੱਤੇ ਸਨ। ਮੈਂ ਆਪਣੇ ਪਹਿਲੇ ਪ੍ਰਸ਼ਾਸਨ ਵਿਚ ਉਨ੍ਹਾਂ ਦੀ ਜਾਨ ਬਚਾਈ ਸੀ। ਮੇਰਾ ਉਨ੍ਹਾਂ ਨਾਲ ਗੱਲ ਕਰਨ ਦਾ ਕੋਈ ਇਰਾਦਾ ਨਹੀਂ ਹੈ।'

ਇਸ ਤੋਂ ਪਹਿਲਾਂ ਟਰੰਪ ਅਤੇ ਮਸਕ ਵਿਚਕਾਰ ਵਧਦੀ ਲੜਾਈ ਠੰਢੀ ਹੁੰਦੀ ਜਾਪ ਰਹੀ ਸੀ। ਵੀਰਵਾਰ ਨੂੰ ਮਸਕ ਨੇ ਟਰੰਪ 'ਤੇ ਨਿੱਜੀ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਡੋਨਾਲਡ ਟਰੰਪ ਦਾ ਨਾਂ ਐਪਸਟੀਨ ਫਾਈਲਾਂ ਵਿਚ ਸੀ ਅਤੇ ਇਸੇ ਕਰਕੇ ਫਾਈਲਾਂ ਨੂੰ ਕਦੇ ਜਨਤਕ ਨਹੀਂ ਕੀਤਾ ਗਿਆ। ਮਸਕ ਨੇ ਟਰੰਪ ਦੇ ਮਹਾਂਦੋਸ਼ ਦਾ ਸਮਰਥਨ ਕਰਦੇ ਹੋਏ ਐਕਸ 'ਤੇ ਇੱਕ ਪੋਸਟ ਪਾਈ, ਜਿਸਨੂੰ ਉਸਨੇ ਬਾਅਦ ਵਿਚ ਮਿਟਾ ਦਿੱਤਾ। ਟਰੰਪ ਅਤੇ ਮਸਕ ਵਿਚਕਾਰ ਟਕਰਾਅ ਉਦੋਂ ਜਨਤਕ ਹੋ ਗਿਆ, ਜਦੋਂ ਮਸਕ ਨੇ ਟਰੰਪ ਦੇ 'ਵਨ ਬਿਗ ਬਿਊਟੀਫੁੱਲ ਬਿੱਲ' ਨੂੰ ਐਕਸ 'ਤੇ ਘਿਣਾਉਣਾ ਬਿੱਲ ਕਿਹਾ ਅਤੇ ਚੇਤਾਵਨੀ ਦਿੱਤੀ ਕਿ ਟਰੰਪ ਦੀ ਟੈਰਿਫ ਨੀਤੀ ਅਮਰੀਕਾ ਨੂੰ ਮੰਦੀ ਵੱਲ ਧੱਕ ਸਕਦੀ ਹੈ।

# ਟਰੰਪ ਵੱਲੋਂ ਆਪਣੇ ਦੂਜੇ ਕਾਰਜਕਾਲ 'ਚ ਐਮਰਜੈਂਸੀ ਸ਼ਕਤੀਆਂ ਦੀ ਵੱਡੇ ਪੱਧਰ 'ਤੇ ਵਰਤੋਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਇਸ ਤਰੀਕੇ ਨਾਲ ਕੀਤੀ ਹੈ, ਜੋ ਕਿਸੇ ਵੀ ਪਿਛਲੇ ਰਾਸ਼ਟਰਪਤੀ ਨੇ ਨਹੀਂ ਕੀਤੀ। ਹਾਲਾਂਕਿ ਟਰੰਪ ਦਾਅਵਾ ਕਰਦੇ ਹਨ ਕਿ ਅਮਰੀਕਾ ਉਨ੍ਹਾਂ ਦੀ ਅਗਵਾਈ ਹੇਠ ਸੰਕਟ ਤੋਂ ਉਭਰ ਰਿਹਾ ਹੈ, ਪਰ ਉਨ੍ਹਾਂ ਨੇ ਸਖ਼ਤ ਆਯਾਤ ਡਿਊਟੀਆਂ ਲਗਾਉਣ, ਸਰਹੱਦ 'ਤੇ ਫੌਜਾਂ ਤਾਇਨਾਤ ਕਰਨ ਅਤੇ ਵਾਤਾਵਰਣ ਨਿਯਮਾਂ ਨੂੰ ਬਾਈਪਾਸ ਕਰਨ ਵਰਗੇ ਫੈਸਲਿਆਂ ਵਿਚ ਉਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਦਾ ਸਹਾਰਾ ਲਿਆ, ਜੋ ਸਿਰਫ ਯੁੱਧ ਜਾਂ ਰਾਸ਼ਟਰੀ ਐਮਰਜੈਂਸੀ ਵਰਗੀਆਂ ਅਸਾਧਾਰਨ ਸਥਿਤੀਆਂ ਲਈ ਬਣਾਏ ਗਏ ਸਨ।

ਇੱਕ ਵਿਸ਼ਲੇਸ਼ਣ ਤੋਂ ਪਤਾ ਚੱਲਿਆ ਹੈ ਕਿ ਟਰੰਪ ਦੇ 150 ਕਾਰਜਕਾਰੀ ਆਦੇਸ਼ਾਂ ਵਿਚੋਂ 30 ਵਿਚ ਕਿਸੇ ਕਿਸਮ ਦੀ ਐਮਰਜੈਂਸੀ ਸ਼ਕਤੀ ਦਾ ਹਵਾਲਾ ਦਿੱਤਾ ਗਿਆ ਹੈ। ਇਹ ਅੰਕੜਾ ਉਨ੍ਹਾਂ ਦੇ ਹਾਲੀਆ ਪੂਰਵਜਾਂ ਨਾਲੋਂ ਬਹੁਤ ਜ਼ਿਆਦਾ ਹੈ। ਨਤੀਜਾ ਇਹ ਹੈ ਕਿ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਗਿਆ ਹੈ। ਅਚਾਨਕ ਸੰਕਟ ਦਾ ਸਾਹਮਣਾ ਕਰਨ ਦੀ ਬਜਾਏ ਟਰੰਪ ਸੰਸਦ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਅਤੇ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਐਮਰਜੈਂਸੀ ਸ਼ਕਤੀਆਂ ਦੀ ਵਰਤੋਂ ਕਰ ਰਹੇ ਹਨ।

ਇਲਿਆ ਸੋਮਿਨ ਨੇ ਕਿਹਾ, "ਟਰੰਪ ਬਾਰੇ ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਉਨ੍ਹਾਂ ਦੁਆਰਾ ਵਰਤੀਆਂ ਗਈਆਂ ਐਮਰਜੈਂਸੀ ਸ਼ਕਤੀਆਂ ਦਾ ਪੈਮਾਨਾ ਅਤੇ ਹੱਦ ਬਹੁਤ ਜ਼ਿਆਦਾ ਹੈ, ਜੋ ਕਿਸੇ ਵੀ ਹਾਲੀਆ ਰਾਸ਼ਟਰਪਤੀ ਦੇ ਕਾਰਜਕਾਲ ਤੋਂ ਕਿਤੇ ਵੱਧ ਹੈ।" ਇਲਿਆ ਸੋਮਿਨ ਉਨ੍ਹਾਂ ਪੰਜ ਅਮਰੀਕੀ ਕਾਰੋਬਾਰਾਂ ਦੀ ਨੁਮਾਇੰਦਗੀ ਕਰ ਰਹੀ ਹੈ, ਜਿਨ੍ਹਾਂ ਨੇ ਪ੍ਰਸ਼ਾਸਨ 'ਤੇ ਮੁਕੱਦਮਾ ਕੀਤਾ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਟਰੰਪ ਦੇ ਤਥਾਕਥਿਤ 'ਲਿਬਰੇਸ਼ਨ ਡੇ' ਟੈਰਿਫ ਦੁਆਰਾ ਨੁਕਸਾਨ ਪਹੁੰਚਿਆ ਸੀ। ਟਰੰਪ ਅਕਸਰ 1977 ਦੇ 'ਇੰਟਰਨੈਸ਼ਨਲ ਐਮਰਜੈਂਸੀ ਇਕਨਾਮਿਕ ਪਾਵਰਜ਼ ਐਕਟ' (ਆਈ.ਈ.ਪੀ.ਏ.) ਦਾ ਹਵਾਲਾ ਦਿੰਦੇ ਹੋਏ ਟੈਰਿਫ ਲਗਾਉਂਦੇ ਸਨ। ਇਹ ਕਾਨੂੰਨ ਰਾਸ਼ਟਰੀ ਸੁਰੱਖਿਆ, ਵਿਦੇਸ਼ ਨੀਤੀ ਜਾਂ ਆਰਥਿਕਤਾ ਨੂੰ ਵਿਦੇਸ਼ੀ ਖਤਰਿਆਂ ਤੋਂ ਬਚਾਉਣ ਲਈ ਬਣਾਇਆ ਗਿਆ ਸੀ।

# ਅਮਰੀਕਾ 'ਚ ਦੋ ਭਾਰਤੀ-ਅਮਰੀਕੀ ਉਮੀਦਵਾਰਾਂ ਨੇ ਟੈਕਸਾਸ ਸਿਟੀ ਕੌਂਸਲ ਚੋਣਾਂ ਜਿੱਤੀਆਂ

## ਦੂਜੇ ਨੰਬਰ 'ਤੇ ਯੂ.ਏ.ਈ., ਤੀਜੇ ਨੰਬਰ 'ਤੇ ਮਲੇਸ਼ੀਆ




ਸੁੱਖ ਕੌਰ ਅਤੇ ਸੰਜੇ ਸਿੰਘਲ।

ਹਿਊਸਟਨ, (ਪੰਜਾਬ ਮੇਲ)- ਅਮਰੀਕਾ ਵਿਚ ਟੈਕਸਾਸ ਸਿਟੀ ਕੌਂਸਲ ਚੋਣਾਂ ਵਿਚ ਦੋ ਭਾਰਤੀ-ਅਮਰੀਕੀ ਉਮੀਦਵਾਰਾਂ ਨੇ ਆਪਣੇ-ਆਪਣੇ ਸ਼ਹਿਰਾਂ ਵਿਚ ਜਿੱਤ ਪ੍ਰਾਪਤ ਕੀਤੀ। ਸੁੱਖ ਕੌਰ ਅਤੇ ਸੰਜੇ ਸਿੰਘਲ ਨੇ ਕ੍ਰਮਵਾਰ ਸੈਨ ਐਂਟੋਨੀਓ ਅਤੇ ਸ਼ੂਗਰ ਲੈਂਡ ਵਿਚ ਸਿਟੀ ਕੌਂਸਲ ਚੋਣਾਂ ਜਿੱਤੀਆਂ। ਚੋਣਾਂ ਦਾ ਸ਼ੁਰੂਆਤੀ ਪੜਾਅ 3 ਜੂਨ ਨੂੰ ਹੋਇਆ ਸੀ, ਜਿਸ ਤੋਂ ਬਾਅਦ ਆਖਰੀ ਦੋ ਉਮੀਦਵਾਰਾਂ ਵਿਚਕਾਰ ਚੋਣ (ਰਨਆਫ) ਮੁਕਾਬਲੇ ਲਈ ਵੋਟਿੰਗ ਸ਼ਨੀਵਾਰ ਨੂੰ ਹੋਈ।

ਸਿੱਖ-ਅਮਰੀਕੀ ਅਤੇ ਸਿੱਖਿਆ ਸੁਧਾਰਕ ਸੁੱਖ ਕੌਰ ਨੇ ਸੈਨ ਐਂਟੋਨੀਓ 'ਚ ਭਾਰੀ ਜਿੱਤ ਪ੍ਰਾਪਤ ਕੀਤੀ ਅਤੇ 'ਡਿਸਟ੍ਰਿਕਟ 1' ਦੀ ਆਪਣੀ ਕੌਂਸਲ ਸੀਟ ਬਰਕਰਾਰ ਰੱਖੀ। ਸੁੱਖ ਕੌਰ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਸੈਨ ਐਂਟੋਨੀਓ ਵਿਚ ਰਹਿੰਦੀ ਹੈ। ਇੱਕ ਗੈਰ-ਮੁਨਾਫ਼ਾ ਸੰਗਠਨ ਦੀ ਆਗੂ ਸੁੱਖ ਕੌਰ ਨੇ ਆਪਣੇ ਵਿਰੋਧੀ ਪੈਟੀ ਗਿਬਨਸ ਨੂੰ 65 ਪ੍ਰਤੀਸ਼ਤ ਵੋਟਾਂ ਨਾਲ ਹਰਾਇਆ। ਸਟੈਨਫੋਰਡ ਅਤੇ ਹਾਰਵਰਡ ਤੋਂ ਗ੍ਰੈਜੂਏਟ ਅਤੇ ਸੈਨ ਐਂਟੋਨੀਓ ਸਿਟੀ ਕੌਂਸਲ ਲਈ ਚੁਣੀ ਗਈ ਪਹਿਲੀ ਸਿੱਖ ਔਰਤ, ਸੁੱਖ ਕੌਰ ਨੇ ਆਪਣੀ ਮੁਹਿੰਮ ਕਿਫਾਇਤੀ ਰਿਹਾਇਸ਼, ਜਨਤਕ ਆਵਾਜਾਈ ਦੇ ਵਿਸਥਾਰ ਅਤੇ ਸਮਾਵੇਸ਼ੀ ਸ਼ਹਿਰੀ ਵਿਕਾਸ 'ਤੇ ਕੇਂਦ੍ਰਿਤ ਕੀਤੀ।

ਸ਼ੂਗਰਲੈਂਡ ਦੇ 'ਡਿਸਟ੍ਰਿਕਟ 2' ਵਿਚ ਸਿੰਘਲ ਨੇ ਆਪਣੇ ਨਜ਼ਦੀਕੀ ਵਿਰੋਧੀ ਭਾਰਤੀ-ਅਮਰੀਕੀ ਨਾਸਿਰ ਹੁਸੈਨ ਨੂੰ ਹਰਾ ਕੇ ਚੋਣ ਜਿੱਤੀ। 'ਫੋਰਟ ਬੈਂਡ ਕਾਉਂਟੀ' ਦੇ ਅਣਅਧਿਕਾਰਤ ਨਤੀਜਿਆਂ ਅਨੁਸਾਰ ਸਿੰਘਲ ਨੂੰ 2,346 ਵੋਟਾਂ ਮਿਲੀਆਂ, ਜਦੋਂ ਕਿ ਹੁਸੈਨ ਨੂੰ 777 ਵੋਟਾਂ ਮਿਲੀਆਂ। ਆਈ.ਆਈ.ਟੀ. ਦਿੱਲੀ ਦੇ ਸਾਬਕਾ ਵਿਦਿਆਰਥੀ ਸਿੰਘਲ ਨੇ ਆਪਣੀ ਚੋਣ ਮੁਹਿੰਮ ਨੂੰ ਪਾਰਦਰਸ਼ੀ ਸ਼ਾਸਨ, ਬੁਨਿਆਦੀ ਢਾਂਚੇ ਵਿਚ ਸੁਧਾਰ ਅਤੇ ਭਾਈਚਾਰਕ ਸ਼ਮੂਲੀਅਤ 'ਤੇ ਕੇਂਦ੍ਰਿਤ ਕੀਤਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Designed By Punjab Mail USA

| SACRAMENTO | FRESNO | FREMONT | NEWYORK |
|---|---|---|---|
| 5855 Auburn Blvd, Sacramento, CA 95841, +1-916-307-4620 | 1625 E Shaw Ave #122, Fresno, CA 93726 559-271-5511 | 3155 KEARNEY ST, SUITE #248, FREMONT, CA 94538. +1-510-657-6444 | 108-14 Jamaica Ave, Richmond Hill, NY 11418 Phone: 718-533-8444 |

# ਭਾਰਤੀ-ਗੁਜਰਾਤੀ ਵਿਅਕਤੀ ਅਮਰੀਕਾ ਤੋਂ ਹੋਵੇਗਾ ਡਿਪੋਰਟ

## ਨਾਬਾਲਗ ਕੁੜੀ ਨਾਲ ਕੀਤੀ ਸੀ ਅਸ਼ਲੀਲ ਹਰਕਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਕੈਂਟਕੀ ਵਿਚ ਇੱਕ ਗੈਸ ਸਟੇਸ਼ਨ 'ਤੇ ਕੰਮ ਕਰਨ ਵਾਲੇ ਭਾਰਤੀ-ਗੁਜਰਾਤੀ ਕੇਤਨ ਪਟੇਲ ਨੇ ਇੱਕ ਨਾਬਾਲਗ ਕੁੜੀ ਨਾਲ ਅਸ਼ਲੀਲ ਹਰਕਤ ਕੀਤੀ ਸੀ। ਉਹ ਇਸ ਅਪਰਾਧ ਲਈ ਪਿਛਲੇ ਸੱਤ ਮਹੀਨਿਆਂ ਤੋਂ ਜੇਲ੍ਹ ਵਿਚ ਹੈ ਅਤੇ ਹੁਣ ਉਸਨੂੰ ਆਈ.ਸੀ.ਈ. ਨੇ ਹਿਰਾਸਤ ਵਿਚ ਲੈ ਲਿਆ ਹੈ। ਆਈ.ਸੀ.ਈ. ਨੇ 2024 ਵਿਚ ਕੈਂਟਕੀ ਵਿਚ ਗ੍ਰਿਫ਼ਤਾਰ ਕੀਤੇ ਗਏ ਇੱਕ ਇਸ ਗੁਜਰਾਤੀ ਭਾਰਤੀ ਵਿਅਕਤੀ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।



ਆਈ.ਸੀ.ਈ. ਦੁਆਰਾ ਕਿਹਾ ਗਿਆ ਕਿ ਉਸ 'ਤੇ ਇੱਕ 17 ਸਾਲ ਦੀ ਨਾਬਾਲਗ ਲੜਕੀ ਦੇ ਜਿਨਸੀ ਸ਼ੋਸ਼ਣ, ਗੈਰ-ਕਾਨੂੰਨੀ ਕੈਦ ਅਤੇ ਗੈਰ-ਕਾਨੂੰਨੀ ਲੈਣ-ਦੇਣ ਦਾ ਦੋਸ਼ ਹੈ। ਕੈਂਟਕੀ ਦੇ ਇੱਕ ਗੈਸ ਸਟੇਸ਼ਨ 'ਤੇ ਕੰਮ ਕਰਨ ਵਾਲੇ ਕੇਤਨ ਪਟੇਲ ਨੂੰ ਸੱਤ ਮਹੀਨੇ ਪਹਿਲਾਂ ਇੱਕ ਨਾਬਾਲਗ ਕੁੜੀ ਨਾਲ ਅਸ਼ਲੀਲ ਵਿਵਹਾਰ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਕੇਤਨ ਪਟੇਲ ਨੂੰ ਸਤੰਬਰ 2024 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਆਪਣੇ ਗੈਸ ਸਟੇਸ਼ਨ 'ਤੇ ਇੱਕ ਕੁੜੀ ਨੂੰ ਮੁਫ਼ਤ ਵੈਪ ਦੇਣ ਤੋਂ ਬਾਅਦ ਦੋਸ਼ੀ ਨੇ ਉਸਨੂੰ ਫ੍ਰੀਜ਼ਰ ਖੇਤਰ ਵਿਚ ਘਸੀਟਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਪੀੜਤਾ ਕੇਤਨ ਦੀ ਪਕੜ ਤੋਂ ਬਚਣ ਲਈ ਸੰਘਰਸ਼ ਕਰਦੀ ਰਹੀ ਅਤੇ ਫਿਰ ਗੈਸ ਸਟੇਸ਼ਨ ਤੋਂ ਭੱਜ ਗਈ।

ਪੀੜਤਾ ਨੇ ਆਪਣੇ ਮਾਪਿਆਂ ਨੂੰ ਕੇਤਨ ਦੀਆਂ ਹਰਕਤਾਂ ਬਾਰੇ ਦੱਸਿਆ, ਜਿਨ੍ਹਾਂ ਨੇ ਇਸ ਮਾਮਲੇ ਵਿਚ ਪੁਲਿਸ ਰਿਪੋਰਟ ਦਰਜ ਕਰਵਾਈ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਦੋਂ ਤੋਂ ਹੀ ਜੇਲ੍ਹ ਵਿਚ ਹੈ। ਪੁਲਿਸ ਰਿਪੋਰਟ ਅਨੁਸਾਰ ਜਦੋਂ ਇਹ ਘਟਨਾ ਵਾਪਰੀ, ਉਦੋਂ 14 ਸਤੰਬਰ ਨੂੰ ਪੀੜਤਾ ਆਪਣੀ ਗੱਡੀ 'ਚ ਗੈਸ ਟੈਂਕ ਭਰ ਕੇ ਜਾ ਰਹੀ ਸੀ। ਕੇਤਨ ਨੇ ਉਸਨੂੰ ਸਟੋਰ ਵਿਚ ਬੁਲਾਇਆ ਅਤੇ ਫਿਰ ਉਸ ਨਾਲ ਅਸ਼ਲੀਲ ਹਰਕਤ ਕੀਤੀ। ਕੇਤਨ ਪਟੇਲ ਖੁਦ ਬਾਰਡਸਟਾਊਨ ਵਿਚ ਰਹਿੰਦਾ ਸੀ ਅਤੇ ਉਸਦੇ ਖ਼ਿਲਾਫ਼ ਦੋਸ਼ਾਂ ਦੀ ਗੰਭੀਰਤਾ ਕਾਰਨ ਉਸਨੂੰ ਜ਼ਮਾਨਤ 'ਤੇ ਰਿਹਾਅ ਨਹੀਂ ਕੀਤਾ ਗਿਆ ਸੀ। ਪੀੜਤਾ ਨੂੰ ਘਸੀਟਣ ਦੀ ਕੋਸ਼ਿਸ਼ ਕਰਨ ਲਈ ਉਸਨੂੰ ਗੈਰ-ਕਾਨੂੰਨੀ ਕੈਦ ਦਾ ਵੀ ਦੋਸ਼ ਲਗਾਇਆ ਗਿਆ ਸੀ। ਹਾਲਾਂਕਿ ਕੇਤਨ ਪਟੇਲ ਦੇ ਇਮੀਗ੍ਰੇਸ਼ਨ ਸਟੇਟਸ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ, ਪਰ ਇਹ ਸੰਭਾਵਨਾ ਹੈ ਕਿ ਉਹ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ, ਇਸੇ ਕਰਕੇ ਹੁਣ ਉਸਦੀ ਗ੍ਰਿਫ਼ਤਾਰੀ ਤੋਂ ਬਾਅਦ ਉਸਨੂੰ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਅਮਰੀਕਾ ਵੱਲੋਂ 37 ਗੈਰ-ਕਾਨੂੰਨੀ ਨਾਗਰਿਕ ਡਿਪੋਰਟ

**ਕਾਠਮੰਡੂ, (ਪੰਜਾਬ ਮੇਲ)**- ਅਮਰੀਕੀ ਸਰਕਾਰ ਨੇ ਦੇਸ਼ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 37 ਨੇਪਾਲੀ ਨਾਗਰਿਕਾਂ ਨੂੰ ਡਿਪੋਰਟ ਕਰ ਦਿੱਤਾ ਹੈ। ਇੱਕ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਮੀਗ੍ਰੇਸ਼ਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਗੈਰ-ਕਾਨੂੰਨੀ ਨੇਪਾਲੀ ਨਾਗਰਿਕਾਂ ਨੂੰ ਲੈ ਕੇ ਇੱਕ ਚਾਰਟਰਡ ਜਹਾਜ਼ ਐਤਵਾਰ ਸ਼ਾਮ ਨੂੰ ਅਮਰੀਕਾ ਤੋਂ ਇੱਥੇ ਪਹੁੰਚਿਆ। ਅਧਿਕਾਰੀ ਨੇ ਦੱਸਿਆ ਕਿ ਇਹ ਇੱਕ ਦਿਨ ਵਿਚ ਅਮਰੀਕਾ ਦੁਆਰਾ ਡਿਪੋਰਟ ਕੀਤੇ ਗਏ ਨੇਪਾਲੀਆਂ ਦੀ ਸਭ ਤੋਂ ਵੱਡੀ ਗਿਣਤੀ ਹੈ।

ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਦਫ਼ਤਰ ਦੇ ਬੁਲਾਰੇ ਅੰਜਨ ਨੂਪਾਨੇ ਨੇ ਕਿਹਾ ਕਿ ਐਤਵਾਰ ਨੂੰ ਡਿਪੋਰਟ ਕੀਤੇ ਗਏ ਇਨ੍ਹਾਂ ਲੋਕਾਂ ਦੇ ਨਾਲ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਨਵਰੀ ਵਿਚ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 177 ਨੇਪਾਲੀ ਨਾਗਰਿਕਾਂ ਨੂੰ ਡਿਪੋਰਟ ਕਰ ਦਿੱਤਾ ਗਿਆ ਹੈ। ਪਿਛਲੇ ਸਮੇਂ ਵਿਚ ਸੈਂਕੜੇ ਨੇਪਾਲੀ ਨਾਗਰਿਕ ਦਲਾਲਾਂ ਨੂੰ ਲੱਖਾਂ ਰੁਪਏ ਦੇ ਕੇ ਅਤੇ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਗੈਰ-ਕਾਨੂੰਨੀ ਰਸਤੇ ਰਾਹੀਂ ਅਮਰੀਕਾ ਗਏ ਹਨ।

# ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵੱਲੋਂ ਆਪ੍ਰੇਸ਼ਨ ਬਲੂ ਸਟਾਰ 'ਚ ਯੂ.ਕੇ. ਦੀ ਭੂਮਿਕਾ ਬਾਰੇ ਨਿਰਪੱਖ ਜਾਂਚ ਦੀ ਮੰਗ

**ਲੰਡਨ, (ਪੰਜਾਬ ਮੇਲ)**- ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਰਿੰਦਰ ਜੱਸ ਅਤੇ ਜਸ ਅਠਵਾਲ ਨੇ ਵੀਰਵਾਰ ਨੂੰ ਬਰਤਾਨਵੀ ਸੰਸਦ ਵਿਚ ਜੂਨ 1984 'ਚ ਭਾਰਤ ਦੇ ਆਪ੍ਰੇਸ਼ਨ ਬਲੂ ਸਟਾਰ 'ਚ ਤਤਕਾਲੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਦੀ ਸ਼ਮੂਲੀਅਤ ਦੀ ਨਿਰਪੱਖ ਜਾਂਚ ਦੀ ਮੰਗ ਦੁਹਰਾਈ ਹੈ।

ਜੱਸ, ਜੋ ਉੱਤਰੀ ਇੰਗਲੈਂਡ ਦੇ ਵੁਲਵਰਹੈਂਪਟਨ ਵੈਸਟ ਵਿਚ ਲੇਬਰ ਪਾਰਟੀ ਦਾ ਪ੍ਰਤੀਨਿਧ ਹੈ, ਅਤੇ ਅਠਵਾਲ, ਜੋ ਦੇਸ਼ ਦੇ ਪੂਰਬ ਵਿਚ ਇਲਫੋਰਡ ਸਾਊਥ ਤੋਂ ਲੇਬਰ ਐੱਮ.ਪੀ. ਹੈ, ਨੇ ਸੈਸ਼ਨ ਦੌਰਾਨ ਹਾਊਸ ਆਫ਼ ਕਾਮਨਜ਼ ਦੀ ਆਗੂ ਲੂਸੀ ਪਾਵੇਲ ਕੋਲ ਇਹ ਮਾਮਲਾ ਚੁੱਕਿਆ। ਉਨ੍ਹਾਂ ਨੇ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪ੍ਰੇਸ਼ਨ ਬਲੂ ਸਟਾਰ ਤਹਿਤ ਕੀਤੀ ਕਾਰਵਾਈ ਦੀ 41ਵੀਂ ਬਰਸੀ 'ਤੇ ਚਾਨਣਾ ਪਾਇਆ ਅਤੇ ਇਸ ਸਾਲ ਦੇ ਸ਼ੁਰੂ ਵਿਚ ਪਾਵੇਲ ਵੱਲੋਂ ਆਪਣੇ ਸਾਥੀ ਸਿੱਖ ਲੇਬਰ ਸੰਸਦ ਮੈਂਬਰ, ਤਨਮਨਜੀਤ ਸਿੰਘ ਢੇਸੀ (ਟੈਨ ਢੇਸੀ) ਨੂੰ ਦਿੱਤੇ ਗਏ ਭਰੋਸੇ ਵੱਲ ਇਸ਼ਾਰਾ ਕੀਤਾ। ਪਾਵੇਲ ਨੇ ਉਦੋਂ ਕਿਹਾ ਸੀ ਕਿ 'ਜੋ ਕੁਝ ਹੋਇਆ ਉਸ ਦੀ ਤਹਿ ਤੱਕ ਜਾਣ ਦੀ ਲੋੜ ਹੈ।' ਜੱਸ ਨੇ ਕਿਹਾ, "2014 'ਚ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਪਤਾ ਚੱਲਿਆ ਕਿ ਥੈਚਰ ਸਰਕਾਰ ਨੇ ਆਪ੍ਰੇਸ਼ਨ ਬਲੂ ਸਟਾਰ ਲਈ ਸਲਾਹ ਦੇ ਕੇ ਆਪਣੇ ਭਾਰਤੀ ਹਮਰੁਤਬਾ ਦੀ ਮਦਦ ਕੀਤੀ ਸੀ।" ਸਿੱਖ ਐੱਮ.ਪੀ. ਨੇ ਪੁੱਛਿਆ, "2014 ਤੋਂ ਹੀ ਬ੍ਰਿਟਿਸ਼ ਸਰਕਾਰ ਦੀ ਸ਼ਮੂਲੀਅਤ ਦੀ ਹੱਦ ਨਿਰਧਾਰਿਤ ਕਰਨ ਲਈ ਕਈ ਵਾਰ ਆਵਾਜ਼ ਚੁੱਕੀ ਗਈ ਤੇ ਕਈ ਭਰੋਸੇ ਵੀ ਦਿੱਤੇ ਗਏ। ਕੀ ਸਦਨ ਦੀ ਆਗੂ ਵੱਲੋਂ ਜੱਜ ਦੀ ਅਗਵਾਈ 'ਚ ਨਿਰਪੱਖ ਜਨਤਕ ਜਾਂਚ ਦਾ ਐਲਾਨ ਕੀਤਾ ਜਾਵੇਗਾ, ਤਾਂ ਕਿ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, ਜੋ ਕੁਝ ਹੋਇਆ, ਉਸ ਦੀ ਤਹਿ ਤੱਕ ਪਹੁੰਚਿਆ ਜਾ ਸਕੇ।" ਪਾਵੇਲ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੀਆਂ ਚਿੰਤਾਵਾਂ ਨੂੰ ਸਵੀਕਾਰ ਕਰਦੇ ਹੋਏ ਜਵਾਬ ਦਿੱਤਾ ਕਿ ਇਹ ਮਸਲਾ ਆਖਰੀ ਵਾਰ ਜਨਵਰੀ ਦੇ ਸ਼ੁਰੂ ਵਿਚ ਉਠਾਏ ਜਾਣ ਤੋਂ ਬਾਅਦ ਉਨ੍ਹਾਂ ਕੋਲ ਇਸ ਬਾਰੇ ਕੋਈ ਹੋਰ ਅਪਡੇਟ ਨਹੀਂ ਹੈ। ਇਸ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਪਹਿਲੀ ਮੰਗ ਕੁਝ ਸਾਲ ਪਹਿਲਾਂ ਉਦੋਂ ਉੱਠੀ ਸੀ, ਜਦੋਂ ਇਹ ਤੱਥ ਸਾਹਮਣੇ ਆਇਆ ਸੀ ਕਿ ਆਪ੍ਰੇਸ਼ਨ ਬਲੂ ਸਟਾਰ ਤੋਂ ਪਹਿਲਾਂ ਭਾਰਤੀ ਫੌਜਾਂ ਨੂੰ ਬਰਤਾਨੀਆ ਵੱਲੋਂ ਫੌਜੀ ਕਾਰਵਾਈ ਸਬੰਧੀ ਸਲਾਹ ਮਸ਼ਵਰਾ ਦਿੱਤਾ ਗਿਆ ਸੀ।

# ਅਮਰੀਕਾ ਵੱਲੋਂ ਨੇਪਾਲ ਦਾ ਵਿਸ਼ੇਸ਼ ਦਰਜਾ ਰੱਦ

**ਕਾਠਮੰਡੂ, (ਪੰਜਾਬ ਮੇਲ)**- ਅਮਰੀਕਾ ਨੇ 2015 ਦੇ ਭੂਚਾਲ ਤੋਂ ਬਾਅਦ ਨੇਪਾਲ ਨੂੰ ਦਿੱਤਾ ਗਿਆ ਆਰਜ਼ੀ ਸੁਰੱਖਿਆ ਦਰਜਾ (ਟੀ.ਪੀ.ਐੱਸ.) ਖਤਮ ਕਰ ਦਿੱਤਾ ਹੈ। ਇਹ ਜਾਣਕਾਰੀ ਇੱਕ ਮੀਡੀਆ ਰਿਪੋਰਟ 'ਚ ਦਿੱਤੀ ਗਈ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਵੱਲੋਂ ਬੀਤੇ ਦਿਨੀਂ ਜਾਰੀ ਨੋਟਿਸ 'ਚ ਕਿਹਾ ਗਿਆ ਹੈ ਕਿ ਇਸ ਸਾਲ 24 ਜੂਨ ਨੂੰ ਟੀ.ਪੀ.ਐੱਸ. ਦੀ ਮਿਆਦ ਖਤਮ ਹੋਣ ਤੋਂ ਬਾਅਦ ਇਸ ਨੂੰ ਨੇਪਾਲ ਲਈ ਨਹੀਂ ਵਧਾਇਆ ਜਾਵੇਗਾ। ਮੀਡੀਆ ਰਿਪੋਰਟ ਅਨੁਸਾਰ ਡੀ.ਐੱਚ.ਐੱਸ. ਸਕੱਤਰ ਕ੍ਰਿਸਟੀ ਨੋਇਮ ਨੇ ਕਿਹਾ ਕਿ ਲਾਭਪਾਤਰੀਆਂ ਨੂੰ 5 ਅਗਸਤ ਤੱਕ 60 ਦਿਨ ਦਾ ਸਮਾਂ ਦਿੱਤਾ ਜਾਵੇਗਾ। ਟੀ.ਪੀ.ਐੱਸ. ਬਿਨਾਂ ਕਿਸੇ ਹੋਰ ਕਾਨੂੰਨੀ ਸਥਿਤੀ ਦੇ ਨਾਮਜ਼ਦ ਮੁਲਕਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਨੂੰ 18 ਮਹੀਨੇ ਤੱਕ ਅਮਰੀਕਾ 'ਚ ਰਹਿਣ ਦੀ ਕਾਨੂੰਨੀ ਅਥਾਰਿਟੀ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# EXPO Furniture Gallery






## We offer 0% interest financing and carry all major brands.

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

New Year Special Sale

**Best price guaranteed.**



Designed By Punjab Mail USA

**7310 HOME LEISURE PLAZA, SACRAMENTO, CA 95823**

**(916) 392-3233**

www.expofurnituregallery.com

# ਅਮਰੀਕਾ 'ਚ ਭਾਰਤੀ ਵਿਅਕਤੀ ਨੂੰ 100 ਮਿਲੀਅਨ ਡਾਲਰ ਦੀ ਧੋਖਾਧੜੀ ਦੇ ਦੋਸ਼ ਹੇਠ 23 ਸਾਲ ਦੀ ਸਜ਼ਾ

**ਵਾਸ਼ਿੰਗਟਨ, (ਪੰਜਾਬ ਮੇਲ)-** ਦੱਖਣੀ ਫਲੋਰੀਡਾ ਦੀ ਇਕ ਟਰੱਕਿੰਗ ਕੰਪਨੀ ਦੇ ਭਾਰਤੀ ਮੂਲ ਦੇ ਮਾਲਕ ਸੰਜੇ ਸਿੰਘ ਨੂੰ ਸ਼ੁੱਕਰਵਾਰ ਨੂੰ ਇਕ ਵੱਡੀ 'ਪੋਂਜ਼ੀ' ਸਕੀਮ ਚਲਾਉਣ ਦੇ ਦੋਸ਼ ਵਿਚ 23 ਸਾਲ ਦੀ ਸਜ਼ਾ ਸੁਣਾਈ ਗਈ ਹੈ, ਜਿਸਨੇ ਹਜ਼ਾਰਾਂ ਮਜ਼ਦੂਰ ਵਰਗ ਦੇ ਨਿਵੇਸ਼ਕਾਂ, ਜਿਨ੍ਹਾਂ ਵਿਚੋਂ ਬਹੁਤੇ ਲੋਕ ਹੈਤੀ, ਕਿਊਬਾ, ਕੋਲੰਬੀਆ ਤੇ ਵੈਨੇਜ਼ੁਏਲਾ ਦੇ ਪ੍ਰਵਾਸੀ ਸਨ, ਨਾਲ ਲੱਖਾਂ ਡਾਲਰਾਂ ਦੀ ਧੋਖਾਧੜੀ ਕੀਤੀ। ਰਾਇਲ ਬੰਗਾਲ ਲੌਜਿਸਟਿਕਸ ਕੰਪਨੀ ਦੇ ਸਾਬਕਾ ਪ੍ਰਧਾਨ, 45 ਸਾਲਾ ਸੰਜੇ ਸਿੰਘ ਨੂੰ ਨਵੰਬਰ ਵਿਚ ਸਾਜ਼ਿਸ਼, ਵਾਇਰ ਧੋਖਾਧੜੀ ਤੇ ਮਨੀ ਲਾਂਡਰਿੰਗ ਦੇ ਦੋਸ਼



ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਵਕੀਲਾਂ ਨੇ ਕਿਹਾ ਕਿ ਉਸਨੇ 2020 ਤੇ 2023 ਦੇ ਵਿਚਕਾਰ ਨਿਵੇਸ਼ਕਾਂ ਤੋਂ 158 ਮਿਲੀਅਨ ਡਾਲਰ ਤੋਂ ਵੱਧ ਇਕੱਠੇ ਕੀਤੇ ਤੇ ਰਕਮ ਦੁੱਗਣੀ ਕਰਨ ਦਾ ਲਾਲਚ ਦੇ ਕੇ ਆਪਣੀ ਕੰਪਨੀ ਵਿਚ ਟਰੱਕਾਂ ਦੀ ਬਹੁ-ਗਿਣਤ ਮਾਲਕੀ ਦਾ ਵਾਅਦਾ ਕਰਕੇ 100 ਮਿਲੀਅਨ ਡਾਲਰ (850 ਕਰੋੜ ਰੁਪਏ) ਦਾ ਧੋਖਾ ਕੀਤਾ।

ਅਦਾਲਤ ਦੇ ਰਿਕਾਰਡਾਂ ਅਨੁਸਾਰ ਸੰਜੇ ਸਿੰਘ ਨੇ ਪੈਸੇ ਨਿਵੇਸ਼ਕਾਂ ਨੂੰ ਦੇਣ ਦੀ ਥਾਂ ਆਪਣੇ ਨਿੱਜੀ ਕਾਰੋਬਾਰ ਲਈ ਵਰਤੇ। ਅਮਰੀਕੀ ਜ਼ਿਲ੍ਹਾ ਜੱਜ ਡੇਵਿਡ ਲੀਬੋਵਿਟਜ਼ ਨੇ ਫੋਰਟ ਲਾਡਰਡੇਲ ਸੰਘੀ ਅਦਾਲਤ 'ਚ 23 ਸਾਲ ਦੀ ਸਖਤ ਸਜ਼ਾ ਸੁਣਾਈ, ਜਿਸ ਵਿਚ ਸੰਜੇ ਸਿੰਘ ਨੂੰ ਇਕ 'ਵੱਡਾ ਧੋਖੇਬਾਜ਼' ਕਿਹਾ ਗਿਆ, ਜਿਸਨੇ ਆਪਣੇ-ਆਪ ਨੂੰ ਅਮੀਰ ਬਣਾਉਣ ਲਈ ਪੀੜਤਾਂ ਨਾਲ ਝੂਠ ਬੋਲਿਆ। ਮੁਆਵਜ਼ੇ ਦੀ ਸੁਣਵਾਈ 26 ਜੂਨ ਨੂੰ ਹੋਣੀ ਹੈ ਪਰ ਇਸ ਵੇਲੇ ਸੰਜੇ ਸਿੰਘ ਨੂੰ ਬ੍ਰੋਵਾਰਡ ਕਾਉਂਟੀ ਜੇਲ੍ਹ ਵਿਚ ਰੱਖਿਆ ਗਿਆ ਹੈ। ਧੋਖਾਧੜੀ ਦਾ ਇਹ ਸਾਰਾ ਭੇਦ ਉਦੋਂ ਖੁੱਲ੍ਹਿਆ, ਜਦੋਂ ਸੰਘੀ ਜਾਂਚ ਏਜੰਸੀ ਨੇ ਵੇਖਿਆ ਕਿ ਸੰਜੇ ਸਿੰਘ ਨੇ ਰਾਇਲ ਬੰਗਾਲ ਕੰਪਨੀ ਦਾ ਇਕ ਵਧਦੇ ਕਾਰੋਬਾਰ ਵਜੋਂ ਝੂਠਾ ਪ੍ਰਚਾਰ ਕਰਕੇ ਬਹੁਤ ਸਾਰੇ ਹੈਤੀ ਮੂਲ ਦੇ ਲੋਕਾਂ ਤੋਂ ਸੈਂਕੜੇ ਮਿਲੀਅਨ ਡਾਲਰ ਉਧਾਰ ਲਏ, ਜੋ ਪ੍ਰਤੀ ਮਹੀਨਾ ਦਸ ਲੱਖ ਡਾਲਰ ਤੱਕ ਦਾ ਮਾਲੀਆ ਪੈਦਾ ਕਰਦੇ ਸਨ। ਐੱਫ.ਬੀ.ਆਈ. ਅਨੁਸਾਰ ਸੰਜੇ ਸਿੰਘ ਨੇ ਨਿਵੇਸ਼ਕ ਫੰਡਾਂ ਦੀ ਵਰਤੋਂ ਆਪਣੇ ਘਰ ਦੀ ਮੁਰੰਮਤ ਕਰਨ, ਮੌਰਗੇਜ ਭੁਗਤਾਨ ਕਰਨ, ਨਿੱਜੀ ਖਰਚਿਆਂ ਨੂੰ ਪੂਰਾ ਕਰਨ ਅਤੇ ਹਾਸ਼ੀਏ 'ਤੇ ਸਟਾਕਾਂ ਦਾ ਵਪਾਰ ਕਰਨ ਲਈ ਕੀਤੀ। ਸਰਕਾਰੀ ਵਕੀਲਾਂ ਨੇ ਇਸ ਧੋਖਾਧੜੀ ਨੂੰ 'ਇਕ ਕਲਾਸਿਕ ਪੋਂਜ਼ੀ ਸਕੀਮ' ਕਿਹਾ ਜੋ 25 ਸਾਲ ਦੀ ਸਜ਼ਾ ਦੇ ਯੋਗ ਹੈ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐਪ ਨੰਬਰ : (706) 206-2516

845


# ਡਿਪੋਰਟ ਹੋਣ ਤੋਂ ਪਹਿਲਾਂ ਹੀ ਹੀਥਰੋ ਹਵਾਈ ਅੱਡੇ ਤੋਂ ਭੱਜਿਆ ਭਾਰਤੀ ਵਿਅਕਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਐਤਵਾਰ ਨੂੰ ਹੀਥਰੋ ਹਵਾਈ ਅੱਡੇ ਦੇ ਟਰਮੀਨਲ 2 'ਤੇ ਇੱਕ ਨਾਟਕੀ ਸੁਰੱਖਿਆ ਉਲੰਘਣਾ ਸਾਹਮਣੇ ਆਈ, ਜਦੋਂ ਭਾਰਤ ਭੇਜੇ ਜਾਣ ਵਾਲੇ ਇੱਕ ਵਿਅਕਤੀ ਨੂੰ ਆਪਣੇ ਐਸਕਾਰਟ ਤੋਂ ਭੱਜ ਕੇ ਸਰਗਰਮ ਟਾਰਮੈਕ 'ਤੇ ਦੌੜਦੇ ਹੋਏ ਵੀਡੀਓ ਵਿਚ ਕੈਦ ਕਰ ਲਿਆ ਗਿਆ। ਇਹ ਵਿਅਕਤੀ, ਜਿਸਨੂੰ ਇੱਕ ਗੈਰ-ਕਾਨੂੰਨੀ ਪ੍ਰਵਾਸੀ ਮੰਨਿਆ ਜਾਂਦਾ ਹੈ, ਯੂ.ਕੇ. ਹੋਮ ਆਫਿਸ ਲਈ ਕੰਮ ਕਰਨ ਵਾਲੇ ਇੱਕ ਠੇਕੇਦਾਰ, ਮਿਟੀ ਕੇਅਰ ਐਂਡ ਕਸਟਡੀ ਦੇ ਗਾਰਡਾਂ ਤੋਂ ਭੱਜਣ ਵਿਚ ਕਾਮਯਾਬ ਹੋ ਗਿਆ, ਜਦੋਂ ਉਹ ਇੱਕ ਡਿਪੋਰਟੇਸ਼ਨ ਫਲਾਈਟ 'ਤੇ ਸਵਾਰ ਹੋਣ ਵਾਲਾ ਸੀ।

ਚਸ਼ਮਦੀਦ ਹੈਰਾਨ ਰਹਿ ਗਏ ਜਦੋਂ ਉਹ ਆਦਮੀ, ਜਿਸਨੇ ਆਪਣੀ ਕਮਰ ਦੁਆਲੇ ਕਾਲੀ ਪੱਟੀ ਬੰਨ੍ਹੀ ਹੋਈ ਸੀ, ਪਾਬੰਦੀਸ਼ੁਦਾ ਹਵਾਈ ਅੱਡੇ ਦੇ ਮੈਦਾਨ ਵਿਚ ਘੱਟੋ-ਘੱਟ ਚਾਰ ਸੁਰੱਖਿਆ ਐਸਕੌਰਟਸ ਤੋਂ ਭੱਜ ਗਿਆ। ਇਹ ਸਾਰਾ ਦ੍ਰਿਸ਼, ਜੋ ਕਈ ਮਿੰਟਾਂ ਤੱਕ ਚੱਲਿਆ, ਇੱਕ ਜਹਾਜ਼ ਦੇ ਸਪੌਟਰ ਦੁਆਰਾ



ਕੈਮਰੇ ਵਿਚ ਕੈਦ ਕੀਤਾ ਗਿਆ ਅਤੇ ਬਿਗ ਜੈੱਟ ਟੀ.ਵੀ. ਯੂਟਿਊਬ ਚੈਨਲ 'ਤੇ ਸਾਂਝਾ ਕੀਤਾ ਗਿਆ, ਜਿਸ ਨਾਲ ਦੁਨੀਆਂ ਦੇ ਸਭ ਤੋਂ ਵਿਅਸਤ ਹਵਾਈ ਅੱਡਿਆਂ ਵਿਚੋਂ ਇੱਕ 'ਤੇ ਸੁਰੱਖਿਆ ਖਾਮੀਆਂ 'ਤੇ ਚਿੰਤਾਵਾਂ ਵਧੀਆਂ।

"'ਇੱਥੇ ਕੀ ਹੋ ਰਿਹਾ ਹੈ? ਲੋਕ ਟਾਰਮੈਕ ਦੇ ਪਾਰ ਕਿਉਂ ਭੱਜ ਰਹੇ ਹੋਣਗੇ? ਕੀ ਕੋਈ ਇੰਨਾ ਯੋਗ ਨਹੀਂ ਹੈ ਕਿ ਉਸਨੂੰ ਹੇਠਾਂ ਉਤਾਰ ਸਕੇ?" ਵੀਡੀਓ ਰਿਕਾਰਡ ਕਰਨ ਵਾਲੇ ਵਿਅਕਤੀ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ।

ਫੁਟੇਜ ਵਿਚ, ਆਦਮੀ ਨੂੰ ਸਰਵਿਸ ਵਾਹਨਾਂ ਅਤੇ ਏਅਰਕ੍ਰਾਫਟ ਜ਼ੋਨਾਂ ਵਿਚਕਾਰ ਘੁੰਮਦੇ ਦੇਖਿਆ ਜਾ ਸਕਦਾ ਹੈ, ਜਦੋਂ ਕਿ ਉਸਦਾ ਪਿੱਛਾ ਕਰਨ ਵਾਲੇ ਉਸਨੂੰ ਫੜਨ ਲਈ ਸੰਘਰਸ਼ ਕਰ ਰਹੇ ਹਨ। ਪਿਛੋਕੜ ਵਿਚ ਜੈੱਟਾਂ ਦੇ ਘੁੰਮਣ ਨਾਲ, ਸਥਿਤੀ ਇੱਕ ਸੰਭਾਵੀ ਹਵਾਬਾਜ਼ੀ ਸੁਰੱਖਿਆ ਖਤਰੇ ਵਿਚ ਬਦਲ ਗਈ। ਪ੍ਰਤੱਖ ਤੌਰ 'ਤੇ ਘਬਰਾਏ ਹੋਏ ਵੀਡੀਓਗ੍ਰਾਫਰ ਨੇ ਅੱਗੇ ਕਿਹਾ, "ਉਨ੍ਹਾਂ ਨੂੰ ਕਾਰਵਾਈਆਂ ਬੰਦ ਕਰਨੀਆਂ ਪੈਣਗੀਆਂ, ਉਨ੍ਹਾਂ ਨੂੰ ਜਹਾਜ਼ਾਂ ਦੀ ਆਵਾਜਾਈ ਰੋਕਣੀ ਪਵੇਗੀ, ਉਹ ਸਿੱਧਾ ਉਨ੍ਹਾਂ ਵੱਲ ਭੱਜ ਰਿਹਾ ਹੈ।"

ਉਸ ਆਦਮੀ ਨੂੰ ਆਖਰਕਾਰ ਦੋ ਉੱਚ-ਚਮਕਦਾਰ ਜੈਕਟਾਂ ਪਹਿਨੇ ਵਿਅਕਤੀਆਂ ਨੇ ਫੜ ਲਿਆ, ਜਿਨ੍ਹਾਂ ਨੇ ਇੱਕ ਵੈਨ ਵਿਚੋਂ ਛਾਲ ਮਾਰ ਦਿੱਤੀ ਅਤੇ ਉਸਨੂੰ ਰੋਕਿਆ। ਉਸਨੂੰ ਜਲਦੀ ਹੀ ਰੋਕਿਆ ਗਿਆ, ਅਸਲ ਉਡਾਣ ਵਿਚ ਦੁਬਾਰਾ ਸਵਾਰ ਕੀਤਾ ਗਿਆ ਅਤੇ ਬਾਅਦ ਵਿਚ ਉਤਰਨ 'ਤੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ, ਇਹ ਗੱਲ ਮਿਟੀ ਬੁਲਾਰੇ ਨੇ ਦੱਸੀ, ਜੋ ਕਿ ਗ੍ਰਹਿ ਦਫ਼ਤਰ ਵੱਲੋਂ ਦੇਸ਼ ਨਿਕਾਲੇ ਨੂੰ ਸੰਭਾਲਣ ਲਈ ਜ਼ਿੰਮੇਵਾਰ ਫਰਮ ਹੈ।


ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com





FOR SALE & PURCHASE OF
ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚੱਲ ਰਹੇ ਮੁਫ਼ਤ ਸਿਲਾਈ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦੀ ਯੋਗ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ ਸੈਂਕੜਿਆਂ ਦੀ ਗਿਣਤੀ ਕਾਰਜ ਜਾਰੀ ਹਨ। ਇਸ ਲੜੀ ਤਹਿਤ ਕੂਲ ਦਾ ਅਰਥ ਸਮਾਜ ਸੇਵੀ ਸੰਸਥਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ 'ਤੇ ਗੂਰੂ ਗੋਬਿੰਦ ਸਿੰਘ ਪਾਰਕ ਵਿਚ ਲੋਕਾਂ ਨੂੰ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪਲਾਸਟਿਕ ਦੇ ਬੈਗ ਨਾ ਵਰਤਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਵੱਡੀ ਤਾਦਾਦ ਵਿਚ ਕੱਪੜੇ ਦੇ ਬੈਗ ਬਣਾ ਕੇ ਲੋਕਾਂ ਨੂੰ ਮੁਫ਼ਤ ਦਿੱਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ



ਡਾ. ਐੱਸ.ਪੀ. ਸਿੰਘ ਓਬਰਾਏ।

ਗੁੱਜਰ ਜ਼ਿਲ੍ਹਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਕੱਪੜੇ ਦੇ ਬੈਗ ਬਣਾਉਣ ਦੀ ਸੇਵਾ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਚੱਲ ਰਹੇ ਮੁਫ਼ਤ ਸਿਲਾਈ ਸਿਖਲਾਈ ਸੈਂਟਰਾਂ ਵੱਲੋਂ ਕੀਤੀ ਗਈ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪਲਾਸਟਿਕ ਦੀ ਜਗ੍ਹਾ ਕੱਪੜੇ ਦੇ ਬੈਗ ਵਰਤਣ ਦਾ ਸੁਨੇਹਾ ਦਿੱਤਾ ਜਾ ਸਕੇ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਚੱਲ ਰਹੇ ਮੁਫ਼ਤ ਸਿਲਾਈ ਸਿਖਲਾਈ ਸੈਂਟਰਾਂ ਦੇ ਸਿੱਖਿਆਰਥੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ।

# ਵਿਆਹ ਕਰਵਾ ਕੇ ਵਿਦੇਸ਼ ਭੇਜਣ ਦੇ ਨਾਂ 'ਤੇ ਪਤਨੀ ਵੱਲੋਂ 24 ਲੱਖ ਦੀ ਠੱਗੀ

ਲੁਧਿਆਣਾ, (ਪੰਜਾਬ ਮੇਲ)- ਵਿਦੇਸ਼ ਭੇਜਣ ਦੇ ਨਾਂ 'ਤੇ ਲਾੜੇ ਅਤੇ ਉਸ ਦੇ ਪਰਿਵਾਰ ਨਾਲ 24 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਦੀ ਸ਼ਿਕਾਇਤ 'ਤੇ ਥਾਣਾ ਜਮਾਲਪੁਰ ਪੁਲਿਸ ਨੇ ਪਤਨੀ, ਸਹੁਰੇ ਅਤੇ ਹੋਰਨਾਂ ਮੁਲਜ਼ਮਾਂ ਖਿਲਾਫ ਧੋਖਾਦੇਹੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਜਗਜੋਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਰਾਮਗੜ੍ਹ, ਲੁਧਿਆਣਾ ਨੇ ਪੁਲਸ ਨੂੰ ਦੱਸਿਆ ਕਿ ਹਰਲੀਨ ਕੌਰ ਦਿਓਲ ਨਾਲ ਕਰਵਾਇਆ ਗਿਆ ਵਿਆਹ ਇਕ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਦਾ ਮਕਸਦ ਸਿਰਫ ਹਰਲੀਨ ਕੌਰ ਨੂੰ ਵਿਦੇਸ਼ ਭੇਜਣਾ ਅਤੇ ਉਸ ਦਾ ਪੂਰਾ ਖਰਚਾ ਸਾਡੇ ਤੋਂ ਕਰਵਾਉਣਾ ਸੀ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਵਿਆਹ ਤੋਂ ਬਾਅਦ ਹਰਲੀਨ ਨੂੰ ਵਿਦੇਸ਼ ਭੇਜਣ ਲਈ ਜਗਜੋਤ ਸਿੰਘ ਅਤੇ ਉਸ ਦੇ ਪਰਿਵਾਰ ਤੋਂ ਕੁੱਲ 24 ਲੱਖ ਰੁਪਏ ਵਸੂਲੇ ਗਏ। ਉਨ੍ਹਾਂ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਬਾਅਦ 'ਚ ਹਰਲੀਨ ਕੌਰ ਆਪਣੇ ਪਤੀ ਨੂੰ ਵਿਦੇਸ਼ ਬੁਲਾ ਲਵੇਗੀ ਪਰ ਵਿਦੇਸ਼ ਜਾਣ ਤੋਂ ਬਾਅਦ ਹਰਲੀਨ ਕੌਰ ਅਤੇ ਉਸ ਦੇ ਪਰਿਵਾਰ ਵਾਲੇ ਮੁੱਕਰ ਗਏ ਅਤੇ ਜਗਜੋਤ ਸਿੰਘ ਨੂੰ ਬੁਲਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਹਰਲੀਨ ਕੌਰ ਦਿਓਲ, ਉਸ ਦੇ ਪਿਤਾ ਜਸਪ੍ਰੀਤ ਸਿੰਘ ਅਤੇ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਦਵਾਈਆਂ ਖਰੀਦਣ ਲਈ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 15 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਰੀਜ਼ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜਤ ਹਨ ਅਤੇ ਡਾਕਟਰ ਵੱਲੋਂ ਲਿਖੀ ਦਵਾਈ ਖਰੀਦਣ ਤੋਂ ਵੀ ਅਸਮਰਥ ਹਨ। ਇਨ੍ਹਾਂ ਵੱਲੋਂ ਅਪਣੇ ਇਲਾਜ ਲਈ ਡਾਕਟਰ ਓਬਰਾਏ ਨੂੰ ਅਰਜ਼ੀਆਂ ਦਿੱਤੀਆਂ ਗਈਆਂ ਸਨ, ਤਾਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਤੁਰੰਤ ਪ੍ਰਵਾਨਗੀ ਦਿੱਤੀ ਗਈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਇਨ੍ਹਾਂ ਨੂੰ ਚੈੱਕ ਰਾਹੀਂ ਅਦਾਇਗੀ ਕੀਤੀ ਗਈ। ਇਸ ਮੌਕੇ ਇਨ੍ਹਾਂ ਲੋੜਵੰਦ ਮਰੀਜ਼ਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ ਕਿਉਂਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਾਸਟਰ ਰਜਿੰਦਰ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ ਆਦਿ ਹਾਜ਼ਰ ਸਨ।




# ਲੁਧਿਆਣਾ ਪੱਛਮੀ ਜ਼ਿਮਨੀ ਚੋਣ: ਕਾਂਗਰਸ ਦੇ ਕਈ ਵੱਡੇ ਆਗੂ 'ਆਪ' 'ਚ ਹੋਏ ਸ਼ਾਮਲ

**■ 19 ਜੂਨ ਨੂੰ ਪੈਣਗੀਆਂ ਵੋਟਾਂ; ਨਤੀਜੇ 23 ਜੂਨ ਨੂੰ**

**ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ ਹੈ। ਐਤਵਾਰ ਨੂੰ ਸ਼ਹਿਰ ਦੇ ਸੈਂਕੜੇ ਕਾਂਗਰਸੀ ਆਗੂ ਆਪਣੇ ਸਮਰਥਕਾਂ ਸਮੇਤ 'ਆਪ' ਵਿਚ ਸ਼ਾਮਲ ਹੋਏ। ਲੁਧਿਆਣਾ ਵਾਰਡ ਨੰਬਰ-59 ਵਿਚੋਂ ਕਈ ਕਾਂਗਰਸੀ ਆਗੂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ। ਇਨ੍ਹਾਂ ਆਗੂ ਨੂੰ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਥਾਨਕ ਆਗੂਆਂ ਦੀ ਮੌਜੂਦਗੀ ਵਿਚ ਸਾਰੇ ਨਵੇਂ ਮੈਂਬਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ।

ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਵਿਚ ਬਲਰਾਜ ਸਿੰਘ, ਮਾਹਿਲ, ਦਿਨੇਸ਼ ਕੁਮਾਰ, ਰਾਮ, ਰਜਿੰਦਰ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ, ਜਸਵਿੰਦਰ ਸਿੰਘ, ਨਛੱਤਰ ਸਿੰਘ, ਜਗਦੀਪ ਸਿੰਘ ਤਾਰੀ, ਗੱਬੂ, ਨਿਰਮਲ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਮੋਹਨ ਧੀਰ, ਮੰਗਾ, ਚਮਕੌਰ ਸਿੰਘ, ਹਰਪ੍ਰੀਤ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ ਆਦਿ ਸ਼ਾਮਲ ਹਨ।

ਸ਼ੈਰੀ ਕਲਸੀ ਵੱਲੋਂ ਜਦੋਂ ਆਗੂਆਂ ਨੂੰ ਕਾਂਗਰਸ ਛੱਡ ਕੇ ਆਉਣ ਦਾ ਕਾਰਨ ਪੁੱਛਿਆ ਗਿਆ, ਤਾਂ ਉਨ੍ਹਾਂ ਬਿਆਨ ਦਿੰਦੇ ਕਿਹਾ ਕਿ ਕਾਂਗਰਸ ਵਿਚ ਤਾਂ ਆਪਸ ਵਿਚ ਹੀ ਇਕ-ਦੂਜੀਆਂ ਦੀਆਂ ਲੱਤਾਂ ਖਿੱਚੀ ਜਾਂਦੇ ਹਨ, ਤਾਂ ਸਾਨੂੰ ਉਨ੍ਹਾਂ ਨੇ ਕੀ ਪੁੱਛਣਾ ਹੈ। ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੰਮ ਕਰਨ ਦਾ ਤਰੀਕਾ ਸਾਨੂੰ ਬੇਹੱਦ ਪਸੰਦ ਆਇਆ, ਜਿਸ ਕਰਕੇ ਅਸੀਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਹਾਂ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ਼ੈਰੀ ਕਲਸੀ ਨੇ ਸਾਰੇ ਨਵੇਂ ਆਗੂਆਂ ਦਾ ਪਾਰਟੀ ਵਿਚ ਸਵਾਗਤ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਆਗੂ ਲਗਾਤਾਰ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦਾ ਪਾਰਟੀ ਵਿਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਜ਼ਿਮਨੀ ਚੋਣਾਂ ਵਿਚ ਸਾਨੂੰ ਵੱਡਾ ਹੁਲਾਰਾ ਦੇਵੇਗਾ।

# ਅਨਿਲ ਜੋਸ਼ੀ ਮੁੜ ਅਕਾਲੀ ਦਲ 'ਚ ਸ਼ਾਮਲ

**ਜਲੰਧਰ/ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਜ਼ਿਮਨੀ ਚੋਣ ਨੂੰ ਲੈ ਕੇ ਸਿਆਸੀ ਅਖਾੜਾ ਭਖਣਾ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਪਾਰਟੀਆਂ ਵਿਚ ਲੀਡਰਾਂ ਵੱਲੋਂ ਮੁੜ ਘਰ ਵਾਪਸੀ ਵੀ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਤੋਂ ਸੀਨੀਅਰ ਆਗੂ ਅਨਿਲ ਜੋਸ਼ੀ ਨੇ ਸ਼੍ਰੋਮਣੀ ਅਕਾਲੀ ਦਲ 'ਚ ਮੁੜ ਵਾਪਸੀ ਕਰ ਲਈ ਹੈ।

ਇਸ ਦਾ ਐਲਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੁਧਿਆਣਾ 'ਚ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਸੋਸ਼ਲ ਮੀਡੀਆ ਐਕਸ 'ਤੇ ਲਿਖਿਆ ਕਿ ਆਪਣੇ ਛੋਟੇ ਭਰਾ ਅਨਿਲ ਜੋਸ਼ੀ ਦਾ ਸ਼੍ਰੋਮਣੀ ਅਕਾਲੀ ਦਲ ਵਿਚ ਸਵਾਗਤ ਕਰਦਿਆਂ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਉਹ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿਚ ਵੀ ਪਾਰਟੀ ਪ੍ਰਚਾਰ ਵਿਚ ਸ਼ਾਮਲ ਹੋਏ ਹਨ। ਅਸੀਂ ਇਕੱਠੇ ਮਿਲ ਕੇ, ਇਕ ਫਰਕ ਲਿਆਵਾਂਗੇ। ਜ਼ਿਕਰਯੋਗ ਹੈ ਕਿ ਸਾਬਕਾ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਅਨਿਲ ਜੋਸ਼ੀ ਨੇ ਬੀਤੇ ਸਾਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਜੋਸ਼ੀ ਨੇ ਪਾਰਟੀ ਦੀ ਕਾਰਜਪ੍ਰਣਾਲੀ 'ਤੇ ਵੀ ਸਵਾਲ ਖੜ੍ਹੇ ਕੀਤੇ ਸਨ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ : ਕਾਂਗਰਸ ਵੱਲੋਂ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

**■ ਨਵਜੋਤ ਸਿੱਧੂ ਆਊਟ, ਅਮੇਠੀ ਦੇ ਸੰਸਦ ਮੈਂਬਰ ਸਣੇ 40 ਚਿਹਰੇ ਸ਼ਾਮਲ**







**ਲੁਧਿਆਣਾ, (ਪੰਜਾਬ ਮੇਲ)**- ਸ਼ਹਿਰ ਦੇ ਵਿਧਾਨ ਸਭਾ ਹਲਕੇ ਪੱਛਮੀ ਦੀ ਜ਼ਿਮਨੀ ਚੋਣ ਲਈ ਮਾਹੌਲ ਲਗਾਤਾਰ ਗਰਮ ਹੁੰਦਾ ਜਾ ਰਿਹਾ ਹੈ। ਕਾਂਗਰਸ ਵੱਲੋਂ ਜਾਰੀ ਕੀਤੀ ਗਈ ਚਾਲੀ ਸਟਾਰ ਪ੍ਰਚਾਰਕਾਂ ਦੀ ਸੂਚੀ 'ਚ ਰਾਹੁਲ ਗਾਂਧੀ ਦੇ ਕਰੀਬੀ ਸਹਿਯੋਗੀ ਅਤੇ ਅਮੇਠੀ ਦੇ ਸੰਸਦ ਮੈਂਬਰ ਕਿਸ਼ੋਰੀ ਲਾਲ ਸ਼ਰਮਾ ਸਮੇਤ ਕਈ ਵੱਡੇ ਆਗੂ ਸ਼ਾਮਲ ਕੀਤੇ ਗਏ ਹਨ, ਹਾਲਾਂਕਿ ਇਸ ਸੂਚੀ ਵਿਚ ਨਵਜੋਤ ਸਿੰਘ ਸਿੱਧੂ ਦਾ ਨਾਂ ਨਹੀਂ ਹੈ। ਇਹ ਵੱਡੇ ਆਗੂ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਅਤੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਲਈ ਚੋਣ ਪ੍ਰਚਾਰ ਕਰਨ ਆਉਣਗੇ ਅਤੇ ਉਨ੍ਹਾਂ ਲਈ ਵੋਟਾਂ ਮੰਗਣਗੇ।

ਸਟਾਰ ਪ੍ਰਚਾਰਕਾਂ ਵਿਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਨਾਲ-ਨਾਲ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ, ਪੰਜਾਬ ਕਾਂਗਰਸ ਇੰਚਾਰਜ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਦੇ ਸੰਸਦ ਮੈਂਬਰ ਰਾਜਾ ਵੜਿੰਗ ਸ਼ਾਮਲ ਹਨ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਇਨ੍ਹਾਂ ਪ੍ਰਚਾਰਕਾਂ 'ਚ ਸ਼ਾਮਲ ਹਨ। ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਨੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਸਟਾਰ ਪ੍ਰਚਾਰਕਾਂ ਦੀ ਸੂਚੀ ਤੋਂ ਦੂਰ ਰੱਖਿਆ ਹੈ ਜਦਕਿ ਸਿੱਧੂ ਕਾਂਗਰਸ ਦੇ ਸਟਾਰ ਪ੍ਰਚਾਰਕਾਂ ਵਿਚੋਂ ਇਕ ਹਨ।

ਕਾਂਗਰਸ ਵੱਲੋਂ ਜਾਰੀ ਕੀਤੀ ਗਈ ਸੂਚੀ ਵਿਚ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਚਿਨ ਪਾਇਲਟ, ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਚੰਡੀਗੜ੍ਹ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ, ਅਦਾਕਾਰ ਰਾਜ ਬੱਬਰ, ਮੁਹੰਮਦ ਸਦੀਕ ਅਤੇ ਕਨ੍ਹੱਈਆ ਕੁਮਾਰ ਸ਼ਾਮਲ ਹਨ। ਇਸ ਤੋਂ ਇਲਾਵਾ ਹਿਮਾਚਲ ਦੇ ਸੀ.ਐੱਮ. ਸੁਖਵਿੰਦਰ ਸਿੰਘ ਸੁੱਖੂ ਅਤੇ ਡਿਪਟੀ ਸੀ.ਐੱਮ. ਮੁਕੇਸ਼ ਅਗਨੀਹੋਤਰੀ, ਰਵਿੰਦਰ ਡਾਲਵੀ, ਸੁਖਵਿੰਦਰ ਸਿੰਘ ਡੈਨੀ, ਪਰਗਟ ਸਿੰਘ, ਅਰੁਣਾ ਚੌਧਰੀ, ਰਾਣਾ ਗੁਰਜੀਤ ਸਿੰਘ, ਗੁਰਕੀਰਤ ਸਿੰਘ ਕੋਟਲੀ, ਕੁਲਜੀਤ ਸਿੰਘ ਨਾਗਰਾ, ਸੁਖਪਾਲ ਸਿੰਘ ਖਹਿਰਾ, ਅਲਕਾ ਲਾਂਬਾ, ਸੰਦੀਪ ਦੀਕਸ਼ਿਤ, ਪਵਨ ਸਿੰਘ ਖੇੜਾ, ਗੁਰਜੀਤ ਸਿੰਘ ਔਜਲਾ ਅਤੇ ਹੋਰ ਕਈ ਆਗੂਆਂ ਦੇ ਨਾਮ ਇਸ ਮੁਹਿੰਮ ਵਿਚ ਸ਼ਾਮਲ ਕੀਤੇ ਗਏ ਹਨ। ਇਹ ਸਾਰੇ ਲੁਧਿਆਣਾ ਵਿਚ ਚੱਲ ਰਹੇ ਸਿਆਸੀ ਦੰਗਲ ਵਿਚ ਚੋਣ ਪ੍ਰਚਾਰ ਕਰਨ ਪੁੱਜਣਗੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਪੰਜਾਬ ਕਾਂਗਰਸ ਵੱਲੋਂ 2027 ਚੋਣਾਂ ਦੀ ਤਿਆਰੀ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਲਈ ਹਲਕਾ ਕੋਆਰਡੀਨੇਟਰਾਂ ਦੀ ਨਿਯੁਕਤੀ ਕੀਤੀ ਗਈ ਹੈ। 2027 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਲੇ ਕਾਫ਼ੀ ਸਮਾਂ ਬਾਕੀ ਹੈ ਪਰ ਪਾਰਟੀ ਨੇ ਸਾਰੇ ਹਲਕਿਆਂ ਦੇ ਕੋਆਰਡੀਨੇਟਰਾਂ ਦੀ ਨਿਯੁਕਤੀ ਕਰ ਕੇ ਦਰਸਾ ਦਿੱਤਾ ਹੈ ਕਿ ਉਹ ਹੁਣੇ ਤੋਂ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਪ੍ਰਤੀ ਗੰਭੀਰ ਹੈ।

ਪਾਰਟੀ ਦੇ ਜਨਰਲ ਸਕੱਤਰ (ਸੰਗਠਨ) ਇੰਚਾਰਜ ਕੈਪਟਨ ਸੰਦੀਪ ਸੰਧੂ ਵੱਲੋਂ ਜਾਰੀ ਕੀਤੀ ਸੂਚੀ ਅਨੁਸਾਰ 1. ਗੌਤਮ ਗੁੱਡੂ ਸੇਠ (ਸੁਜਾਨਪੁਰ), 2. ਬਰਿੰਦਰ ਸਿੰਘ ਛੋਟੇਪੁਰ (ਭੋਆ), 3. ਗੁਰਵੀਰ ਸਿੰਘ ਰਾਜੂ (ਪਠਾਨਕੋਟ), ਅਮਰਜੀਤ ਸਿੰਘ ਡਾਡੇਕਟਵਾਲ (ਗੁਰਦਾਸਪੁਰ), ਹਰਸਿਮਰਨ ਕੌਰ ਬਾਜਵਾ (ਦੀਨਾਨਗਰ), ਪਰਮਜੀਤ ਸਿੰਘ ਘਵੱਦੀ (ਕਾਦੀਆਂ), ਅਸ਼ਵਨੀ ਕੁਮਾਰ ਮੁਕੇਰੀਆਂ (ਬਟਾਲਾ), ਮਨਜੀਤ ਸਿੰਘ ਚੀਮਾ ਬਟਾਲਾ (ਸ੍ਰੀ ਹਰਗੋਬਿੰਦਪੁਰ), ਬਲਪ੍ਰੀਤ ਸਿੰਘ ਰੋਜ਼ਰ (ਫਤਿਹਗੜ੍ਹ ਚੂੜੀਆਂ), ਟੀਨਾ ਚੌਧਰੀ (ਡੇਰਾ ਬਾਬਾ ਨਾਨਕ), ਸੰਦੀਪ ਸ਼ਰਮਾ ਸ਼ਾਹ (ਅਜਨਾਲਾ), ਪੰਕਜ ਚੌਹਾਨ (ਰਾਜਾਸਾਂਸੀ), ਨਵਰੂਪ ਸਿੰਘ ਡੱਲੇਕੇ (ਮਜੀਠਾ), ਰਣਜੀਤ ਸਿੰਘ ਢਿੱਲੋਂ ਰਾਣਾ ਗੰਡੀਵਿੰਡ (ਜੰਡਿਆਲਾ), ਕਮਲ ਸਹਿਗਲ (ਬਾਬਾ ਬਕਾਲਾ), ਬਲਬੀਰ ਸਿੰਘ ਬੱਬੀ ਪਹਿਲਵਾਨ (ਅਟਾਰੀ), ਵਿਨੈ ਮਹਾਜਨ (ਅੰਮ੍ਰਿਤਸਰ ਉੱਤਰੀ), ਹਰਪ੍ਰੀਤ ਸਿੰਘ ਪੱਟੀ (ਅੰਮ੍ਰਿਤਸਰ ਪੱਛਮੀ), ਸ਼ਿਵਾਨੀ ਸ਼ਰਮਾ (ਅੰਮ੍ਰਿਤਸਰ ਕੇਂਦਰੀ), ਵਿਕਾਸ ਸੋਨੀ

### ■ 117 ਵਿਧਾਨ ਸਭਾ ਹਲਕਾ ਕੋਆਰਡੀਨੇਟਰਾਂ ਦੀ ਸੂਚੀ ਕੀਤੀ ਜਾਰੀ

(ਅੰਮ੍ਰਿਤਸਰ ਪੂਰਬੀ), ਬੇਅੰਤ ਸਿੰਘ ਸ਼ੇਰੋਂ (ਅੰਮ੍ਰਿਤਸਰ ਦੱਖਣੀ), ਯੁੱਧਵੀਰ ਸਿੰਘ ਸਰਲੀ (ਤਰਨਤਾਰਨ), ਸਰਬਜੀਤ ਸਿੰਘ ਸੋਨੂੰ ਜੰਡਿਆਲਾ (ਖੇਮਕਰਨ), ਵਿਕਾਸ ਸਾਂਗਰ (ਪੱਟੀ), ਨਰਿੰਦਰ ਸੰਧੂ (ਖਡੂਰ ਸਾਹਿਬ), ਕਰਨਜੀਤ ਸਿੰਘ ਮਿੱਠਾ (ਭੁਲੱਥ), ਹਰਜਿੰਦਰ ਸਿੰਘ ਚੌਹਾਨ (ਕਪੂਰਥਲਾ), ਹਰਪਾਲ ਸਿੰਘ ਤਰਨਤਾਰਨ (ਸੁਲਤਾਨਪੁਰ ਲੋਧੀ), ਡਾ. ਜਸਲੀਨ ਕੌਰ ਸੇਠੀ (ਫਗਵਾੜਾ), ਸੁਸ਼ੀਲ ਮਲਹੋਤਰਾ (ਫਿਲੌਰ), ਅੰਮ੍ਰਿਤਪਾਲ ਭੋਂਸਲੇ (ਨਕੋਦਰ), ਸਵਰਨ ਸਿੰਘ ਅਦੀਵਾਲ (ਸ਼ਾਹਕੋਟ), ਗੁਰਪ੍ਰੀਤ ਸਿੰਘ ਸੋਨੂੰ ਢੇਸੀ (ਕਰਤਾਰਪੁਰ), ਗੁਰਜੀਤ ਪਾਲ ਵਾਲੀਆ (ਆਦਮਪੁਰ), ਸੁਰੀਤਾ ਸ਼ਰਮਾ (ਜਲੰਧਰ ਪੱਛਮੀ), ਪੰਕਜ ਕਿਰਪਾਲ (ਜਲੰਧਰ ਕੇਂਦਰੀ ), ਕਮਲਜੀਤ ਬੰਗਾ (ਜਲੰਧਰ ਉੱਤਰੀ), ਸੁਖਦੇਵ ਸਿੰਘ ਰੋਪੜ (ਜਲੰਧਰ ਛਾਉਣੀ), ਸੁਖਦੇਵ ਸਿੰਘ ਰੰਧਾਵਾ ਬਟਾਲਾ (ਮੁਕੇਰੀਆਂ), ਅਸ਼ਵਨ ਭੱਲਾ (ਦਸੂਹਾ), ਰੋਹਿਤ ਜੋਸ਼ੀ (ਉੜਮੁੜ), ਰੋਹਨ ਚੱਢਾ (ਸ਼ਾਮ ਚੁਰਾਸੀ), ਵਿਪਨ ਤਨੇਜਾ (ਹੁਸ਼ਿਆਰਪੁਰ), ਵਿਸ਼ਵਨਾਥ ਬੰਟੀ (ਚੱਬੇਵਾਲ), ਅਮਰਜੀਤ ਸਿੰਘ ਭੁੱਲਰ ਰੋਪੜ (ਗੜ੍ਹਸ਼ੰਕਰ), ਪੁਸ਼ਪਿੰਦਰ ਸ਼ਰਮਾ (ਬੰਗਾ), ਦੀਪਇੰਦਰ ਸਿੰਘ ਰੰਧਾਵਾ (ਨਵਾਂਸ਼ਹਿਰ), ਕੁਲਜੀਤ ਸਿੰਘ ਬੇਦੀ (ਬਲਾਚੌਰ), ਕਮਲਜੀਤ ਚਾਵਲਾ (ਅਨੰਦਪੁਰ ਸਾਹਿਬ), ਕਮਲ ਕਿਸ਼ੋਰ ਸ਼ਰਮਾ (ਰੂਪਨਗਰ), ਸੁਰਜੀਤ ਸਿੰਘ ਸੀਓਤਾ (ਚਮਕੌਰ ਸਾਹਿਬ), ਰਾਜਵੰਤ ਰਾਏ ਸ਼ਰਮਾ (ਖਰੜ), ਗੁਰਕੀਮਤ ਸਿੰਘ ਸਿੱਧੂ (ਐੱਸ.ਏ.ਐੱਸ. ਨਗਰ), ਬਲਵਿੰਦਰ ਨਾਰੰਗ (ਡੇਰਾਬੱਸੀ), ਕਸਤੂਰੀ ਲਾਲ ਮਿੰਟੂ (ਬੱਸੀ ਪਠਾਣਾ), ਸਿਤਾਰ ਮੁਹੰਮਦ ਲਿਬੜਾ (ਫਤਿਹਗੜ੍ਹ ਸਾਹਿਬ), ਰਾਜਿੰਦਰ ਸਿੰਘ ਲੱਖਾ ਰੌਣੀ (ਅਮਲੋਹ), ਮਨਜੀਤ ਸ਼ਰਮਾ ਸਰਹਿੰਦ, ਰਣਜੀਤ ਸਿੰਘ ਤਰਖਾਣਮਾਜਰਾ (ਖੰਨਾ), ਸੁਰਿੰਦਰ ਸਿੰਘ ਹਰੀਪੁਰਾ (ਸਮਰਾਲਾ), ਬੰਤ ਸਿੰਘ ਦਬੁਰਜੀ (ਪਾਇਲ), ਇੰਦਰਜੀਤ ਗਰਗ ਜੌਲੀ (ਲੁਧਿਆਣਾ ਪੂਰਬੀ), ਪਰਮਪਾਲ ਸਿੰਘ ਤਖ਼ਤਪੁਰਾ (ਲੁਧਿਆਣਾ ਦੱਖਣੀ), ਡਾ. ਕਰਨ ਸੋਨੀ (ਆਤਮ ਨਗਰ), ਮਨੀਸ਼ ਭਾਰਦਵਾਜ (ਲੁਧਿਆਣਾ ਕੇਂਦਰੀ), ਰਮੇਸ਼ ਜੋਸ਼ੀ (ਲੁਧਿਆਣਾ ਪੱਛਮੀ), ਪਰਸ਼ੋਤਮ ਖ਼ਲੀਫ਼ਾ (ਲੁਧਿਆਣਾ ਉੱਤਰੀ), ਜਰਨੈਲ ਸਿੰਘ ਸ਼ਿਮਲਾਪੁਰੀ (ਸਾਹਨੇਵਾਲ), ਕੁਲਵਿੰਦਰ ਸਿੰਘ ਗਿੱਲ ਖੰਨਾ (ਗਿੱਲ), ਕਾਕਾ ਸਤਿੰਦਰ ਗਰੇਵਾਲ (ਦਾਖਾ), ਗੁਰਵੀਰ ਭੱਠਲ (ਰਾਇਕੋਟ), ਮਨਜੀਤ ਸਿੰਘ ਮਾਨ (ਜਗਰਾਓਂ), ਕੇ. ਕੇ. ਤਿਵਾੜੀ (ਨਿਹਾਲ ਸਿੰਘ ਵਾਲਾ), ਕਰਤਿੰਦਰ ਸਿੰਘ ਸਿੰਘਪੁਰਾ (ਬਾਘਾ ਪੁਰਾਣਾ), ਧਰੁਵ ਅਗਰਵਾਲ (ਮੋਗਾ), ਹਰਿੰਦਰ ਸਿੰਘ ਢੀਂਡਸਾ (ਧਰਮਕੋਟ), ਪਰਮਿੰਦਰ ਸਿੰਘ ਡਿੰਪਲ (ਜ਼ੀਰਾ), ਰੁਪਿੰਦਰ ਰੂਬੀ ਜਲਾਲਾਬਾਦ (ਫ਼ਿਰੋਜ਼ਪੁਰ ਸਿਟੀ), ਭੋਲਾ ਸਿੰਘ ਸਮਾਧ ਭਾਈ (ਫਿਰੋਜ਼ਪੁਰ ਦਿਹਾਤੀ), ਗੁਰਭੇਜ ਟਿੱਬੀ (ਗੁਰੂ ਹਰਸਹਾਏ), ਸਿਮਰਜੀਤ ਸਿੰਘ ਭੀਨਾ ਬਰਾੜ (ਜਲਾਲਾਬਾਦ), ਗੁਰਦੀਪ ਸਿੰਘ ਢਿੱਲੋਂ (ਫ਼ਾਜ਼ਿਲਕਾ), ਦੀਪਕ ਗਰਗ (ਅਬੋਹਰ), ਗੁਰਬੀਰ ਸਿੰਘ ਕਾਕੂ ਸੇਰੇਵਾਲੀ (ਬੱਲੂਆਣਾ), ਬਲਵੰਤ ਰਾਏ ਨਾਥ ਬਠਿੰਡਾ (ਲੰਬੀ), ਭਿੰਡਰ ਕੁਮਾਰ ਸ਼ਰਮਾ (ਗਿੱਦੜਬਾਹਾ), ਅਸ਼ੋਕ ਕੁਮਾਰ ਬਠਿੰਡਾ (ਮਲੋਟ), ਗੁਰੀਸ਼ ਲਾਲੀ ਛਾਬੜਾ (ਸ੍ਰੀ ਮੁਕਤਸਰ ਸਾਹਿਬ), ਰਵੀ ਗਰੇਵਾਲ (ਫ਼ਰੀਦਕੋਟ), ਅਰੁਣ ਵਧਾਵਨ (ਕੋਟਕਪੂਰਾ), ਕੇਵਲ ਕ੍ਰਿਸ਼ਨ ਅਗਰਵਾਲ (ਜੈਤੋ), ਰਾਜਵਿੰਦਰ ਸਿੰਘ ਸੀਤਲ (ਰਾਮਪੁਰਾ ਫੂਲ), ਧਨਜੀਤ ਸਿੰਘ ਧੰਨੀ (ਭੁੱਚੋ ਮੰਡੀ), ਰਿੰਪੀ ਸਰਦੂਲਗੜ੍ਹ (ਬਠਿੰਡਾ ਦਿਹਾਤੀ), ਤੇਜਾ ਮੌੜ (ਤਲਵੰਡੀ ਸਾਬੋ), ਗੁਰਪ੍ਰੀਤ ਸਿੰਘ ਵਿੱਕੀ ਮਾਨਸਾ (ਮੌੜ), ਮੋਹਿੰਦਰ ਸਿੰਘ ਭੋਲਾ (ਬਠਿੰਡਾ ਸ਼ਹਿਰੀ), ਅਵਤਾਰ ਸਿੰਘ ਗੋਨਿਆਣਾ (ਮਾਨਸਾ), ਕਿਰਨਜੀਤ ਸਿੰਘ ਗਹਿਰੀ (ਸਰਦੂਲਗੜ੍ਹ ), ਬਰਿੰਦਰ ਧਾਲੀਵਾਲ (ਬੁਢਲਾਡਾ), ਹੰਸ ਰਾਜ ਗੁਪਤਾ (ਲਹਿਰਾ), ਸਨਮੀਕ ਸਿੰਘ ਹੈਨਰੀ (ਦਿੜ੍ਹਬਾ), ਗੁਰਪਿਆਰਾ ਸਿੰਘ ਧੂਰਾ (ਸੁਨਾਮ), ਗੁਰਮੇਲ ਸਿੰਘ ਮਹਿਲ ਕਲਾਂ (ਧੂਰੀ), ਸਤਨਾਮ ਸਿੰਘ ਸੱਤਾ (ਸੰਗਰੂਰ), ਗੁਰਤੇਜ ਸਿੰਘ ਲੌਂਗੋਵਾਲ (ਭਦੌੜ), ਹਰਪਾਲ ਸੋਨੂੰ (ਬਰਨਾਲਾ), ਪ੍ਰਿਤਪਾਲ ਕੌਰ ਬਡਲਾ (ਮਹਿਲ ਕਲਾਂ), ਮੁਹੰਮਦ ਗੁਲਾਬ (ਮਾਲੇਰਕੋਟਲਾ), ਅਮਰਿੰਦਰ ਸਿੰਘ ਜੱਸੋਵਾਲ (ਅਮਰਗੜ੍ਹ), ਹਰੀ ਓਮ ਠਾਕੁਰ (ਪਟਿਆਲਾ ਦਿਹਾਤੀ), ਉਦੈਵੀਰ ਸਿੰਘ ਢਿੱਲੋਂ (ਪਟਿਆਲਾ), ਨਰਿੰਦਰ ਲਾਲੀ (ਨਾਭਾ), ਰਿੰਪਲ ਮਿੱਢਾ (ਰਾਜਪੁਰਾ), ਅਸ਼ਵਨੀ ਗੁਪਤਾ ਸਮਾਣਾ (ਘਨੌਰ), ਹਰਵਿੰਦਰ ਸਿੰਘ ਨਿੱਪੀ (ਸਨੌਰ), ਦਵਿੰਦਰ ਸਿੰਘ ਛਾਜਲੀ (ਸਮਾਣਾ) ਅਤੇ ਰਤਨਜੀਤ ਜਹਾਲਨ ਸਮਾਣਾ (ਸ਼ੁਤਰਾਣਾ) ਵਿਧਾਨ ਸਭਾ ਹਲਕਾ ਕੋਆਰਡੀਨੇਟਰ ਲਾਏ ਗਏ ਹਨ।

# ਚੋਣ ਕਮਿਸ਼ਨ ਵੱਲੋਂ ਚੋਣ ਅੰਕੜਿਆਂ ਨੂੰ ਇੱਕਠਾ ਕਰਨ ਦੀ ਨਵੀਂ ਪ੍ਰਣਾਲੀ ਵਿਕਸਿਤ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੀ ਅਗਵਾਈ ਹੇਠ ਭਾਰਤੀ ਚੋਣ ਕਮਿਸ਼ਨ ਵਲੋਂ ਚੋਣਾਂ ਤੋਂ ਬਾਅਦ ਇੰਡੈਕਸ ਕਾਰਡ ਅਤੇ ਵੱਖ-ਵੱਖ ਅੰਕੜਾ ਰਿਪੋਰਟਾਂ ਤਿਆਰ ਕਰਨ ਲਈ ਇਕ ਸੁਚੱਜੀ ਤੇ ਤਕਨੀਕੀ ਆਧਾਰਿਤ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਹ ਨਵੀਨਤਮ ਪ੍ਰਣਾਲੀ ਪੁਰਾਣੀਆਂ ਮੈਨੁਅਲ ਵਿਧੀਆਂ ਦੀ ਥਾਂ ਲਵੇਗੀ, ਜੋ ਅਕਸਰ ਸਮਾਂ ਲੈਣ ਵਾਲੀਆਂ ਅਤੇ ਦੇਰੀ ਵਾਲੀਆਂ ਹੁੰਦੀਆਂ ਸਨ। ਆਟੋਮੇਸ਼ਨ ਅਤੇ ਡਾਟਾ ਇੰਟੀਗ੍ਰੇਸ਼ਨ ਦੀ ਮਦਦ ਨਾਲ ਇਹ ਨਵਾਂ ਤਰੀਕਾ ਤੇਜ਼ੀ ਨਾਲ ਰਿਪੋਰਟਿੰਗ ਨੂੰ ਯਕੀਨੀ ਬਣਾਵੇਗਾ।

ਜ਼ਿਕਰਯੋਗ ਹੈ ਕਿ ਇੰਡੈਕਸ ਕਾਰਡ ਚੋਣਾਂ ਤੋਂ ਬਾਅਦ ਦਾ ਅੰਕੜਾ ਰਿਪੋਰਟਿੰਗ ਫਾਰਮੈਟ ਹੈ, ਜੋ ਭਾਰਤੀ ਚੋਣ ਕਮਿਸ਼ਨ ਵੱਲੋਂ ਖੋਜਕਰਤਾਵਾਂ, ਸਿੱਖਿਆ ਸ਼ਾਸਤਰੀਆਂ, ਨੀਤੀ ਨਿਰਮਾਤਾਵਾਂ, ਪੱਤਰਕਾਰਾਂ ਅਤੇ ਆਮ ਜਨਤਾ ਸਮੇਤ ਸਾਰੇ ਹਿੱਸੇਦਾਰਾਂ ਲਈ ਹਲਕਾ ਪੱਧਰ 'ਤੇ ਚੋਣਾਂ ਨਾਲ ਸਬੰਧਤ ਅੰਕੜਿਆਂ ਦੀ ਪਹੁੰਚ ਨੂੰ ਆਸਾਨ ਬਣਾਉਣ ਵਾਸਤੇ ਵਿਕਸਤ ਕੀਤਾ ਗਿਆ ਹੈ। ਇਹ ਇੰਡੈਕਸ ਕਾਰਡ ਉਮੀਦਵਾਰਾਂ, ਵੋਟਰਾਂ, ਪਈਆਂ ਹੋਈਆਂ ਵੋਟਾਂ, ਗਿਣੀਆਂ ਗਈਆਂ ਵੋਟਾਂ, ਪਾਰਟੀ ਅਨੁਸਾਰ ਅਤੇ ਉਮੀਦਵਾਰ ਅਨੁਸਾਰ ਵੋਟਾਂ ਦੀ ਹਿੱਸੇਦਾਰੀ, ਲਿੰਗ-ਆਧਾਰਿਤ ਵੋਟਿੰਗ ਰੁਝਾਨ, ਖੇਤਰੀ ਭਿੰਨਤਾਵਾਂ ਅਤੇ ਰਾਜਨੀਤਿਕ ਪਾਰਟੀਆਂ ਦੀ ਕਾਰਗੁਜ਼ਾਰੀ ਵਰਗੀਆਂ ਸ਼੍ਰੇਣੀਆਂ ਦੇ ਅੰਕੜਿਆਂ ਨੂੰ ਸਾਂਝਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਇੰਡੈਕਸ ਕਾਰਡ ਲੋਕ ਸਭਾ ਚੋਣਾਂ ਲਈ ਲਗਭਗ 35 ਅਤੇ ਵਿਧਾਨ ਸਭਾ ਚੋਣਾਂ ਲਈ 14 ਅੰਕੜਾ ਰਿਪੋਰਟਾਂ ਤਿਆਰ ਕਰਨ ਦੀ ਸਮਰੱਥਾ ਰੱਖਦਾ ਹੈ।

ਇਹ ਰਿਪੋਰਟਾਂ ਰਾਜ/ਸੰਸਦੀ ਹਲਕਾ/ਵਿਧਾਨ ਸਭਾ ਹਲਕਾ ਅਨੁਸਾਰ ਵੋਟਰ ਵੇਰਵੇ, ਪੋਲਿੰਗ ਸਟੇਸ਼ਨਾਂ ਦੀ ਗਿਣਤੀ, ਸੂਬਾ ਤੇ ਹਲਕੇ ਅਨੁਸਾਰ ਵੋਟ ਫ਼ੀਸਦੀ, ਮਹਿਲਾ ਵੋਟਰਾਂ ਦੀ ਭਾਗੀਦਾਰੀ, ਰਾਸ਼ਟਰੀ/ਰਾਜ ਪੱਧਰੀ ਪਾਰਟੀਆਂ ਤੇ ਰਜਿਸਟ੍ਰਡ ਗ਼ੈਰ-ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਦਰਸ਼ਨ, ਜੇਤੂ ਉਮੀਦਵਾਰਾਂ ਦਾ ਵਿਸ਼ਲੇਸ਼ਣ, ਹਲਕਾ-ਵਾਰ ਨਤੀਜੇ ਤੇ ਸੰਖੇਪ ਰਿਪੋਰਟਾਂ ਵਰਗੀਆਂ ਸ਼੍ਰੇਣੀਆਂ 'ਚ ਅੰਕੜਿਆਂ ਨੂੰ ਪੇਸ਼ ਕਰਦੀਆਂ ਹਨ। ਇਹ ਅੰਕੜੇ ਚੋਣਾਂ ਉੱਤੇ ਡੂੰਘੀ ਖੋਜ ਕਰਨ ਲਈ ਲਾਹੇਵੰਦ ਹੁੰਦੇ ਹਨ ਤੇ ਲੋਕਤੰਤਰਕ ਚਰਚਾ ਨੂੰ ਵੀ ਮਜ਼ਬੂਤੀ ਦਿੰਦੇ ਹੈ। ਹਾਲਾਂਕਿ ਇਹ ਅੰਕੜਾ ਰਿਪੋਰਟਾਂ ਸਿਰਫ਼ ਅਕਾਦਮਿਕ ਅਤੇ ਖੋਜ ਦੇ ਉਦੇਸ਼ ਲਈ ਹੀ ਹਨ ਅਤੇ ਇਹ ਇੰਡੈਕਸ ਕਾਰਡ ਤੋਂ ਮਿਲੇ ਦੂਜਿਆਂ ਡਾਟਿਆਂ 'ਤੇ ਆਧਾਰਿਤ ਹੁੰਦੀਆਂ ਹਨ, ਜਦਕਿ ਅਸਲ ਅਤੇ ਅੰਤਿਮ ਡਾਟਾ ਸੰਬੰਧਤ ਰਿਟਰਨਿੰਗ ਅਫਸਰਾਂ ਵਲੋਂ ਦਿੱਤੇ ਗਏ ਕਾਨੂੰਨੀ ਫਾਰਮਾਂ 'ਚ ਹੁੰਦਾ ਹੈ।







# ਬਾਬਾ ਸਿੱਦੀਕੀ ਕਤਲਕਾਂਡ ਦਾ ਮਾਸਟਰਮਾਈਂਡ ਸਰੀ ਪੁਲਿਸ ਵੱਲੋਂ ਗ੍ਰਿਫ਼ਤਾਰ

**ਸਰੀ ਪੁਲਿਸ ਨੇ ਭਾਰਤੀ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕੀਤਾ ਗ੍ਰਿਫ਼ਤਾਰ**

ਸਰੀ, (ਪੰਜਾਬ ਮੇਲ)- ਐੱਨ.ਸੀ.ਪੀ. ਆਗੂ ਬਾਬਾ ਸਿੱਦੀਕੀ ਕਤਲਕਾਂਡ ਦੇ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਉਰਫ਼ ਜੱਸੀ ਪੁਰੇਵਾਲ ਨੂੰ ਕੈਨੇਡਾ ਵਿਚ ਸਰੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸਰੀ ਪੁਲਿਸ ਨੇ ਭਾਰਤੀ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਜ਼ੀਸ਼ਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਬਾਬਾ ਸਿੱਦੀਕੀ ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਦੇ ਕਰੀਬੀ ਸਨ ਤੇ ਉਨ੍ਹਾਂ ਦੇ ਕਤਲ ਤੋਂ ਬਾਅਦ ਸਲਮਾਨ ਖ਼ਾਨ ਨੂੰ ਵੀ ਕਈ ਵਾਰ ਧਮਕੀਆਂ ਮਿਲ ਚੁੱਕੀਆਂ ਹਨ।

ਜ਼ੀਸ਼ਾਨ ਅਖਤਰ ਉਰਫ਼ ਜੱਸੀ ਪੁਰੇਵਾਲ ਜਲੰਧਰ ਦੇ ਨਕੋਦਰ ਅਧੀਨ ਆਉਂਦੇ ਪਿੰਡ ਸ਼ੰਕਰ ਨਾਲ ਸਬੰਧਿਤ ਹੈ, ਜੋ ਕਿ ਬਾਬਾ ਸਿੱਦੀਕੀ ਦੇ ਕਤਲ ਮਗਰੋਂ ਕੈਨੇਡਾ ਫਰਾਰ ਹੋ ਗਿਆ ਸੀ। ਉਸ ਦੇ ਕੈਨੇਡਾ ਪਹੁੰਚਣ 'ਚ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਮਦਦ ਕੀਤੀ ਸੀ। ਜ਼ੀਸ਼ਾਨ ਦੇ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਵੀ ਸੰਪਰਕ 'ਚ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ। ਇਸ ਕਾਂਡ ਤੋਂ ਬਾਅਦ ਇਸ ਸਾਲ ਅਪ੍ਰੈਲ ਮਹੀਨੇ ਜਲੰਧਰ 'ਚ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਵੀ ਗ੍ਰਨੇਡ ਹਮਲਾ ਹੋਇਆ ਸੀ, ਜਿਸ 'ਚ ਇਕ ਵਾਰ ਫਿਰ ਜ਼ੀਸ਼ਾਨ ਦਾ ਨਾਂ ਸਾਹਮਣੇ ਆਇਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਗ੍ਰਨੇਡ ਨੂੰ ਜਲੰਧਰ ਪਹੁੰਚਾਉਣ 'ਚ ਜ਼ੀਸ਼ਾਨ ਦੇ ਗੁਰਗਿਆਂ ਨੇ ਮਦਦ ਕੀਤੀ ਸੀ। ਇਸ ਤੋਂ ਬਾਅਦ ਯੂਟਿਊਬਰ ਰੋਜ਼ਰ ਸੰਧੂ ਦੇ ਘਰ ਵੀ ਗ੍ਰਨੇਡ ਹਮਲਾ ਹੋਇਆ ਸੀ, ਜਿਸ 'ਚ ਜ਼ੀਸ਼ਾਨ ਦਾ ਨਾਂ ਆਇਆ ਸੀ। ਇਸ ਮਾਮਲੇ 'ਚ ਜ਼ੀਸ਼ਾਨ ਦੇ ਖ਼ਿਲਾਫ਼ ਮਾਮਲਾ ਵੀ ਦਰਜ ਹੋਇਆ ਸੀ, ਜਿਸ ਮਗਰੋਂ ਜਲੰਧਰ ਪੁਲਿਸ ਦੀ ਵਾਂਟੇਡ ਲਿਸਟ 'ਚ ਵੀ ਉਹ ਸ਼ਾਮਲ ਹੋ ਗਿਆ ਸੀ।

ਜ਼ਿਕਰਯੋਗ ਹੈ ਕਿ 12 ਅਕਤੂਬਰ 2024 ਦੀ ਰਾਤ ਨੂੰ ਬਾਬਾ ਸਿੱਦੀਕੀ ਦੀ ਮੁੰਬਈ 'ਚ ਉਸ ਦੇ ਪੁੱਤਰ ਜ਼ੀਸ਼ਾਨ ਸਿੱਦੀਕੀ ਦੇ ਦਫਤਰ ਦੇ ਬਾਹਰ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ। ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਗੈਂਗ ਨੇ ਦਾਅਵਾ ਕੀਤਾ ਸੀ ਕਿ ਬਾਬਾ ਸਿੱਦੀਕੀ ਬਾਲੀਵੁੱਡ ਸਟਾਰ ਸਲਮਾਨ ਖਾਨ ਦਾ ਕਰੀਬੀ ਸੀ ਤੇ ਇਸੇ ਕਰ ਕੇ ਉਸ ਨੂੰ ਮਾਰ ਦਿੱਤਾ ਗਿਆ।

# ਕੈਨੇਡਾ ਸਰਕਾਰ ਵੱਲੋਂ ਵੰਸ਼ ਆਧਾਰਿਤ ਨਾਗਰਿਕਤਾ ਸਬੰਧੀ ਮੌਜੂਦਾ ਸੀਮਾ ਨੂੰ ਹਟਾਉਣ ਲਈ ਨਵਾਂ ਬਿੱਲ ਪੇਸ਼

**ਭਾਰਤੀ ਪ੍ਰਵਾਸੀਆਂ ਨੂੰ ਹੋਵੇਗਾ ਫਾਇਦਾ**



ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੀ ਸਰਕਾਰ ਨੇ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਸਬੰਧੀ ਮੌਜੂਦਾ ਸੀਮਾ ਨੂੰ ਹਟਾਉਣ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਭਾਰਤੀ ਪ੍ਰਵਾਸੀਆਂ ਅਤੇ ਹੋਰ ਪ੍ਰਵਾਸੀ ਭਾਈਚਾਰਿਆਂ ਨੂੰ ਲਾਭ ਪਹੁੰਚਾਉਣ ਦੀ ਉਮੀਦ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ ਡਾਇਬ ਨੇ ਹਾਲ ਹੀ ਵਿਚ ਸੀ-3 ਸਿਰਲੇਖ ਵਾਲਾ ਇੱਕ ਬਿੱਲ ਪੇਸ਼ ਕੀਤਾ, ਜੋ ਪਹਿਲੀ ਪੀੜ੍ਹੀ ਤੋਂ ਅੱਗੇ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਪ੍ਰਦਾਨ ਕਰੇਗਾ। ਇਸ ਫ਼ੈਸਲੇ ਦਾ ਭਾਰਤੀ ਡਾਇਸਪੋਰਾ ਸਮੇਤ ਕਈ ਪ੍ਰਵਾਸੀਆਂ ਨੇ ਸਵਾਗਤ ਕੀਤਾ ਹੈ।

2009 ਵਿਚ ਲਾਗੂ ਕੀਤਾ ਗਿਆ ਮੌਜੂਦਾ ਨਿਯਮ ਕੈਨੇਡਾ ਤੋਂ ਬਾਹਰ ਪੈਦਾ ਹੋਈ ਪਹਿਲੀ ਪੀੜ੍ਹੀ ਤੱਕ ਹੀ ਵੰਸ਼ ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕਤਾ ਨੂੰ ਸੀਮਤ ਕਰਦਾ ਹੈ। ਇਸਦਾ ਮਤਲਬ ਹੈ ਕਿ ਇੱਕ ਕੈਨੇਡੀਅਨ ਨਾਗਰਿਕ ਜੋ ਖੁਦ ਕੈਨੇਡਾ ਤੋਂ ਬਾਹਰ ਪੈਦਾ ਹੋਇਆ ਸੀ, ਵਿਦੇਸ਼ ਵਿਚ ਪੈਦਾ ਹੋਏ ਬੱਚੇ ਨੂੰ ਆਪਣੀ ਨਾਗਰਿਕਤਾ ਨਹੀਂ ਦੇ ਸਕਦਾ ਸੀ। ਇਸੇ ਤਰ੍ਹਾਂ ਉਹ ਵਿਦੇਸ਼ਾਂ ਵਿਚ ਗੋਦ ਲਏ ਬੱਚੇ ਲਈ ਸਿੱਧੀ ਨਾਗਰਿਕਤਾ ਲਈ ਅਰਜ਼ੀ ਨਹੀਂ ਦੇ ਸਕਦੇ ਸਨ।

ਪ੍ਰਸਤਾਵਿਤ ਬਿੱਲ ਦਾ ਉਦੇਸ਼ ਇਸ ਨੂੰ ਬਦਲਣਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਅਨੁਸਾਰ, "ਵਿਦੇਸ਼ਾਂ ਵਿਚ ਪੈਦਾ ਹੋਏ ਵਿਅਕਤੀਆਂ ਲਈ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਦੀ ਪਹਿਲੀ ਪੀੜ੍ਹੀ ਦੀ ਸੀਮਾ ਦੇ ਨਤੀਜੇ ਵਜੋਂ ਜ਼ਿਆਦਾਤਰ ਕੈਨੇਡੀਅਨ ਨਾਗਰਿਕ ਜੋ ਵੰਸ਼ ਦੁਆਰਾ ਨਾਗਰਿਕ ਹਨ, ਕੈਨੇਡਾ ਤੋਂ ਬਾਹਰ ਪੈਦਾ ਹੋਏ ਜਾਂ ਗੋਦ ਲਏ ਗਏ ਆਪਣੇ ਬੱਚੇ ਨੂੰ ਨਾਗਰਿਕਤਾ ਨਹੀਂ ਦੇ ਸਕਦੇ।

ਇਹ ਪ੍ਰਸਤਾਵਿਤ ਸੋਧ ਪਿਛਲੇ ਸਾਲ ਦੇ ਇੱਕ ਅਦਾਲਤੀ ਫੈਸਲੇ ਦੇ ਮੱਦੇਨਜ਼ਰ ਆਈ ਹੈ, ਜਿਸ ਵਿਚ ਪਹਿਲੀ ਪੀੜ੍ਹੀ ਦੀ ਸੀਮਾ ਨੂੰ ਗੈਰ-ਸੰਵਿਧਾਨਕ ਦੱਸਿਆ ਗਿਆ ਸੀ। ਇਹ ਕਾਨੂੰਨ ਪਿਛਲੇ ਮਾਰਚ ਵਿਚ ਸਾਬਕਾ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦੁਆਰਾ ਵੀ ਪੇਸ਼ ਕੀਤਾ ਗਿਆ ਸੀ, ਪਰ ਇਸਨੂੰ ਪਾਸ ਨਹੀਂ ਕੀਤਾ ਜਾ ਸਕਿਆ, ਜਿਸਦੇ ਨਤੀਜੇ ਵਜੋਂ ਇਸਨੂੰ ਦੁਬਾਰਾ ਪੇਸ਼ ਕੀਤਾ ਗਿਆ। ਜੇਕਰ ਬਿੱਲ ਸੀ-3 ਪਾਸ ਹੋ ਜਾਂਦਾ ਹੈ, ਤਾਂ ਇਹ ਆਪਣੇ ਆਪ ਹੀ ਉਨ੍ਹਾਂ ਵਿਅਕਤੀਆਂ ਨੂੰ ਨਾਗਰਿਕਤਾ ਪ੍ਰਦਾਨ ਕਰ ਦੇਵੇਗਾ, ਜੋ ਪਹਿਲਾਂ ਦੀਆਂ ਪਾਬੰਦੀਆਂ ਨਾ ਹੋਣ 'ਤੇ ਯੋਗ ਹੁੰਦੇ। ਇਹ ਇੱਕ ਨਵੀਂ ਪ੍ਰਣਾਲੀ ਦਾ ਵੀ ਪ੍ਰਸਤਾਵ ਰੱਖਦਾ ਹੈ, ਜਿਸ ਦੇ ਤਹਿਤ ਵਿਦੇਸ਼ਾਂ ਵਿਚ ਜਨਮੇ ਕੈਨੇਡੀਅਨ ਮਾਪੇ ਆਪਣੇ ਵਿਦੇਸ਼ੀ ਜੰਮੇ ਬੱਚਿਆਂ ਨੂੰ ਨਾਗਰਿਕਤਾ ਦੇ ਸਕਦੇ ਹਨ - ਬਸ਼ਰਤੇ ਮਾਪੇ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ ਘੱਟੋ-ਘੱਟ 1,095 ਦਿਨ (ਜਾਂ ਤਿੰਨ ਸਾਲ) ਕੈਨੇਡਾ ਵਿਚ ਰਹੇ ਹੋਣ। ਆਈ.ਆਰ.ਸੀ.ਸੀ. ਮੁਤਾਬਕ, "ਜੇਕਰ ਬਿੱਲ ਸੰਸਦ ਦੇ ਦੋਵੇਂ ਸਦਨਾਂ ਵਿਚ ਪਾਸ ਹੋ ਜਾਂਦਾ ਹੈ ਅਤੇ ਵੱਡੀ ਮਨਜ਼ੂਰੀ ਪ੍ਰਾਪਤ ਕਰਦਾ ਹੈ, ਤਾਂ ਅਸੀਂ ਇਨ੍ਹਾਂ ਤਬਦੀਲੀਆਂ ਨੂੰ ਲਾਗੂ ਕਰਨ ਲਈ ਜਿੰਨੀ ਜਲਦੀ ਹੋ ਸਕੇ ਕੰਮ ਕਰਾਂਗੇ।"

# ਸੇਬੀ ਵੱਲੋਂ ਮੇਹੁਲ ਚੋਕਸੀ ਦੇ ਖਾਤੇ ਕੁਰਕ ਕਰਨ ਦਾ ਹੁਕਮ



ਨਵੀਂ ਦਿੱਲੀ, (ਪੰਜਾਬ ਮੇਲ)- ਮਾਰਕੀਟ ਰੈਗੂਲੇਟਰ ਸੇਬੀ ਨੇ ਗੀਤਾਂਜਲੀ ਜੇਮਜ਼ ਦੇ ਸ਼ੇਅਰਾਂ ਵਿਚ ਅੰਦਰੂਨੀ ਵਪਾਰ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿਚ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੇ ਬੈਂਕ ਖਾਤਿਆਂ, ਸ਼ੇਅਰਾਂ ਅਤੇ ਮਿਊਚੁਅਲ ਫੰਡ ਹੋਲਡਿੰਗਜ਼ ਨੂੰ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ। ਇਹ ਤਾਜ਼ਾ ਕਦਮ 15 ਮਈ ਨੂੰ ਚੋਕਸੀ ਨੂੰ ਜਾਰੀ ਕੀਤੇ ਗਏ ਇੱਕ ਡਿਮਾਂਡ ਨੋਟਿਸ ਤੋਂ ਬਾਅਦ ਆਇਆ ਹੈ। ਨੋਟਿਸ ਵਿਚ 15 ਦਿਨਾਂ ਦੇ ਅੰਦਰ ਭੁਗਤਾਨ ਕਰਨ 'ਚ ਅਸਫਲ ਰਹਿਣ 'ਤੇ ਜਾਇਦਾਦਾਂ ਦੇ ਨਾਲ-ਨਾਲ ਬੈਂਕ ਖਾਤਿਆਂ ਨੂੰ ਵੀ ਜ਼ਬਤ ਕਰਨ ਦੀ ਚੇਤਾਵਨੀ ਦਿੱਤੀ ਗਈ ਸੀ। ਚੋਕਸੀ, ਜੋ ਕਿ ਗੀਤਾਂਜਲੀ ਜੇਮਜ਼ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਦੇ ਨਾਲ-ਨਾਲ ਪ੍ਰਮੋਟਰ ਸਮੂਹ ਦਾ ਹਿੱਸਾ ਸੀ, ਨੀਰਵ ਮੋਦੀ ਦਾ ਮਾਮਾ ਹੈ।

# ਮਾਲਿਆ ਦੀ ਕਥਿਤ ਟਿੱਪਣੀ ਪਿੱਛੋਂ ਕਾਂਗਰਸ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ

ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਨੇ ਸ਼ੁੱਕਰਵਾਰ ਨੂੰ ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਦੀ ਕਥਿਤ ਟਿੱਪਣੀ 'ਤੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਕਿ ਉਸਨੇ 2016 ਵਿਚ ਦੇਸ਼ ਛੱਡਣ ਤੋਂ ਪਹਿਲਾਂ ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਇਸ ਬਾਰੇ ਸੂਚਿਤ ਕੀਤਾ ਸੀ। ਇਸ ਸਬੰਧੀ ਕਾਂਗਰਸ ਨੇ ਕਿਹਾ ਕਿ "ਨਰਿੰਦਰ ਦਾ ਪੂਰਾ ਸਿਸਟਮ ਆਤਮ ਸਮਰਪਣ ਕਰ ਗਿਆ ਹੈ"।

ਇੱਕ ਹੋਰ ਤਨਜ਼ ਵਿਚ, ਵਿਰੋਧੀ ਪਾਰਟੀ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ ਦਾ "ਪਕੌੜਾ ਅਰਥਸ਼ਾਸਤਰ" ਇਸ ਦੀ ਥਾਂ "ਭਗੌੜਾ ਅਰਥਸ਼ਾਸਤਰ" ਵਿਚ ਬਦਲ ਗਿਆ ਹੈ। ਗੌਰਤਲਬ ਹੈ ਕਿ ਕਾਂਗਰਸ ਅਕਸਰ 'ਪਕੌੜਾਨੋਮਿਕਸ' ਸ਼ਬਦ ਦੀ ਵਰਤੋਂ ਕਰ ਕੇ ਸਰਕਾਰ ਦਾ ਮਜ਼ਾਕ ਉਡਾਉਂਦੀ ਹੈ, ਜੋ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 2018 ਵਿਚ ਕੀਤੀ ਗਈ ਟਿੱਪਣੀ ਦਾ ਸਪੱਸ਼ਟ ਹਵਾਲਾ ਹੈ, ਜਦੋਂ ਮੋਦੀ ਨੇ ਕਿਹਾ ਸੀ ਕਿ 'ਪਕੌੜੇ' ਵੇਚਣਾ ਵੀ ਰੁਜ਼ਗਾਰ ਹੈ।

ਕਾਂਗਰਸ ਨੇ ਹਾਲ ਹੀ ਵਿਚ ਮਾਲਿਆ ਦੁਆਰਾ ਸੋਸ਼ਲ ਮੀਡੀਆ ਇਨਫਲੂਐਂਸਰ ਰਾਜ ਸ਼ਮਾਨੀ ਨਾਲ ਕੀਤੇ ਗਏ ਇੱਕ ਪੋਡਕਾਸਟ ਦੀ ਇੱਕ ਵੀਡੀਓ ਕਲਿੱਪ ਸਾਂਝੀ ਕੀਤੀ, ਜਿਸ ਵਿਚ ਉਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ 2016 ਵਿਚ ਭਾਰਤ ਛੱਡਣ ਤੋਂ ਪਹਿਲਾਂ ਜੇਤਲੀ ਨੂੰ ਸੂਚਿਤ ਕੀਤਾ ਸੀ। ਪਾਰਟੀ ਨੇ ਕਿਹਾ ਕਿ "ਇਹ ਸਪੱਸ਼ਟ ਹੈ ਕਿ ਦੇਸ਼ ਤੋਂ ਫਰਾਰ ਹੋਣ ਵਾਲੇ ਕਾਰੋਬਾਰੀ ਦੇ ਮਾਮਲੇ ਵਿਚ ਮੋਦੀ ਸਰਕਾਰ ਦਾ ਹੱਥ ਸੀ"। ਪਾਰਟੀ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਵੀ ਇਹੀ ਕਲਿੱਪ ਪੋਸਟ ਕੀਤੀ।

ਮਾਲਿਆ ਨੂੰ ਕਲਿੱਪ ਵਿਚ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ, "ਮੈਂ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਦੱਸਿਆ ਅਤੇ ਫਿਰ ਮੈਂ ਦਿੱਲੀ ਤੋਂ ਲੰਡਨ ਲਈ ਉਡਾਣ ਭਰੀ, ਮੈਂ ਐੱਫ.ਆਈ.ਏ. ਵਿਸ਼ਵ ਕੌਂਸਲ ਦੀ ਮੀਟਿੰਗ ਲਈ ਜੇਨੇਵਾ ਜਾ ਰਿਹਾ ਸੀ, ਜੋ ਮਹੀਨੇ ਪਹਿਲਾਂ ਤੈਅ ਕੀਤੀ ਗਈ ਸੀ। ਮੈਂ ਵਿੱਤ ਮੰਤਰੀ ਨੂੰ ਕਿਹਾ ਕਿਉਂਕਿ ਮੈਂ ਸੰਸਦ ਤੋਂ ਦਿੱਲੀ ਹਵਾਈ ਅੱਡੇ ਗਿਆ ਸੀ। ਜਦੋਂ ਇਹ ਖ਼ਬਰ ਮੀਡੀਆ ਵਿਚ ਆਈ, ਤਾਂ ਇਸਨੇ ਇੱਕ ਵਾਰ ਫਿਰ ਤੂਫਾਨ ਮਚਾ ਦਿੱਤਾ।"

ਉਸ ਨੇ ਕਿਹਾ, ਲੋਕ ਜੇਤਲੀ ਕੋਲ ਭੱਜੇ ਗਏ, ਜਿਨ੍ਹਾਂ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਫਿਰ, ਇੱਕ ਕਾਂਗਰਸ ਸੰਸਦ ਮੈਂਬਰ ਨੇ ਉਨ੍ਹਾਂ ਨੂੰ ਇਕੱਠੇ ਦੇਖਿਆ ਅਤੇ ਮੀਡੀਆ ਨੂੰ ਦੱਸਿਆ।

"ਸ੍ਰੀ ਜੇਤਲੀ ਨੂੰ ਆਪਣਾ ਬਿਆਨ ਵਾਪਸ ਲੈਣਾ ਪਿਆ ਅਤੇ ਕਿਹਾ, 'ਹਾਂ, ਹਾਂ ਮੈਂ ਉਸਨੂੰ ਮਿਲਿਆ ਸੀ ਪਰ ਸਿਰਫ ਤੁਰਦੇ-ਤੁਰਦੇ, ਇਹ ਇੱਕ ਅਸਥਾਈ ਮੁਲਾਕਾਤ ਸੀ'। ਮੈਂ ਕਦੇ ਨਹੀਂ ਕਿਹਾ ਕਿ ਮੈਂ ਸ੍ਰੀ ਜੇਤਲੀ ਦੇ ਦਫਤਰ ਗਿਆ ਸੀ, ਉਸਦੇ ਸਾਹਮਣੇ ਬੈਠਾ ਸੀ, ਉਸ ਨਾਲ ਚਾਹ ਪੀਤੀ ਸੀ... ਮੈਂ ਸਿਰਫ ਇਹ ਕਿਹਾ ਸੀ ਕਿ ਮੈਂ ਜਾਂਦੇ ਸਮੇਂ ਵਿੱਤ ਮੰਤਰੀ ਨੂੰ ਕਿਹਾ ਸੀ, ਮੈਂ ਲੰਡਨ ਜਾ ਰਿਹਾ ਹਾਂ, ਮੈਨੂੰ ਇੱਕ ਮੀਟਿੰਗ ਲਈ ਜੇਨੇਵਾ ਜਾਣਾ ਹੈ, ਮੈਂ ਵਾਪਸ ਆਵਾਂਗਾ, ਕਿਰਪਾ ਕਰਕੇ ਬੈਂਕਾਂ ਨੂੰ ਕਹੋ ਕਿ ਉਹ ਮੇਜ਼ ਉਤੇ ਬੈਠਣ ਅਤੇ ਮੇਰੇ ਨਾਲ ਸਮਝੌਤਾ ਕਰਨ।"

# ਕੈਨੇਡਾ ਵਿਚ ਸ਼ਰਨਾਰਥੀ ਦਾਅਵਿਆਂ ਨੂੰ ਸੀਮਤ ਕਰਨ ਲਈ ਬਿੱਲ ਸੀ-2 ਪੇਸ਼

**ਫੈਡਰਲ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਵਧੇਰੇ ਅਧਿਕਾਰ ਦੇਣ ਲਈ ਪੇਸ਼ ਕੀਤਾ ਬਿੱਲ**

ਵਿਨੀਪੈਗ, (ਪੰਜਾਬ ਮੇਲ)- ਪਿਛਲੇ ਦਿਨੀਂ ਫੈਡਰਲ ਸਰਕਾਰ ਨੇ ਇਕ ਬਿੱਲ ਪੇਸ਼ ਕੀਤਾ ਹੈ, ਜਿਹੜਾ ਕੈਨੇਡਾ ਵਿਚ ਸ਼ਰਨਾਰਥੀ ਦਾਅਵਿਆਂ ਨੂੰ ਕਾਫ਼ੀ ਹੱਦ ਤੱਕ ਸੀਮਤ ਕਰ ਦੇਵੇਗਾ ਅਤੇ ਅਧਿਕਾਰੀਆਂ ਨੂੰ ਸਮੂਹਿਕ ਤੌਰ 'ਤੇ ਪ੍ਰਵਾਸ ਅਰਜ਼ੀਆਂ ਰੱਦ ਕਰਨ ਦੀ ਤਾਕਤ ਦੇਵੇਗਾ। ਬਿੱਲ ਵਿਚ ਕੈਨੇਡਾ ਨੂੰ ਬਾਹਰ ਤੋਂ ਨਸ਼ਿਆਂ ਤੇ ਗ਼ੈਰਕਨੂੰਨੀ ਵਸਤਾਂ ਘਟਾਉਣ ਦੇ ਉਦੇਸ਼ ਨਾਲ ਵਿਆਪਕ ਸਰਹੱਦੀ ਸੁਰੱਖਿਆ ਉਪਾਅ ਵੀ ਸ਼ਾਮਲ ਹਨ, ਜਦਕਿ ਸੁਰੱਖਿਆ ਏਜੰਸੀਆਂ ਨੂੰ ਇਲੈਕਟ੍ਰਾਨਿਕ ਸੰਚਾਰ ਬਾਰੇ ਸੂਚਨਾ ਇਕੱਤਰ ਕਰਨ ਲਈ ਨਵੇਂ ਅਧਿਕਾਰ ਦਿੱਤੇ ਜਾ ਰਹੇ ਹਨ।

ਬਿੱਲ ਸੀ-2 ਅਧਿਕਾਰੀਆਂ ਨੂੰ 'ਜਨਤਕ ਹਿਤ' 'ਚ ਇਮੀਗ੍ਰੇਸ਼ਨ ਦਸਤਾਵੇਜ਼ਾਂ ਨੂੰ ਰੱਦ, ਮੁਅੱਤਲ ਜਾਂ ਬਦਲਣ ਦੀ ਆਗਿਆ ਦਿੰਦਾ ਹੈ। ਇਸ ਬਿਲ 'ਚ ਕਈ ਕਾਨੂੰਨਾਂ 'ਚ ਬਦਲਾਅ ਦਾ ਪ੍ਰਸਤਾਵ ਹੈ, ਜਿਨ੍ਹਾਂ ਵਿਚ ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ, ਓਸ਼ੀਅਨਜ਼ ਐਕਟ, ਸੈਕਸ ਅਪਰਾਧੀ ਜਾਣਕਾਰੀ ਰਜਿਸਟ੍ਰੇਸ਼ਨ ਐਕਟ, ਕ੍ਰਿਮੀਨਲ ਕੋਡ ਅਤੇ ਕੈਨੇਡੀਅਨ ਸੁਰੱਖਿਆ ਖ਼ੁਫੀਆ ਸਰਵਿਸ ਐਕਟ ਸ਼ਾਮਲ ਹਨ।

ਇਨ੍ਹਾਂ ਤਬਦੀਲੀਆਂ ਨਾਲ ਇਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੂੰ ਕੈਨੇਡਾ ਦੇ ਅੰਦਰ ਵੱਖ-ਵੱਖ ਏਜੰਸੀਆਂ ਨਾਲ ਜਾਣਕਾਰੀ ਨੂੰ ਵਧੇਰੇ ਵਿਆਪਕ ਰੂਪ ਵਿਚ ਸਾਂਝਾ ਕਰਨ ਦੀ ਆਗਿਆ ਮਿਲਦੀ ਹੈ। ਦੇਸ਼ ਵਿਚ ਦਾਖਲ ਹੋਣ ਦੇ ਇੱਕ ਸਾਲ ਦੇ ਅੰਦਰ-ਅੰਦਰ ਸ਼ਰਨ ਦੇ ਦਾਅਵੇ ਵੀ ਕਰਨੇ ਪੈਣਗੇ, ਜਿਸ ਵਿਚ ਵਿਦਿਆਰਥੀਆਂ ਅਤੇ ਅਸਥਾਈ ਨਿਵਾਸੀ ਵੀ ਸ਼ਾਮਲ ਹਨ।



ਪਬਲਿਕ ਸੇਫ਼ਟੀ ਮਨਿਸਟਰ ਗੈਰੀ ਅਨੰਦਾਸੰਗਾਰੀ ਬਿੱਲ ਸੀ-2 ਪੇਸ਼ ਕਰਦੇ ਹੋਏ।

ਇਹ ਬਿੱਲ ਆਨੰਦਸੰਗਾਰੀ ਨੇ ਪੇਸ਼ ਕੀਤਾ, ਜਿਹੜਾ ਜਥੇਬੰਦਕ ਅਪਰਾਧ ਦਾ ਮੁਕਾਬਲਾ ਕਰਨ, ਫੈਂਟਾਨਿਲ ਦਾ ਪ੍ਰਵਾਹ ਰੋਕਣ ਅਤੇ ਪ੍ਰਵਾਸ ਪ੍ਰਣਾਲੀ ਨੂੰ ਸਖ਼ਤ ਕਰਦਾ ਹੈ। ਇਸ ਬਿੱਲ ਦੀ ਸ਼ਰਨਾਰਥੀ ਐਡਵੋਕੇਟਸ ਨੇ ਆਲੋਚਨਾ ਕੀਤੀ ਹੈ। ਉਨ੍ਹਾਂ ਸਰਕਾਰ 'ਤੇ ਪ੍ਰਵਾਸੀਆਂ ਅਤੇ ਅੱਤਿਆਚਾਰ ਤੋਂ ਭੱਜ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ ਹੈ। ਇਸ ਬਿੱਲ ਤਹਿਤ ਜਿਹੜਾ ਵੀ ਵਿਅਕਤੀ ਕੈਨੇਡਾ ਵਿਚ ਇਕ ਸਾਲ ਤੋਂ ਜ਼ਿਆਦਾ ਸਮੇਂ ਪਿੱਛੋਂ ਸ਼ਰਨ ਦਾ ਕਲੇਮ ਕਰੇਗਾ, ਤਾਂ ਉਨ੍ਹਾਂ ਦੇ ਮਾਮਲੇ 'ਤੇ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਵਿਚਾਰ ਨਹੀਂ ਕਰੇਗਾ ਅਤੇ ਇਸ ਦੀ ਬਜਾਏ ਵਿਅਕਤੀ ਡਿਪੋਰਟ ਕੀਤੇ ਜਾਣ ਦਾ ਸਾਹਮਣਾ ਕਰੇਗਾ ਪਰ ਉਨ੍ਹਾਂ ਨੂੰ ਪਹਿਲਾਂ ਜ਼ੋਖ਼ਮ ਮੁਲਾਂਕਣ ਦੀ ਪੇਸ਼ਕਸ਼

# ਨੈਸ਼ਨਲ ਗਾਰਡ ਤਾਇਨਾਤ ਕਰਨਾ ਤਾਨਾਸ਼ਾਹੀ ਕਾਰਵਾਈ, ਪ੍ਰਭੂਸੱਤਾ ਦੀ ਉਲੰਘਣਾ : ਕੈਲੀਫੋਰਨੀਆ ਗਵਰਨਰ

**ਲਿਖੇ ਪੱਤਰ ਵਿਚ ਕੈਲੀਫੋਰਨੀਆ ਦਾ ਕੰਟਰੋਲ ਵਾਪਸ ਕਰਨ ਲਈ ਕਿਹਾ**

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ 'ਤੇ ਲਾਸ ਏਂਜਲਸ ਵਿਚ ਨੈਸ਼ਨਲ ਗਾਰਡ ਪੁਜ ਗਏ ਹਨ, ਜਦਕਿ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਨਿਰੰਤਰ ਜਾਰੀ ਹੈ। ਪ੍ਰਦਰਸ਼ਨਕਾਰੀਆਂ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਜਵਾਨਾਂ ਵਿਚਾਲੇ ਤਾਜ਼ਾ ਝੜਪਾਂ ਹੋਣ ਦੀਆਂ ਖਬਰਾਂ ਹਨ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਪ੍ਰਗਟਾਏ ਤਿੱਖੇ ਪ੍ਰਤੀਕਰਮ ਦੇ ਬਾਵਜੂਦ ਟਰੰਪ ਨੇ ਲਾਸ ਏਂਜਲਸ ਵਿਚ 2000 ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਆਦੇਸ਼ ਦਿੱਤਾ। ਯੂ.ਐੱਸ. ਨਾਰਦਰਨ ਕਮਾਂਡ ਨੇ ਕਿਹਾ ਹੈ ਕਿ ਸੰਘੀ ਜਾਇਦਾਦ ਦੀ ਰਾਖੀ ਲਈ ਲਾਸ ਏਂਜਲਸ ਦੇ 3 ਸਥਾਨਾਂ 'ਤੇ ਨੈਸ਼ਨਲ ਗਾਰਡ ਤਾਇਨਾਤ ਕੀਤੇ ਗਏ ਹਨ। ਨਿਊਸਮ ਨੇ ਟਰੰਪ ਦੁਆਰਾ ਨੈਸ਼ਨਲ ਗਾਰਡ ਤਾਇਨਾਤ ਕੀਤੇ ਜਾਣ ਨੂੰ ਤਾਨਾਸ਼ਾਹੀ ਕਾਰਵਾਈ ਕਿਹਾ ਹੈ। ਗਵਰਨਰ ਨੇ ਲਿਖੇ ਇਕ ਪੱਤਰ ਵਿਚ ਫੌਜ ਦੀ ਤਾਇਨਾਤੀ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਟਰੰਪ ਪ੍ਰਸ਼ਾਸਨ ਕੋਲੋਂ ਇਸ ਸਬੰਧੀ ਜਾਰੀ ਆਦੇਸ਼ ਵਾਪਸ ਲੈਣ ਦੀ ਮੰਗ ਕੀਤੀ ਹੈ। ਗਵਰਨਰ ਨੇ ਕਿਹਾ ਹੈ ਕਿ ਟਰੰਪ ਦਾ ਨਿਰਣਾ ਰਾਜ ਦੀ ਪ੍ਰਭੂਸੱਤਾ ਦੀ ਗੰਭੀਰ ਉਲੰਘਣਾ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਨਿਯੰਤਰਣ ਕੈਲੀਫੋਰਨੀਆ ਨੂੰ ਵਾਪਸ ਕੀਤਾ ਜਾਵੇ। ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਕਰਨ ਲਈ ਡਾਊਨਟਾਊਨ ਲਾਸ ਏਂਜਲਸ ਵਿਚ ਸੈਂਕੜੇ ਲੋਕ ਇੱਕਠੇ ਹੋਏ ਤੇ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ। ਲਾਸ ਏਂਜਲਸ ਪੁਲਿਸ ਵਿਭਾਗ ਨੇ ਪਾਈ ਇਕ ਸੋਸ਼ਲ ਪੋਸਟ ਵਿਚ ਕਿਹਾ ਹੈ ਕਿ ਹਰ ਇਕ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਹੱਕ ਹੈ ਪਰੰਤੂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਜਾਂ ਅਫਸਰਾਂ ਉਪਰ ਹਮਲਾ ਕਰਨਾ ਸਹਿਣ ਨਹੀਂ ਕੀਤਾ ਜਾਵੇਗਾ।






ਡਾਊਨ ਟਾਊਨ ਲਾਸ ਏਂਜਲਸ 'ਚ ਮੈਟਰੋਪੋਲੀਟਨ ਡੀਟੈਨਸ਼ਨ ਸੈਂਟਰ ਦੇ ਬਾਹਰ ਇਕੱਤਰ ਹੋਏ ਪ੍ਰਦਰਸ਼ਨਕਾਰੀਆਂ ਵਿਰੁੱਧ ਕਾਰਵਾਈ ਲਈ ਤਿਆਰ ਖੜ੍ਹੇ ਨੈਸ਼ਨਲ ਗਾਰਡ ਅਤੇ ਪ੍ਰਦਰਸ਼ਨਕਾਰੀਆਂ ਨਾਲ ਝੜਪਾਂ ਦਾ ਇਕ ਦ੍ਰਿਸ਼।

# ਦਿੱਲੀ ਹਵਾਈ ਅੱਡੇ ’ਤੇ 3 ਮਹੀਨਿਆਂ ਲਈ 100 ਤੋਂ ਵੱਧ ਉਡਾਣਾਂ ਰਹਿਣਗੀਆਂ ਰੱਦ

**■ 86 ਉਡਾਣਾਂ ਦਾ ਬਦਲਿਆ ਜਾਵੇਗਾ ਸਮਾਂ**



**ਨਵੀਂ ਦਿੱਲੀ, (ਪੰਜਾਬ ਮੇਲ)-** 15 ਜੂਨ ਤੋਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਕੁਝ ਬਦਲਾਅ ਹੋਣ ਜਾ ਰਹੇ ਹਨ। ਇਸ ਬਦਲਾਅ ਨਾਲ ਯਾਤਰੀਆਂ ਨੂੰ ਕੁਝ ਅਸੁਵਿਧਾ ਹੋ ਸਕਦੀ ਹੈ। 15 ਜੂਨ ਤੋਂ ਅਗਲੇ ਤਿੰਨ ਮਹੀਨਿਆਂ ਤੱਕ ਦਿੱਲੀ ਹਵਾਈ ਅੱਡੇ ’ਤੇ ਹਰ ਰੋਜ਼ ਲਗਭਗ 114 ਉਡਾਣਾਂ ਰੱਦ ਕੀਤੀਆਂ ਜਾਣਗੀਆਂ ਅਤੇ ਲਗਭਗ 86 ਉਡਾਣਾਂ ਦਾ ਸਮਾਂ ਬਦਲਿਆ ਜਾਵੇਗਾ। ਇਹ ਦਿੱਲੀ ਹਵਾਈ ਅੱਡੇ ਦੇ ਇੱਕ ਰਨਵੇ ਦੀ ਮੁਰੰਮਤ ਕਾਰਨ ਕੀਤਾ ਜਾ ਰਿਹਾ ਹੈ।

ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡਾ ਲਿਮਟਿਡ (ਡੀ.ਆਈ.ਏ.ਐੱਲ.) ਨੇ ਕਿਹਾ ਕਿ ਇਹ ਫੈਸਲਾ ਰਨਵੇ 10/28 ਨੂੰ ਬਿਹਤਰ ਬਣਾਉਣ ਲਈ ਲਿਆ ਗਿਆ ਹੈ, ਤਾਂ ਜੋ ਭਵਿੱਖ ਵਿਚ ਉਡਾਣਾਂ ਦਾ ਸੰਚਾਲਨ ਬਿਹਤਰ ਹੋ ਸਕੇ। ਦਿੱਲੀ ਹਵਾਈ ਅੱਡੇ ਤੋਂ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਸੁਝਾਅ ਦਿੱਤਾ ਗਿਆ ਹੈ ਕਿ ਉਹ ਆਪਣੀ ਉਡਾਣ ਨਾਲ ਸਬੰਧਤ ਸਾਰੀ ਜਾਣਕਾਰੀ ਪਹਿਲਾਂ ਤੋਂ ਹੀ ਚੈੱਕ ਕਰ ਲੈਣ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕੇ।

ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਚਾਰ ਰਨਵੇਅ ਵਿਚੋਂ ਇੱਕ ਨੂੰ 15 ਸਤੰਬਰ ਤੱਕ ਬੰਦ ਕੀਤਾ ਜਾ ਰਿਹਾ ਹੈ, ਕਿਉਂਕਿ ਰਨਵੇਅ ਦੇ ਇੰਸਟਰੂਮੈਂਟ ਲੈਂਡਿੰਗ ਸਿਸਟਮ (ਆਈ.ਐੱਲ.ਐੱਸ.) ਨੂੰ ਅੱਪਡੇਟ ਕੀਤਾ ਜਾ ਰਿਹਾ ਹੈ। ਇਸ ਅੱਪਗ੍ਰੇਡ ਤੋਂ ਬਾਅਦ ਰਨਵੇਅ ਨੂੰ ਸੀ.ਏ.ਟੀ.-3 ਮਿਆਰਾਂ ਅਨੁਸਾਰ ਤਿਆਰ ਕੀਤਾ ਜਾਵੇਗਾ ਤਾਂ ਜੋ ਸੰਘਣੀ ਧੁੰਦ ਜਾਂ ਘੱਟ ਦ੍ਰਿਸ਼ਟੀ ਵਾਲੀਆਂ ਸਥਿਤੀਆਂ ਵਿਚ ਵੀ ਜਹਾਜ਼ ਸੁਰੱਖਿਅਤ ਢੰਗ ਨਾਲ ਉਤਰ ਸਕਣ। ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡਾ ਲਿਮਟਿਡ ਦੇ ਸੀ.ਈ.ਓ. ਵਿਦੇਹ ਕੁਮਾਰ ਜੈਪੁਰੀਅਰ ਨੇ ਕਿਹਾ ਕਿ ਸਰਦੀਆਂ ਵਿਚ ਧੁੰਦ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਨਵੇਅ ਨੂੰ ਕੁਝ ਸਮੇਂ ਲਈ ਬੰਦ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਅੱਪਗ੍ਰੇਡ ਰਾਹੀਂ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਉਡਾਣ ਸੰਚਾਲਨ ਵਧੇਰੇ ਸੁਰੱਖਿਅਤ ਅਤੇ ਬਿਨਾਂ ਕਿਸੇ ਰੁਕਾਵਟ ਦੇ ਚੱਲ ਸਕਣ, ਖਾਸ ਕਰਕੇ ਘੱਟ ਦ੍ਰਿਸ਼ਟੀ ਵਾਲੇ ਮੌਸਮ ਵਿਚ।

ਰਨਵੇਅ 10/28 ਨੂੰ ਪਹਿਲਾਂ ਅਪ੍ਰੈਲ ਵਿਚ ਮੁਰੰਮਤ ਲਈ ਬੰਦ ਕੀਤਾ ਗਿਆ ਸੀ ਪਰ ਉਸ ਸਮੇਂ ਯਾਤਰੀਆਂ ਦੀ ਜ਼ਿਆਦਾ ਗਿਣਤੀ ਅਤੇ ਉਡਾਣਾਂ ਦੀ ਮੰਗ ਕਾਰਨ ਇਸਨੂੰ ਦੁਬਾਰਾ ਖੋਲ੍ਹਣਾ ਪਿਆ। ਹੁਣ ਇਸ ਰਨਵੇਅ ਨੂੰ 15 ਜੂਨ ਤੋਂ 15 ਸਤੰਬਰ ਤੱਕ ਬੰਦ ਰੱਖਣ ਦਾ ਇੱਕ ਨਵਾਂ ਸਮਾਂ-ਸਾਰਣੀ ਬਣਾਈ ਗਈ ਹੈ, ਜਿਸਦਾ ਫੈਸਲਾ ਏਅਰਲਾਈਨਾਂ ਅਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਸਲਾਹ-ਮਸ਼ਵਰਾ ਕਰਕੇ ਕੀਤਾ ਗਿਆ ਹੈ, ਤਾਂ ਜੋ ਮੁਰੰਮਤ ਦਾ ਕੰਮ ਬਿਨਾਂ ਕਿਸੇ ਰੁਕਾਵਟ ਦੇ ਪੂਰਾ ਕੀਤਾ ਜਾ ਸਕੇ।

## ਕੈਨੇਡਾ ਵੱਲੋਂ ਆਪਣੇ ਨਾਗਰਿਕਾਂ ਨੂੰ ਅਮਰੀਕਾ ਜਾਣ ਤੋਂ ਗੁਰੇਜ਼ ਕਰਨ ਦੀ ਅਪੀਲ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਜਾਣ ਦੇ ਇੱਛੁਕ ਆਪਣੇ ਨਾਗਰਿਕਾਂ ਨੂੰ ਗੁਆਂਢੀ ਦੇਸ਼ ਦੀਆਂ ਸਰਹੱਦੀ ਸਖ਼ਤੀਆਂ ਕਾਰਨ ਅਮਰੀਕਾ ਜਾਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ। ਬੇਸ਼ੱਕ ਮਾਰਚ ਤੋਂ ਬਾਅਦ ਅਮਰੀਕੀ ਸਰਹੱਦ ਤੋਂ ਆਰ-ਪਾਰ ਦੀ ਅਵਾਜਾਈ ਅੱਧੀ ਤੋਂ ਵੀ ਘੱਟ ਚੁੱਕੀ ਹੈ, ਪਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਬੀਤੇ ਦਿਨੀਂ ਲਾਈਆਂ ਕੁਝ ਹੋਰ ਪਬੰਦੀਆਂ ਦੇ ਮੱਦੇਨਜ਼ਰ ਸਰਕਾਰ ਨੇ ਸੁਚੇਤ ਕੀਤਾ ਹੈ ਕਿ ਸੜਕੀ, ਹਵਾਈ ਜਾਂ ਸਮੁੰਦਰੀ ਰਸਤਿਆਂ ’ਚੋਂ ਕਿਸੇ ਰਸਤੇ ਵੀ ਅਮਰੀਕਾ ਜਾਣ ਵਾਲੇ ਕੈਨੇਡਿਆਈ ਨਾਗਰਿਕ ਜੇ ਸਰਹੱਦੀ ਲਾਂਘੇ ਰਾਹੀਂ ਜਾਣ ਜਾਂ ਵਾਪਸ ਆਉਣ ਵੇਲੇ ਰੋਕੇ ਜਾਂਦੇ ਹਨ, ਤਾਂ ਉਹ ਕੈਨੇਡਾ ਸਰਕਾਰ ਤੋਂ ਕਿਸੇ ਮਦਦ ਦੀ ਝਾਕ ਨਾ ਰੱਖਣ। ਸਰਕਾਰ ਨੇ ਕਿਹਾ ਕਿ ਉਹ ਆਪਣੇ ਨਾਗਰਿਕਾਂ ਦੀ ਸਰਹੱਦ ਪਾਰ ਜਾਣ ਦੀ ਮਜਬੂਰੀ ਸਮਝਦੇ ਹਨ, ਪਰ ਕੁਝ ਸਖ਼ਤੀਆਂ ਕਰਕੇ ਲੋਕ ਆਪਣੀ ਯਾਤਰਾ ਹਾਲਾਤ ਸਾਜ਼ਗਾਰ ਹੋਣ ਤੱਕ ਅੱਗੇ ਪਾ ਦੇਣ, ਤਾਂ ਇਹ ਉਨ੍ਹਾਂ ਦੇ ਹਿੱਤ ਵਿਚ ਹੋਵੇਗਾ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ ’ਚ ਇਮੀਗ੍ਰੇਸ਼ਨ ਉਲੰਘਣਾਵਾਂ ਲਈ 44 ਲੋਕ ਗ੍ਰਿਫ਼ਤਾਰ



**ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕਾ ਦੇ ਲਾਸ ਏਂਜਲਸ ਵਿਚ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਮੀਗ੍ਰੇਸ਼ਨ ਉਲੰਘਣਾਵਾਂ ਲਈ 44 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇੱਕ ਸੰਘੀ ਨਜ਼ਰਬੰਦੀ ਕੇਂਦਰ ਦੇ ਬਾਹਰ ਉਦੋਂ ਝੜਪ ਵੇਖੀ ਗਈ, ਜਦੋਂ ਅਧਿਕਾਰੀਆਂ ਨੇ ਕਾਰਵਾਈ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਲੋਕਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ। ਗ੍ਰਹਿ ਮੰਤਰਾਲੇ ਦੀ ਬੁਲਾਰਨ ਯਾਸਮੀਨ ਪਿਟਸ ਓ’ਕੀਫ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ ਅਧਿਕਾਰੀਆਂ ਅਤੇ ਏਜੰਟਾਂ ਨੇ ਤਿੰਨ ਥਾਵਾਂ ’ਤੇ ਤਲਾਸ਼ੀ ਲਈ। ‘ਕੋਐਲੀਸ਼ਨ ਆਫ ਹਿਊਮਨ ਇਮੀਗ੍ਰੈਂਟ ਰਾਈਟਸ’ ਦੀ ਕਾਰਜਕਾਰੀ ਨਿਰਦੇਸ਼ਕ ਐਂਜਲਿਕਾ ਸਾਲਸ ਨੇ ਕਿਹਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਲੋਕਾਂ ਨੂੰ ਸੱਤ ਥਾਵਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਦੋ ਕਰਿਆਨੇ ਦੀਆਂ ਦੁਕਾਨਾਂ, ‘ਫੈਸ਼ਨ ਡਿਸਟ੍ਰਿਕਟ’ ਵਿਚ ਇੱਕ ਗੋਦਾਮ ਅਤੇ ਇੱਕ ਡੋਨਟ ਸ਼ਾਪ ਸ਼ਾਮਲ ਹੈ।

ਅਮਰੀਕੀ ਅਟਾਰਨੀ ਦਫ਼ਤਰ ਦੇ ਬੁਲਾਰੇ ਸਿਆਰਨ ਮੈਕਈਵੋਏ ਨੇ ਪੁਸ਼ਟੀ ਕੀਤੀ ਕਿ ਏਜੰਟਾਂ ਅਤੇ ਇੱਕ ਜੱਜ ਦੁਆਰਾ ਜਾਣਕਾਰੀ ਪਾਏ ਜਾਣ ਤੋਂ ਬਾਅਦ ਕਾਰੋਬਾਰੀ ਦੇ ਸਥਾਨ ’ਤੇ ਤਲਾਸ਼ੀ ਮੁਹਿੰਮ ਚਲਾਈ ਗਈ ਸੀ, ਜਦੋਂ ਏਜੰਟਾਂ ਅਤੇ ਇੱਕ ਜੱਜ ਨੇ ਪਾਇਆ ਕਿ ‘ਫੈਸ਼ਨ ਡਿਸਟ੍ਰਿਕਟ’ ਵਿੱਚ ਮਾਲਕ ਆਪਣੇ ਕੁਝ ਕਰਮਚਾਰੀਆਂ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰ ਰਹੇ ਸਨ। ਸ਼ੁੱਕਰਵਾਰ ਸ਼ਾਮ ਨੂੰ ਵੱਡੀ ਗਿਣਤੀ ਵਿਚ ਲੋਕ ਲਾਸ ਏਂਜਲਸ ਵਿਚ ਇੱਕ ਸੰਘੀ ਨਜ਼ਰਬੰਦੀ ਕੇਂਦਰ ਦੇ ਬਾਹਰ ਇਸ ਕਾਰਵਾਈ ਦਾ ਵਿਰੋਧ ਕਰਨ ਲਈ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਨੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੇ ਸਮਰਥਨ ਵਿਚ ‘ਉਨ੍ਹਾਂ ਨੂੰ ਆਜ਼ਾਦ ਕਰੋ’, ‘ਉਨ੍ਹਾਂ ਨੂੰ ਦੇਸ਼ ਵਿਚ ਰਹਿਣ ਦਿਓ’ ਦੇ ਨਾਅਰੇ ਲਗਾਏ। ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਗਏ। ਹੈਲਮੇਟ ਪਹਿਨੇ ਅਤੇ ਡੰਡੇ ਲੈ ਕੇ ਆਏ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਹੌਲੀ-ਹੌਲੀ ਇਮਾਰਤ ਤੋਂ ਹਟਾ ਦਿੱਤਾ।

# ਬਰੈਂਪਟਨ ’ਚ ਪੰਜਾਬੀ ਕਾਰੋਬਾਰੀ ਦੀ ਹੱਤਿਆ ਕਰਨ ਵਾਲੇ 2 ਮੁਲਜ਼ਮ ਬ੍ਰਿਟਿਸ਼ ਕੋਲੰਬੀਆ ਤੋਂ ਕਾਬੂ



**■ 14 ਮਈ ਨੂੰ ਮਿਸੀਸਾਗਾ ’ਚ ਦਿਨ-ਦਿਹਾੜੇ ਹਰਜੀਤ ਸਿੰਘ ਢੱਡਾ ਨੂੰ ਮਾਰੀਆਂ ਸੀ ਗੋਲੀਆਂ**

**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਬਰੈਂਪਟਨ ਵਿਚ 14 ਮਈ ਨੂੰ ਹੋਏ ਹਰਜੀਤ ਸਿੰਘ ਢੱਡਾ ਦੀ ਹੱਤਿਆ ਕਰਨ ਵਾਲੇ ਕਥਿਤ ਮੁਲਜ਼ਮਾਂ ’ਚੋਂ ਦੋ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਡੈਲਟਾ ਤੋਂ ਉੱਥੋਂ ਦੀ ਪੁਲਿਸ ਦੀ ਮਦਦ ਨਾਲ ਗ੍ਰਿਫਤਾਰ ਕਰ ਲਿਆ ਹੈ। ਦੋਵਾਂ ਦੀ ਪਛਾਣ ਅਮਨ ਅਤੇ ਦਿਗਵਿਜੇ (ਦੋਵੇਂ 21 ਸਾਲ) ਵਜੋਂ ਹੋਈ ਹੈ। ਸਥਾਨਕ ਅਦਾਲਤ ਤੋਂ ਪ੍ਰਵਾਨਗੀ ਲੈਣ ਉਪਰੰਤ ਬਰੈਂਪਟਨ ਵਿਚ ਜੱਜ ਅੱਗੇ ਪੇਸ਼ ਕਰਨ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ ਹੈ।

ਪੀਲ ਪੁਲਿਸ ਦੇ ਡਿਪਟੀ ਚੀਫ ਨਿਸ਼ਾਨ ਦੁਰਾਹਲਪਾ ਨੇ ਦੱਸਿਆ ਕਿ ਹੱਤਿਆਰਿਆਂ ਨੇ ਢੱਡਾ ਨੂੰ ਮਾਰਨ ਤੋਂ ਪਹਿਲਾਂ ਉਸ ਦੀਆਂ ਗਤੀਵਿਧੀਆਂ ਦੀ ਰੇਕੀ ਕੀਤੀ, ਫਿਰ ਇਕ ਵਾਹਨ ਚੋਰੀ ਕੀਤਾ ਅਤੇ ਉਸ ਨੂੰ ਮਾਰਨ ਤੋਂ ਬਾਅਦ ਭੱਜਦੇ ਹੋਏ ਵਾਹਨ ਥੋੜ੍ਹੀ ਦੂਰ ਛੱਡ ਦਿੱਤਾ ਤੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਬੇਸ਼ੱਕ ਮੁਲਜ਼ਮ ਭੱਜ ਕੇ ਬ੍ਰਿਟਿਸ਼ ਕੋਲੰਬੀਆ ਪਹੁੰਚ ਗਏ, ਪਰ ਪੀਲ ਪੁਲਿਸ ਨੇ ਪਿੱਛਾ ਕਰਦਿਆਂ ਆਖਿਰਕਾਰ ਡੈਲਟਾ, ਸਰੀ, ਐਬਟਸਫੋਰਡ ਦੇ ਪੁਲਿਸ ਦਲਾਂ ਅਤੇ ਕੇਂਦਰੀ ਪੁਲਿਸ ਦੇ ਸਹਿਯੋਗ ਨਾਲ ਦੋਵਾਂ ਨੂੰ ਡੈਲਟਾ ਵਿਚਲੇ ਟਿਕਾਣੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਪੀਲ ਪੁਲਿਸ ਵੱਲੋਂ ਦੋਸ਼ੀਆਂ ਨੂੰ ਬੀ.ਸੀ. ਤੋਂ ਬਰੈਂਪਟਨ ਲਿਆਉਣ ਦੀ ਕਾਰਵਾਈ ਚੱਲ ਰਹੀ ਹੈ। ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਕਤਲ ਕਰਕੇ ਚੋਰੀ ਕੀਤੀ ਹੋਈ ਗੱਡੀ ਵਿਚ ਭੱਜੇ ਸਨ ਪਰ ਕੁਝ ਦੂਰੀ ’ਤੇ ਗੱਡੀ ਛੱਡ ਕੇ ਫਰਾਰ ਹੋਏ ਸਨ ਅਤੇ ਉਦੋਂ ਉਨ੍ਹਾਂ ਦੀ ਪੈੜ ਦੱਬੀ ਜਾ ਰਹੀ ਸੀ। 28 ਮਈ ਨੂੰ ਉਹ ਦੋਵੇਂ ਡੈਲਟਾ ਪੁਲਿਸ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ, ਐਬਟਸਫੋਰਡ ਪੁਲਿਸ ਤੇ ਸਰੀ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਨਾਲ਼ ਕਾਬੂ ਕੀਤੇ ਗਏ ਸਨ। ਸ. ਢੱਡਾ ਬਰੈਂਪਟਨ ਵਾਸੀ ਸਨ ਤੇ ਲੰਮੇ ਸਮੇਂ ਤੋਂ ਆਪਣੇ ਕਾਰੋਬਾਰ ਤੇ ਸਮਾਜਿਕ ਕੰਮਾਂ ਲਈ ਸਮਾਜ ਵਿਚ ਪਛਾਣ ਰੱਖਦੇ ਹਨ।

# ਕੈਨੇਡਾ ’ਚ ਹਥਿਆਰਾਂ ਤੇ ਨਸ਼ਿਆਂ ਸਣੇ ਚਾਰ ਪੰਜਾਬੀ ਗ੍ਰਿਫ਼ਤਾਰ



**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲਿਸ ਨੇ ਸ਼ੱਕ ਦੇ ਆਧਾਰ ’ਤੇ ਬਰੈਂਪਟਨ ਵਿਚ ਘਰ ’ਤੇ ਛਾਪਾ ਮਾਰ ਕੇ ਉਥੋਂ 2 ਸੈਮੀ ਆਟੋਮੈਟਿਕ ਬੰਦੂਕਾਂ, ਕੋਕੀਨ, ਚਿੱਟਾ, ਹੈਰੋਇਨ ਅਤੇ 30 ਹਜ਼ਾਰ ਡਾਲਰ ਸਮੇਤ ਚਾਰ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਕਰਨ ਔਜਲਾ (27), ਹਰਵੀਰ ਬੈਂਸ (24), ਜਸਮੀਤ ਹਰਸ਼ (24) ਤੇ 27 ਸਾਲਾ ਔਰਤ ਨੋਮਾਣਾ ਦੌਦ ਵਜੋਂ ਹੋਈ ਹੈ। ਇਹ ਸਾਰੇ ਬਰੈਂਪਟਨ ਦੇ ਰਹਿਣ ਵਾਲੇ ਹਨ। ਬਾਅਦ ਵਿਚ ਪੁਲਿਸ ਨੇ ਇਨ੍ਹਾਂ ਦੇ ਪੰਜਵੇਂ ਸਾਥੀ ਐਲੈਕਸ ਪਰਮੋਲ ਵਾਸੀ ਨੌਰਥ ਯਾਰਕ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਸਾਰਿਆਂ ਨੂੰ ਅਦਾਲਤ ’ਚ ਪੇਸ਼ ਕੀਤਾ ਜਾਏਗਾ। ਇਸੇ ਤਰ੍ਹਾਂ ਲੈਂਗਲੀ ਪੁਲਿਸ ਨੇ ਪਿਛਲੇ ਸਾਲ ਸਤੰਬਰ ਮਹੀਨੇ ਦੋ ਥਾਵਾਂ ’ਤੇ ਕੀਤੀ ਗੋਲੀਬਾਰੀ ਦੇ ਦੋਸ਼ ਹੇਠ ਲੈਂਗਲੀ ਦੇ ਬਰਿੰਦਰ ਸਿੰਘ ਧਾਲੀਵਾਲ ਨੂੰ ਗ੍ਰਿਫਤਾਰ ਕੀਤਾ ਹੈ।







# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਐਡਮਿੰਟਨ ਵਿਖੇ ਓਵਰਸੀਜ਼ (ਪ੍ਰਵਾਸੀ) ਟੀਚਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ

ਐਡਮਿੰਟਨ, (ਬਲਵਿੰਦਰ ਬਾਲਮ/ ਪੰਜਾਬ ਮੇਲ)- ਓਵਰਸੀਜ਼ (ਪ੍ਰਵਾਸੀ) ਟੀਚਰਜ਼ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਇਕੱਤਰਤਾ ਐਡਮਿੰਟਨ ਪਬਲਿਕ ਲਾਇਬ੍ਰੇਰੀ ਸਟਰੀਟ 17 ਵਿਖੇ ਪ੍ਰਧਾਨ ਜਸਵੀਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਭੂਤਕਾਲ, ਭਵਿੱਖਮਈ ਅਤੇ ਵਰਤਮਾਨ ਕਾਰਜਾਂ ਦਾ ਲੇਖਾ-ਜੋਖਾ ਕੀਤਾ ਗਿਆ। ਅਧਿਆਪਕ ਸਾਥੀਆਂ ਵਲੋਂ ਸਰਬਸੰਮਤੀ ਨਾਲ ਸਾਰੇ ਮਤਿਆਂ ਨੂੰ ਪ੍ਰਵਾਨ ਕੀਤਾ ਗਿਆ।



ਇਹ ਐਸੋਸੀਏਸ਼ਨ ਸਮਾਜ ਕਲਿਆਣ ਭਲਾਈ ਦੇ ਕਾਰਜਾਂ ਦੇ ਨਾਲ-ਨਾਲ ਸਾਹਿਤਕ ਸਰਗਰਮੀਆਂ ਖ਼ਾਸ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਫੁਲਤਾ ਲਈ ਸਮੇਂ-ਸਮੇਂ ਅਨੁਸਾਰ ਅਪਣੇ ਸਫ਼ਲ ਯਤਨ ਕਰਦੀ ਰਹਿੰਦੀ ਹੈ। ਹਰ ਸਾਲ ਇੰਟਰਨੈਸ਼ਨਲ ਟੀਚਰ ਡੇ ਧਾਰਮਿਕ ਅਤੇ ਸਰਕਾਰੀ ਦਿਨ ਤਿਉਹਾਰ ਮਨਾਉਣਾ ਅਤੇ ਸਹਿਯੋਗ ਕਰਨਾ। ਕਿਸੇ ਖ਼ਾਸ ਸ਼ਖ਼ਸੀਅਤ ਨੂੰ ਜਿਸ ਨੇ ਸਮਾਜਿਕ, ਵਿਦਿਅਕ ਤੇ ਹੋਰ ਉਚ ਦਰਜੇ ਦੇ ਕੀਰਤੀਮਾਨ ਸਥਾਪਿਤ ਕੀਤੇ ਹੋਣ ਜਾਂ ਯੋਗਦਾਨ ਪਾਇਆ ਹੋਵੇ, ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਫਾਈ ਮੁਹਿੰਮ ਦਾ ਸਕੂਲਾਂ, ਕਾਲਜਾਂ, ਹਸਪਤਾਲਾਂ, ਧਾਰਮਿਕ ਸਥਾਨਾਂ ਆਦਿ ਵਿਚ ਯੋਗਦਾਨ ਪਾਇਆ ਜਾਂਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਵਿਸ਼ੇਸ਼ ਕਾਰਜ ਲੋੜ ਅਨੁਸਾਰ ਕੀਤੇ ਜਾਂਦੇ ਹਨ। ਖ਼ਾਸ ਕਰਕੇ ਬੱਚਿਆਂ ਤੇ ਹੋਰਨਾਂ ਦੇ ਕੈਂਪਸ ਦਾ ਆਯੋਜਨ ਕਰਨਾ, ਹੋਰ ਵਿਸ਼ਿਆਂ ਦੇ ਨਾਲ-ਨਾਲ ਪੰਜਾਬੀ ਭਾਸ਼ਾ ਸਿੱਖਣਾ-ਸਿਖਾਉਣਾ, ਗ਼ਰੀਬਾਂ ਲਈ ਅਨੁਦਾਨ ਦਾ ਪ੍ਰਬੰਧ ਕਰਨਾ। ਬੇਸਹਾਰਿਆਂ ਦੀ ਮਦਦ ਕਰਨਾ, ਸਿਹਤ ਸਹੂਲਤਾਂ ਸਬੰਧੀ ਯੋਗਦਾਨ, ਹੋਰ ਸੰਸਥਾਵਾਂ ਨਾਲ ਮਿਲ ਕੇ ਮਾਨਵਤਾਈ ਕਾਰਜ ਕਰਨੇ, ਸਮਾਜ ਅਤੇ ਸਮਾਜ ਸੇਵੀ ਕਾਰਜਾਂ ਵਿਚ ਭਾਗ ਲੈਣਾ ਅਤੇ ਸਹਿਯੋਗ ਦੇਣਾ। ਜ਼ਰੂਰਤ ਮੁਤਾਬਿਕ ਹੋਰ ਵੱਖ-ਵੱਖ ਪਹਿਲੂਆਂ ਦੇ ਸੰਦਰਭਾਂ ਵਿਚ ਕਾਰਜਸ਼ੀਲ ਰਹਿਣਾ। ਬੁਨਿਆਦੀ ਮਾਨਵ ਕਦਰਾਂ-ਕੀਮਤਾਂ ਦੀ ਕਦਰ ਕਰਨਾ, ਸਮਾਜਿਕ ਨਿਆਂ ਭਾਵਨਾ, ਵਿਅਕਤੀਗਤ ਆਚਰਣ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨਾ ਅਤੇ ਪ੍ਰੇਰਨਾ ਦੇ ਸਰੋਤ ਪੈਦਾ ਕਰਨਾ।

ਇਹ ਐਸੋਸੀਏਸ਼ਨ ਹੁਣ ਤੱਕ ਬਲਦੇਵ ਸਿੰਘ ਪਾਰਟਨਰ ਪ੍ਰਿੰਸੀਪਲ ਮੈਰਿਜ ਕਮਿਸ਼ਨਰ ਅਤੇ ਓਥ ਕਮਿਸ਼ਨਰ, ਪਾਲ ਪੁਰੇਵਾਲ ਨਾਨਕ ਸ਼ਾਹੀ ਕੈਲੰਡਰ ਦੇ ਰਚੇਤਾ, ਨਰੇਸ਼ ਭਾਰਦਵਾਜ ਅਧਿਆਪਕ, ਵਰਿੰਦਰ ਸਿੰਘ ਆਨੰਦ ਅਧਿਆਪਕ, ਹਰਚੰਦ ਸਿੰਘ ਗਰੇਵਾਲ ਅਧਿਆਪਕ ਅਤੇ ਸਮਾਜ ਭਲਾਈ ਕਰਤਾ ਨੂੰ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਇਸ ਸਭਾ ਵਿਚ ਜਿਨ੍ਹਾਂ ਅਧਿਆਪਕਾਂ, ਕਵੀਆਂ, ਲੇਖਕਾਂ, ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ, ਉਨ੍ਹਾਂ ਵਿਚ ਜਸਵੀਰ ਸਿੰਘ ਗਿੱਲ ਪ੍ਰਧਾਨ, ਰਸਾਲ ਸਿੰਘ ਮੱਲ੍ਹੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਸੁਰਜੀਤ ਕੌਰ ਧਾਲੀਵਾਲ ਵਾਈਸ ਪ੍ਰੈਜ਼ੀਡੈਂਟ, ਰਣਜੀਤ ਸਿੰਘ ਸੰਧੂ ਸਕੱਤਰ, ਅਮਰਜੀਤ ਸਿੰਘ ਸੰਧੂ ਸਹਾਇਕ ਸਕੱਤਰ, ਸੁਖਦੇਵ ਸਿੰਘ ਬੈਨੀਪਾਲ ਖ਼ਜ਼ਾਨਚੀ, ਦਰਸ਼ਨ ਸਿੰਘ ਜਸ਼ਨ, ਸੁਖਰਾਜ ਸਿੰਘ ਸਰਕਾਰੀਆ, ਦਲਬੀਰ ਸਿੰਘ ਰਿਆੜ ਕਵੀ, ਸੰਨੀ ਧਾਲੀਵਾਲ ਕਵੀ, ਲੇਖਕ, ਕਹਾਣੀਕਾਰ, ਹਰਬੰਸ ਸਿੰਘ ਬੱਗੜ, ਸੰਤੋਖ ਸਿੰਘ ਸੇਖੋਂ, ਹਰਚੰਦ ਸਿੰਘ ਬਿੰਦ ਅਤੇ ਕੁਲਬੀਰ ਸਿੰਘ ਢਿੱਲੋਂ ਸ਼ਾਮਲ ਹਨ।

ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ ਕਿ ਭਵਿੱਖ ਵਿਚ ਚੇਤਨਾ ਦੇ ਹੋਰ ਖੇਤਰਾਂ ਵਿਚ ਹਰ ਇਕ ਰੰਗਤ ਨੂੰ ਫੜਣ ਵਿਚ ਸਮਰੱਥ ਇਕ ਅਤਿਅੰਤ ਲਾਯਾਤਮਿਕ ਅਤੇ ਸੂਖਮ ਵਿਧੀ ਵਿਧਾਨ ਦਾ ਵੀ ਨਿਰਮਾਣ ਕੀਤਾ ਜਾਵੇਗਾ। ਮਾਤਰ ਭੂਮੀ ਅਤੇ ਪ੍ਰਵਾਸ ਭੂਮੀ ਦੀ ਪ੍ਰਾਣ ਪ੍ਰਤਿਸ਼ਠਤਾ ਦਾ ਮੋਹ ਸੰਵੇਦਨਸ਼ੀਲਤਾ ਨਾਲ ਬਣਾਏ ਰੱਖਣ ਦਾ ਪ੍ਰਣ ਅਤੇ ਦਰਪੇਸ਼ ਮੁਸ਼ਕਿਲਾਂ ਦੇ ਸੁਝਾਵ ਵੀ ਰੱਖੇ ਜਾਣਗੇ। ਭਵਿੱਖ ਵਿਚ ਹੋਰ ਕਈ ਪ੍ਰਯੋਜਕ ਹਨ।

# ਰਘੂਵੰਸ਼ੀ ਕਤਲ ਕੇਸ: ਇੰਦੌਰ ਹਵਾਈ ਅੱਡੇ 'ਤੇ ਯਾਤਰੀ ਨੇ ਮੁਲਜ਼ਮ ਨੂੰ ਮਾਰਿਆ ਥੱਪੜ



ਇੰਦੌਰ, (ਪੰਜਾਬ ਮੇਲ)- ਰਾਜਾ ਰਘੂਵੰਸ਼ੀ ਕਤਲ ਕੇਸ ਵਿਚ ਗ੍ਰਿਫ਼ਤਾਰ ਮੁਲਜ਼ਮਾਂ ਵਿਚੋਂ ਇੱਕ ਨੂੰ ਦੇਵੀ ਅਹਿਲਿਆਬਾਈ ਹੋਲਕਰ ਹਵਾਈ ਅੱਡੇ 'ਤੇ ਇੱਕ ਯਾਤਰੀ ਨੇ ਥੱਪੜ ਮਾਰ ਦਿੱਤਾ। ਇਹ ਘਟਨਾ ਉਦੋਂ ਵਾਪਰੀ, ਜਦੋਂ ਮੇਘਾਲਿਆ ਪੁਲਿਸ ਦੀ ਇੱਕ ਟੀਮ ਚਾਰ ਮੁਲਜ਼ਮਾਂ ਨਾਲ ਹਵਾਈ ਅੱਡੇ 'ਤੇ ਦਾਖਲ ਹੋ ਰਹੀ ਸੀ।

ਜਦੋਂ ਆਪਣੇ ਸਾਮਾਨ ਨਾਲ ਉਡੀਕ ਕਰ ਰਹੇ ਇੱਕ ਯਾਤਰੀ ਨੇ ਉਨ੍ਹਾਂ ਜਾਂਦੇ ਦੇਖਿਆ, ਤਾਂ ਉਸ ਨੇ ਅਚਾਨਕ ਮੁਲਜ਼ਮਾਂ ਵਿਚੋਂ ਇੱਕ ਨੂੰ ਥੱਪੜ ਮਾਰ ਦਿੱਤਾ।

ਹਾਲਾਂਕਿ ਤੁਰੰਤ ਇਹ ਪਤਾ ਨਹੀਂ ਲੱਗ ਸਕਿਆ ਕਿ ਥੱਪੜ 4 ਮੁਲਜ਼ਮਾਂ ਵਿਚੋਂ ਕਿਸ ਨੂੰ ਮਾਰਿਆ ਗਿਆ, ਕਿਉਂਕਿ ਮੁਲਜ਼ਮਾਂ ਨੇ ਮਾਸਕ ਪਾਏ ਹੋਏ ਸਨ। ਪਰ ਵਿਅਕਤੀ ਨੇ ਸਪੱਸ਼ਟ ਤੌਰ 'ਤੇ ਪੂਰੇ ਦੇਸ਼ ਵਿਚ ਚਰਚਿਤ ਇਸ ਕਤਲ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ।

ਘਟਨਾ ਦਾ ਇੱਕ ਵੀਡੀਓ ਵੀ ਵਾਇਰਲ ਹੋ ਰਿਹਾ ਹੈ। ਇੰਦੌਰ ਦੇ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲਿਸ ਰਾਜੇਸ਼ ਦੰਡੋਟੀਆ ਨੇ ਕਿਹਾ ਕਿ ਮੇਘਾਲਿਆ ਪੁਲਿਸ ਦੀ 12 ਮੈਂਬਰੀ ਟੀਮ ਇੱਥੇ ਇੱਕ ਅਦਾਲਤ ਤੋਂ ਟਰਾਂਜ਼ਿਟ ਹਿਰਾਸਤ ਪ੍ਰਾਪਤ ਕਰਨ ਤੋਂ ਬਾਅਦ ਚਾਰ ਮੁਲਜ਼ਮਾਂ, ਰਾਜ ਕੁਸ਼ਵਾਹ, ਵਿਸ਼ਾਲ ਚੌਹਾਨ, ਆਕਾਸ਼ ਰਾਜਪੂਤ ਅਤੇ ਆਨੰਦ ਕੁਰਮੀ, ਨੂੰ ਲੈ ਕੇ ਸ਼ਿਲਾਂਗ ਲਈ ਰਵਾਨਾ ਹੋ ਗਈ।

ਉਧਰ ਇੱਕ ਅਧਿਕਾਰੀ ਨੇ ਦੱਸਿਆ ਕਿ 23 ਮਈ ਨੂੰ ਮੇਘਾਲਿਆ ਵਿਚ ਰਘੂਵੰਸ਼ੀ ਦੀ ਹੱਤਿਆ ਤੋਂ ਬਾਅਦ ਉਸਦੀ ਪਤਨੀ ਸੋਨਮ ਇੰਦੌਰ ਗਈ ਸੀ।

ਉਨ੍ਹਾਂ ਕਿਹਾ, "ਸਾਨੂੰ ਸੂਚਨਾ ਮਿਲੀ ਹੈ ਕਿ ਸੋਨਮ ਮੇਘਾਲਿਆ ਤੋਂ ਇੰਦੌਰ ਆਈ ਸੀ ਅਤੇ 25 ਤੋਂ 27 ਮਈ ਦੇ ਵਿਚਕਾਰ ਦੇਵਾਸ ਨਾਕਾ ਇਲਾਕੇ ਵਿਚ ਕਿਰਾਏ ਦੇ ਫਲੈਟ ਵਿਚ ਰਹੀ। ਹਾਲਾਂਕਿ ਮੇਘਾਲਿਆ ਪੁਲਿਸ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਸਕੇਗੀ।"

ਘਟਨਾ ਦੀ ਜਾਰੀ ਜਾਂਚ ਦੌਰਾਨ ਮੇਘਾਲਿਆ ਪੁਲਿਸ ਦੀ ਟੀਮ ਨੇ ਇੱਥੇ ਦੋਸ਼ੀ ਵਿਸ਼ਾਲ ਚੌਹਾਨ ਦੇ ਘਰ ਪੁੱਜੀ ਹੈ। ਇੰਦੌਰ ਦੇ ਸਹਾਇਕ ਪੁਲਿਸ ਕਮਿਸ਼ਨਰ ਪੂਨਮਚੰਦਰ ਯਾਦਵ ਨੇ ਕਿਹਾ ਕਿ ਚੌਹਾਨ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਰਘੂਵੰਸ਼ੀ ਦੇ ਕਤਲ ਸਮੇਂ ਉਸ ਨੇ ਜੋ ਪੈਂਟ ਅਤੇ ਕਮੀਜ਼ ਪਾਈ ਸੀ, ਉਹ ਉਸਦੇ ਘਰੋਂ ਜ਼ਬਤ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ, "ਮੇਘਾਲਿਆ ਪੁਲਿਸ ਇਨ੍ਹਾਂ ਕੱਪੜਿਆਂ ਨੂੰ ਫੋਰੈਂਸਿਕ ਸਾਇੰਸ ਲੈਬਾਰਟਰੀ ਵਿਚ ਭੇਜੇਗੀ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਨ੍ਹਾਂ 'ਤੇ ਖੂਨ ਦੇ ਦਾਗ ਹਨ।

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਘੱਲੂਘਾਰਾ ਦਿਵਸ ਸ਼ਰਧਾ ਨਾਲ ਮਨਾਇਆ

ਤਲਵੰਡੀ ਸਾਬੋ, (ਪੰਜਾਬ ਮੇਲ)- ਜੂਨ 1984 ਵਿਚ ਭਾਰਤੀ ਫੌਜ ਵੱਲੋਂ ਕੀਤੇ ਗਏ ਸਾਕਾ ਨੀਲਾ ਤਾਰਾ ਦੀ 41ਵੀਂ ਵਰ੍ਹੇਗੰਢ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੂਰਨ ਸ਼ਰਧਾ ਨਾਲ ਮਨਾਈ ਗਈ।

ਘੱਲੂਘਾਰਾ ਦਿਵਸ ਦੇ ਸਬੰਧ ਵਿਚ ਤਖ਼ਤ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਪਿਛਲੇ ਦੋ ਦਿਨ ਤੋਂ ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਅਰਦਾਸ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਨੇ ਕੀਤੀ। ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਉਪਰੰਤ ਕਥਾਵਾਚਕ ਭਾਈ ਆਲਮ ਸਿੰਘ ਨੇ ਜੂਨ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਇਸ ਕਾਰਵਾਈ ਅਤੇ ਇਸ ਵਿਚ ਮਾਰੇ ਗਏ ਸਿੰਘਾਂ, ਸਿੰਘਣੀਆਂ ਅਤੇ ਭੁਜੰਗੀਆਂ ਦੀ ਯਾਦ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਨੇ ਕਿਹਾ ਕਿ ਜੂਨ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋਣ ਤੇ ਨਿਰਦੋਸ਼ਿਆਂ ਦੀਆਂ ਜਾਨਾਂ ਜਾਣ ਕਾਰਨ ਜੋ ਜ਼ਖ਼ਮ ਸਿੱਖ ਕੌਮ ਦੇ ਦਿਲਾਂ ਉਤੇ ਲੱਗੇ, ਉਹ ਰਹਿੰਦੀ ਦੁਨੀਆਂ ਤੱਕ ਅੱਲ੍ਹੇ ਰਹਿਣਗੇ।



ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਘੱਲੂਘਾਰਾ ਦਿਵਸ ਮਨਾਏ ਜਾਣ ਮੌਕੇ ਅਰਦਾਸ 'ਚ ਸ਼ਾਮਲ ਸੰਗਤ।

ਘੱਲੂਘਾਰਾ ਦਿਵਸ ਮੌਕੇ ਤਖ਼ਤ ਸਾਹਿਬ ਦੇ ਵਧੀਕ ਮੈਨੇਜਰ ਗੁਰਦੇਵ ਸਿੰਘ, ਵਧੀਕ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ, ਡਾਕਟਰ ਗੁਰਮੇਲ ਸਿੰਘ ਘਈ, ਠਾਣਾ ਸਿੰਘ ਚੱਠਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਸੰਗਤ ਸ਼ਾਮਲ ਹੋਈ।

# ਪਾਕਿਸਤਾਨੀ ਨਾਗਰਿਕ ਵੱਲੋਂ ਵੀਜ਼ਾ ਰੱਦ ਕਰਨ ਨੂੰ ਸੁਪਰੀਮ ਕੋਰਟ 'ਚ ਚੁਣੌਤੀ

ਨਵੀਂ ਦਿੱਲੀ, (ਪੰਜਾਬ ਮੇਲ)- ਗੋਆ ਵਿਚ 2016 ਤੋਂ ਵੀਜ਼ੇ 'ਤੇ ਰਹਿ ਰਹੇ ਪਾਕਿਸਤਾਨੀ ਨਾਗਰਿਕ ਨੇ ਕੇਂਦਰ ਸਰਕਾਰ ਵੱਲੋਂ ਪਹਿਲਗਾਮ ਹਮਲੇ ਮਗਰੋਂ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਰੱਦ ਕਰਨ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕੀਤਾ ਹੈ। ਜੰਮੂ ਕਸ਼ਮੀਰ ਦੇ ਪਹਿਲਗਾਮ 'ਚ 22 ਅਪ੍ਰੈਲ ਨੂੰ ਹੋਏ ਦਹਿਸ਼ਤੀ ਹਮਲੇ 'ਚ 26 ਵਿਅਕਤੀ ਮਾਰੇ ਗਏ ਸਨ। ਹਮਲੇ ਮਗਰੋਂ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਦਿਆਂ ਪਾਕਿਸਤਾਨੀਆਂ ਨੂੰ ਜਾਰੀ ਵੀਜ਼ੇ ਰੱਦ ਕਰ ਦਿੱਤੇ ਸਨ। ਹਾਲਾਂਕਿ ਕੁਝ ਮਾਮਲਿਆਂ 'ਚ ਛੋਟ ਦਿੱਤੀ ਗਈ ਸੀ। ਪਾਕਿਸਤਾਨੀ ਨਾਗਰਿਕ ਵੱਲੋਂ ਪੇਸ਼ ਵਕੀਲ ਨੇ ਜਸਟਿਸ ਸੰਜੇ ਕੈਰਲ ਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੇ ਬੈਂਚ ਸਾਹਮਣੇ ਮਾਮਲਾ ਤੁਰੰਤ ਸੂਚੀਬੱਧ ਕਰਨ ਦੀ ਅਪੀਲ ਕੀਤੀ। ਵਕੀਲ ਨੇ ਕਿਹਾ, "ਇਹ ਮਾਮਲਾ ਪਾਕਿਸਤਾਨੀ ਨਾਗਰਿਕ ਦਾ ਹੈ, ਜੋ 2016 ਤੋਂ ਲੰਮੀ ਮਿਆਦ ਦੇ ਵੀਜ਼ੇ 'ਤੇ ਰਹਿ ਰਿਹਾ ਹੈ।

# ਰਵਨੀਤ ਸਿੱਧੂ ਨੇ ਕੈਨੇਡਾ ਵਿਚ ਰਚਿਆ ਇਤਿਹਾਸ





ਟੋਰਾਂਟੋ, (ਪੰਜਾਬ ਮੇਲ)- ਪਿੰਡ ਮਾੜੀਕੇ, ਜ਼ਿਲ੍ਹਾ ਮੋਗਾ ਨਾਲ ਸਬੰਧਤ, ਟੋਰਾਂਟੋ (ਕੈਨੇਡਾ) ਵਿਚ ਵੱਸਦੀ ਡਾ. ਰਵਨੀਤ ਕੌਰ ਸਿੱਧੂ, ਜੋ ਸ. ਤਰਸੇਮ ਸਿੰਘ ਸਿੱਧੂ ਦੀ ਬੇਟੀ ਹੈ, ਨੇ ਵਿਗਿਆਨਕ ਖੋਜ ਦੇ ਖੇਤਰ ਵਿਚ ਆਪਣੇ ਮਾਪਿਆਂ ਅਤੇ ਸਾਡੇ ਸਾਰੇ ਭਾਰਤੀ ਸਮਾਜ ਦਾ ਸਿਰ ਉੱਚਾ ਕਰ ਦਿੱਤਾ ਹੈ। Yersinia pestis (ਪਲੇਗ) ਬੈਕਟੀਰੀਆ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਘਾਤਕਤਾ ਦੇ ਪਿੱਛੇ ਲੁਕੇ ਜੀਨ-ਵਿਕਾਸ ਦੀ ਗੁੱਥੀ ਨੂੰ ਸੁਲਝਾਉਣ ਵਾਲੀ ਟੀਮ ਵਿਚ ਉਹ ਸਾਂਝੀ ਲੇਖਕ ਵਜੋਂ ਸ਼ਾਮਲ ਹੈ। ਅਧਿਐਨ ਦੌਰਾਨ, ਰਵਨੀਤ ਸਿੱਧੂ ਨੇ ਡੈਨਮਾਰਕ ਤੋਂ ਮਿਲੇ ਪੁਰਾਤਨ ਡੀ.ਐੱਨ.ਏ. ਸੈਂਪਲਜ਼ ਵਿਚ ਇਹ ਨੋਟ ਕੀਤਾ ਕਿ ਮਹਾਂਮਾਰੀ ਦੇ ਇੱਕ ਸੌ ਸਾਲ ਬਾਅਦ, Y. pestis ਦੇ ਜਨੋਮ ਵਿਚੋਂ pla ਨਾਂ ਦਾ ਇੱਕ ਜੀਨ ਅਚਾਨਕ ਗਾਇਬ ਹੋ ਗਿਆ।

ਇਹ ਖੋਜ ਇੱਕ ਲੰਬੇ ਅਧਿਐਨ ਦੀ ਸ਼ੁਰੂਆਤ ਸੀ। ਉਨ੍ਹਾਂ ਨੇ ਹਜ਼ਾਰਾਂ ਸਾਲ ਪੁਰਾਣੀ ਡੀ.ਐੱਨ.ਏ. ਦੀ ਕੜੀ-ਕੜੀ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਇਹ ਜੀਨ ਕਿਵੇਂ ਅਤੇ ਕਿਉਂ ਗਾਇਬ ਹੋਇਆ। ਇਹ ਖੋਜ ਜਰਨਲ ਸਾਇੰਸ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਵਿਗਿਆਨਕ ਜਰਨਲ ਵਿਚ ਪ੍ਰਕਾਸ਼ਿਤ ਹੋਈ ਅਤੇ ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਨੂੰ ਆਪਣੇ ਪੰਨਿਆਂ 'ਤੇ ਮਾਣ ਨਾਲ ਸਥਾਨ ਦਿੱਤਾ।

ਜਦੋਂ ਆਮ ਘਰਾਂ ਦੇ ਬੱਚੇ ਵਿਗਿਆਨ ਅਤੇ ਗਲੋਬਲ ਰਿਸਰਚ ਦੀਆਂ ਨਵੀਆਂ ਉਚਾਈਆਂ ਨੂੰ ਛੂਹਦੇ ਹਨ, ਤਾਂ ਉਹ ਸਿਰਫ ਆਪਣੇ ਪਰਿਵਾਰ ਨਹੀਂ, ਸਾਰੀ ਕੌਮ ਲਈ ਮਾਣ ਬਣਦੇ ਹਨ।

ਇਸ ਸ਼ਾਨਦਾਰ ਪ੍ਰਾਪਤੀ ਲਈ ਸਿੱਧੂ ਪਰਿਵਾਰ ਨੂੰ ਪੂਰੇ ਪੰਜਾਬੀ ਭਾਈਚਾਰੇ ਵੱਲ ਮੁਬਾਰਕਾਂ ਅਤੇ ਹੋਰ ਵਧੇਰੇ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਮਿਲ ਰਹੀਆਂ ਹਨ।

# ਸੁਪਰੀਮ ਕੋਰਟ ਵੱਲੋਂ ਗੁਰਦੁਆਰੇ ਵਾਲੀ ਥਾਂ 'ਤੇ ਹੱਕ ਜਤਾਉਣ ਵਾਲੀ ਦਿੱਲੀ ਵਕਫ਼ ਬੋਰਡ ਦੀ ਪਟੀਸ਼ਨ ਖਾਰਜ

■ ਸੁਪਰੀਮ ਕੋਰਟ ਵੱਲੋਂ ਵਿਵਾਦਿਤ ਥਾਂ 'ਤੇ ਗੁਰਦੁਆਰਾ ਹੋਣ ਦੇ ਮੱਦੇਨਜ਼ਰ ਦਾਅਵਾ ਛੱਡਣ ਦਾ ਮਸ਼ਵਰਾ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਦਿੱਲੀ ਵਕਫ਼ ਬੋਰਡ ਦੀ ਉਸ ਪਟੀਸ਼ਨ ਨੂੰ ਬੀਤੇ ਹਫਤੇ ਖਾਰਜ ਕਰ ਦਿੱਤਾ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਕੌਮੀ ਰਾਜਧਾਨੀ ਦੇ ਸ਼ਾਹਦਰਾ ਇਲਾਕੇ ਵਿਚ ਇਕ ਸੰਪਤੀ 'ਵਕਫ਼ ਸੰਪਤੀ' ਹੈ ਅਤੇ ਉੱਥੇ ਲੰਬੇ ਸਮੇਂ ਤੋਂ ਇਕ ਗੁਰਦੁਆਰਾ ਬਣਿਆ ਹੋਇਆ ਹੈ। ਜਸਟਿਸ ਸੰਜੇ ਕੈਰਲ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੇ ਬੈਂਚ ਨੇ ਦਿੱਲੀ ਵਕਫ਼ ਬੋਰਡ ਵੱਲੋਂ ਪੇਸ਼ ਹੋਏ ਵਕੀਲ ਨੂੰ ਕਿਹਾ, "ਉੱਥੇ ਇਕ ਗੁਰਦੁਆਰਾ ਹੈ, ਉਸ ਨੂੰ ਰਹਿਣ ਦਿਓ। ਜੇਕਰ ਕੋਈ ਦਾਅਵਾ ਹੈ ਵੀ, ਤਾਂ ਤੁਹਾਨੂੰ ਇਹ ਕਹਿੰਦੇ ਹੋਏ ਉਸ ਦਾਅਵੇ ਨੂੰ ਛੱਡ ਦੇਣਾ ਚਾਹੀਦਾ ਹੈ ਕਿ ਉੱਥੇ ਪਹਿਲਾਂ ਤੋਂ ਹੀ ਇਕ ਗੁਰਦੁਆਰਾ ਹੈ।" ਸੁਪਰੀਮ ਕੋਰਟ ਬੋਰਡ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ, ਜਿਸ ਵਿਚ ਉਸ ਨੇ ਦਿੱਲੀ ਹਾਈ ਕੋਰਟ ਦੇ ਸਤੰਬਰ 2010 ਦੇ ਉਸ ਆਦੇਸ਼ ਨੂੰ ਚੁਣੌਤੀ ਦਿੱਤੀ ਸੀ, ਜਿਸ ਤਹਿਤ ਸੰਪਤੀ 'ਤੇ ਕਬਜ਼ੇ ਲਈ ਉਸ ਦੇ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਗਿਆ ਸੀ। ਮੁਕੱਦਮੇ ਵਿਚ ਦੋਸ਼ ਲਗਾਇਆ ਗਿਆ ਸੀ ਕਿ ਵਿਚਾਰ ਅਧੀਨ ਸੰਪਤੀ ਇਕ ਵਕਫ਼ ਸੰਪਤੀ ਸੀ, ਜਿਸ ਦਾ ਇਸਤੇਮਾਲ ਲੰਮੇ ਸਮੇਂ ਤੋਂ ਵਕਫ਼ ਦੇ ਰੂਪ ਵਿਚ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਹਾਲਾਂਕਿ ਕਿਹਾ, "ਉੱਥੇ ਇਕ ਗੁਰਦੁਆਰਾ ਬਣਿਆ ਹੋਇਆ ਹੈ।"

ਵਕਫ਼ ਬੋਰਡ ਦੇ ਵਕੀਲ ਨੇ ਮਾਮਲੇ 'ਚ ਹੇਠਲੀ ਅਦਾਲਤ ਦੇ ਜੱਜ ਦੀਆਂ ਲੱਭਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉੱਥੇ ਇਕ ਮਸਜਿਦ ਸੀ। ਉਨ੍ਹਾਂ ਕਿਹਾ ਕਿ ਪ੍ਰਤੀਵਾਦੀ ਦੇ ਇਕ ਗਵਾਹ ਨੇ ਖ਼ੁਦ ਸਵੀਕਾਰ ਕੀਤਾ ਹੈ ਕਿ ਉੱਥੇ ਇਕ ਮਸਜਿਦ ਸੀ ਅਤੇ ਗੁਰਦੁਆਰੇ ਵਰਗਾ ਇਕ ਢਾਂਚਾ ਬਣਾਇਆ ਗਿਆ ਸੀ ਪਰ ਇਸ ਦੀ ਰਜਿਸਟਰੇਸ਼ਨ ਨਹੀਂ ਕਰਵਾਈ ਗਈ ਸੀ। ਬੈਂਚ ਨੇ ਕਿਹਾ, "ਇਹ ਗੁਰਦੁਆਰੇ ਵਰਗਾ ਢਾਂਚਾ ਨਹੀਂ, ਸਗੋਂ ਇਹ ਪੂਰੀ ਤਰ੍ਹਾਂ ਗੁਰਦੁਆਰਾ ਹੈ।" ਸੁਪਰੀਮ ਕੋਰਟ ਨੇ ਪਟੀਸ਼ਨ ਖਾਰਜ ਕਰਦੇ ਹੋਏ ਹਾਈ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੱਤਾ, ਜਿਸ ਵਿਚ ਇਕ ਗਵਾਹ ਨੇ ਸਵੀਕਾਰ ਕੀਤਾ ਸੀ ਕਿ 1947 ਤੋਂ ਇਸ ਸੰਪਤੀ 'ਤੇ ਇਕ ਗੁਰਦੁਆਰਾ ਹੈ।

# ਕੋਰਟ ਕੇਸ ਦਰਮਿਆਨ ਬੀ.ਬੀ.ਸੀ. ਵੱਲੋਂ ਸਿੱਧੂ ਮੂਸੇਵਾਲਾ ਦੀ ਦਸਤਾਵੇਜ਼ੀ ਦੇ 2 ਐਪੀਸੋਡ ਯੂਟਿਊਬ 'ਤੇ ਰਿਲੀਜ਼



**ਮਾਨਸਾ, (ਪੰਜਾਬ ਮੇਲ)-** ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਬਾਰੇ ਡਾਕੂਮੈਂਟਰੀ ਦੀ ਸਕਰੀਨਿੰਗ ਨੂੰ ਲੈ ਕੇ ਜਾਰੀ ਵਿਵਾਦ ਦਰਮਿਆਨ ਬੀ.ਬੀ.ਸੀ. ਵਰਲਡ ਸਰਵਿਸ ਨੇ ਦਸਤਾਵੇਜ਼ੀ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਯੂਟਿਊਬ 'ਤੇ ਰਿਲੀਜ਼ ਕਰ ਦਿੱਤਾ ਹੈ। ਉਂਝ ਦਸਤਾਵੇਜ਼ੀ ਮਿੱਥੇ ਮੁਤਾਬਕ ਮੁੰਬਈ ਵਿਚ ਰਿਲੀਜ਼ ਕੀਤੀ ਜਾਣੀ ਸੀ।

ਦਸਤਾਵੇਜ਼ੀ ਮੂਸੇਵਾਲਾ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ ਹੈ, ਹਾਲਾਂਕਿ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਦਸਤਾਵੇਜ਼ੀ ਦੀ ਸਕਰੀਨਿੰਗ 'ਤੇ ਰੋਕ ਲਾਉਣ ਦੀ ਮੰਗ ਕਰਦੀ ਇਕ ਪਟੀਸ਼ਨ ਬੀਤੇ ਦਿਨੀਂ ਮਾਨਸਾ ਕੋਰਟ 'ਚ ਦਾਖ਼ਲ ਕੀਤੀ ਸੀ। ਮੂਸੇਵਾਲਾ ਦੇ ਪਰਿਵਾਰ ਵੱਲੋਂ ਉਸ ਦੇ ਗੀਤਾਂ ਦਾ ਇਕ ਈ.ਪੀ. (ਅਕਸਟੈਂਡਿਡ ਪਲੇਅ) ਰਿਲੀਜ਼ ਕੀਤਾ ਜਾ ਸਕਦਾ ਹੈ। ਮੂਸੇਵਾਲਾ ਦਾ ਜਨਮ 11 ਜੂਨ 1993 ਨੂੰ ਹੋਇਆ ਸੀ।

ਇਸ ਦੌਰਾਨ ਬੀ.ਬੀ.ਸੀ. ਨੇ ਦਸਤਾਵੇਜ਼ੀ ਦੇ ਦੋ ਐਪੀਸੋਡ ਜਾਰੀ ਕੀਤੇ ਹਨ, ਜਿਸ ਵਿਚ ਮੂਸੇਵਾਲਾ ਦੇ ਕੁਝ ਪੁਰਾਣੇ ਦੋਸਤ, ਕੁਝ ਪੱਤਰਕਾਰ ਅਤੇ ਪੰਜਾਬ ਅਤੇ ਦਿੱਲੀ ਦੇ ਦੋ ਸੀਨੀਅਰ ਪੁਲਿਸ ਅਧਿਕਾਰੀ ਸ਼ਾਮਲ ਹਨ। ਵੀਡੀਓ ਵਿਚ ਗੈਂਗਸਟਰ ਗੋਲਡੀ ਬਰਾੜ ਨਾਲ ਇੱਕ ਆਡੀਓ ਇੰਟਰਵਿਊ ਵੀ ਸ਼ਾਮਲ ਹੈ, ਜਿਸ 'ਤੇ 29 ਮਈ, 2022 ਨੂੰ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿਚ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ, ਅਤੇ ਉਸ ਨੂੰ ਮਾਸਟਰਮਾਈਂਡ ਦੱਸਿਆ ਜਾ ਰਿਹਾ ਹੈ।

ਦਸਤਾਵੇਜ਼ੀ ਦਾ ਪਹਿਲਾ ਐਪੀਸੋਡ, ਜਿਸ ਦਾ ਸਿਰਲੇਖ 'ਦ ਕਿਲਿੰਗ ਕਾਲ' ਹੈ, ਮੂਸੇਵਾਲਾ ਦੀ ਮੁੱਢਲੀ ਜ਼ਿੰਦਗੀ, ਮਕਬੂਲੀਅਤ ਵਿਚ ਵਾਧਾ ਅਤੇ ਉਸ ਦੇ ਕਰੀਅਰ ਦੇ ਆਲੇ ਦੁਆਲੇ ਵਿਵਾਦਾਂ 'ਤੇ ਕੇਂਦਰਿਤ ਹੈ, ਜਦੋਂ ਕਿ ਦੂਜਾ ਭਾਗ ਉਸ ਦੇ ਕਤਲ ਨੂੰ ਕਵਰ ਕਰਦਾ ਹੈ।

ਬੀ.ਬੀ.ਸੀ. ਵਰਲਡ ਸਰਵਿਸ ਨੇ ਆਪਣੇ ਯੂਟਿਊਬ ਵੀਡੀਓ ਵੇਰਵੇ ਵਿਚ ਲਿਖਿਆ:

"29 ਮਈ 2022 ਨੂੰ, ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਭਾੜੇ ਦੇ ਕਾਤਲਾਂ ਵੱਲੋਂ ਕੀਤਾ ਗਿਆ ਸੀ, ਜੋ ਉਸ ਦੀ ਕਾਰ ਦਾ ਪਿੱਛਾ ਕਰਦੇ ਸਨ, ਉਸ ਨੂੰ ਵਿੰਡਸ਼ੀਲਡ ਵਿਚੋਂ ਗੋਲੀ ਮਾਰ ਦਿੱਤੀ ਅਤੇ ਉਸ ਨੂੰ ਮਰਨ ਲਈ ਛੱਡ ਦਿੱਤਾ। ਜਿਵੇਂ ਹੀ ਕਤਲ ਦੀ ਖ਼ਬਰ ਪੂਰੇ ਭਾਰਤ ਅਤੇ ਦੁਨੀਆਂ ਭਰ ਵਿਚ ਫੈਲੀ, ਗੋਲਡੀ ਬਰਾੜ ਨਾਮ ਦੇ ਇੱਕ ਗੈਂਗਸਟਰ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਪਰ ਤਿੰਨ ਸਾਲ ਬਾਅਦ, ਇਸ ਕਤਲ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ, ਇਰਾਦੇ ਧੁੰਦਲੇ ਹਨ, ਅਤੇ ਗੋਲਡੀ ਬਰਾੜ ਅਜੇ ਵੀ ਫ਼ਰਾਰ ਹੈ। ਬੀ.ਬੀ.ਸੀ. ਆਈ-ਇਨਵੈਸਟੀਗੇਸ਼ਨ ਸਿੱਧੂ ਮੂਸੇਵਾਲਾ ਦੇ ਕੁਝ ਸਭ ਤੋਂ ਨਜ਼ਦੀਕੀ ਲੋਕਾਂ ਨਾਲ ਗੱਲ ਕਰ ਰਿਹਾ ਹੈ, ਉਸ ਦੀ ਹਨੇਰੇ ਤੋਂ ਸਟਾਰਡਮ ਤੱਕ ਦੇ ਉਭਾਰ ਦਾ ਪਤਾ ਲਗਾ ਰਿਹਾ ਹੈ, ਇਹ ਪਤਾ ਲਗਾ ਰਿਹਾ ਹੈ ਕਿ ਉਸ ਨੇ ਭਾਰਤ ਦੇ ਸਭ ਤੋਂ ਡਰਾਉਣੇ ਗੈਂਗ ਦੇ ਦੁਸ਼ਮਣ ਕਿਵੇਂ ਬਣਾਏ ਅਤੇ ਪੁੱਛਿਆ ਕਿ ਉਹ ਉਸ ਨੂੰ ਕਿਉਂ ਮਰਨਾ ਚਾਹੁੰਦੇ ਸਨ।"

ਇਸ ਵਿਚ ਅੱਗੇ ਕਿਹਾ ਗਿਆ ਹੈ, "ਇਹ ਇੱਕ ਅਜਿਹੀ ਕਹਾਣੀ ਹੈ, ਜੋ ਸਾਨੂੰ ਪੇਂਡੂ ਭਾਰਤ ਦੇ ਪਿੰਡਾਂ ਤੋਂ ਪੂਰਬੀ ਕੈਨੇਡਾ ਦੇ ਹਿੱਪ-ਹੌਪ ਦ੍ਰਿਸ਼ ਤੱਕ, ਪੰਜਾਬ ਦੇ ਅਸ਼ਾਂਤ ਇਤਿਹਾਸ ਤੋਂ ਲੈ ਕੇ ਆਧੁਨਿਕ ਭਾਰਤ ਦੀ ਵਿਵਾਦਿਤ ਸਿਆਸਤ ਤੱਕ ਅਤੇ ਸੰਗਠਿਤ ਅਪਰਾਧ ਦੀ ਪਰਛਾਵੀਂ ਦੁਨੀਆਂ ਤੋਂ ਭਗੌੜੇ ਗੈਂਗਸਟਰ ਨਾਲ ਖੌਫਨਾਕ ਫੋਨ ਕਾਲ ਤੱਕ ਲੈ ਜਾਂਦੀ ਹੈ, ਜੋ ਕਹਿੰਦਾ ਹੈ ਕਿ ਉਸ ਨੇ ਸਿੱਧੂ ਮੂਸੇਵਾਲਾ ਨੂੰ ਮਾਰਨ ਦਾ ਹੁਕਮ ਦਿੱਤਾ ਸੀ। ਸਿੱਧੂ ਦੇ ਦੋਸਤਾਂ ਅਤੇ ਸੰਗੀਤਕ ਸਹਿਯੋਗੀਆਂ ਤੱਕ ਵਿਸ਼ੇਸ਼ ਪਹੁੰਚ ਦੇ ਆਧਾਰ 'ਤੇ, ਫਿਲਮ ਵਿਚ ਕੁਝ ਅਜਿਹੀਆਂ ਆਵਾਜ਼ਾਂ ਨੂੰ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਨੇ ਪਹਿਲਾਂ ਕਦੇ ਮੀਡੀਆ ਨਾਲ ਗੱਲ ਨਹੀਂ ਕੀਤੀ।"

ਜ਼ਿਕਰਯੋਗ ਹੈ ਕਿ ਮਾਨਸਾ ਦੀ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਦੀ ਕੋਰਟ ਨੇ ਮੰਗਲਵਾਰ ਨੂੰ ਮਾਮਲੇ ਨੂੰ ਵਿਚਾਰ ਲਈ 12 ਜੂਨ ਤੱਕ ਮੁਲਤਵੀ ਕਰ ਦਿੱਤਾ ਸੀ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਵਕੀਲ ਐਡਵੋਕੇਟ ਸਤਿੰਦਰ ਪਾਲ ਸਿੰਘ ਮਿੱਤਲ ਨੇ ਨੂੰ ਦੱਸਿਆ ਸੀ ਕਿ ਮਾਮਲਾ ਹੁਣ ਕੋਰਟ ਵਿਚ ਵਿਚਾਰ ਅਧੀਨ ਹੈ ਤੇ 'ਸਾਨੂੰ ਉਮੀਦ ਹੈ ਕਿ ਦਸਤਾਵੇਜ਼ੀ ਨੂੰ ਜਨਤਕ ਨਹੀਂ ਕੀਤਾ ਜਾਵੇਗਾ।'

# ਜਥੇਦਾਰ ਅਕਾਲ ਤਖ਼ਤ ਵੱਲੋਂ ਰਾਜੋਆਣਾ ਦੀ ਰਿਹਾਈ ਲਈ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ

**■ ਰਾਜੋਆਣਾ ਵੱਲੋਂ ਕੇਸ ਦਾ ਜਲਦੀ ਨਿਬੇੜਾ ਕਰਵਾਉਣ 'ਤੇ ਜ਼ੋਰ**



ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਕੇ ਪਰਤੇ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਹੋਰ।

**ਪਟਿਆਲਾ, (ਪੰਜਾਬ ਮੇਲ)-** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨੀਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਰਾਜੋਆਣਾ ਦੀ ਰਿਹਾਈ ਲਈ ਖਾਲਸਾ ਪੰਥ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਦੱਸਿਆ ਕਿ ਰਾਜੋਆਣਾ ਨੇ ਫਾਂਸੀ ਸਬੰਧੀ ਕੇਸ ਦਾ ਜਲਦੀ ਨਿਬੇੜਾ ਕਰਵਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਆਪਣੇ ਸੁਨੇਹੇ ਵਿਚ ਸਿੱਖ ਸੰਗਤ ਤੇ ਪੰਥ ਨੂੰ ਕੌਮ ਦੇ ਕੌਮੀ ਦਿਹਾੜਿਆਂ ਨੂੰ ਰਲ-ਮਿਲ ਕੇ ਪੰਥਕ ਰਵਾਇਤਾਂ ਅਤੇ ਮਰਿਆਦਾ ਅਨੁਸਾਰ ਮਨਾਉਣ ਤੇ ਅਕਾਲ ਤਖ਼ਤ ਦਾ ਸਤਿਕਾਰ ਕਾਇਮ ਰੱਖਣ 'ਤੇ ਵੀ ਜ਼ੋਰ ਦਿੱਤਾ। ਰਾਜੋਆਣਾ ਨਾਲ ਮੁਲਾਕਾਤ ਕਰਨ ਗਏ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਐਗਜ਼ੈਕੇਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਮੈਂਬਰ ਜਸਮੇਰ ਸਿੰਘ ਲਾਛੜੂ ਦੇ ਨਾਲ-ਨਾਲ ਗੁਰਦੁਆਰਾ ਦੂਖਨਿਵਾਰਨ ਸਾਹਿਬ ਤੋਂ ਦੇਗ ਲੈ ਕੇ ਪੁੱਜੇ ਮੈਨੇਜਰ ਭਾਗ ਸਿੰਘ ਚੌਹਾਨ ਤੇ ਹੈਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਸ਼ਾਮਲ ਸਨ। ਇਸ ਮੌਕੇ ਰਾਜੋਆਣਾ ਨੇ ਫਾਂਸੀ ਸਬੰਧੀ ਕੇਸ ਦਾ ਜਲਦੀ ਨਿਬੇੜਾ ਕਰਵਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਹ 30 ਸਾਲਾਂ ਤੋਂ ਜੇਲ੍ਹ ਵਿਚ ਰਹਿ ਕੇ ਤਿਲ-ਤਿਲ ਮਰ ਰਹੇ ਹਨ।

ਜਥੇਦਾਰ ਗੜਗੱਜ ਨੇ ਕਿਹਾ ਕਿ ਸਮੁੱਚਾ ਸਿੱਖ ਪੰਥ ਉਨ੍ਹਾਂ ਦੀ ਰਿਹਾਈ ਦੇ ਕਾਰਜ ਲਈ ਮਿਸ਼ਨ ਵਜੋਂ ਕੰਮ ਕਰੇਗਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਥੇਦਾਰ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬਾਕੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵੀ ਕੀਤੀ।

ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਰਾਜੋਆਣਾ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਰਹਿਮ ਦੀ ਅਪੀਲ ਵਾਪਸ ਨਹੀਂ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਵੇਂ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਦੌਰਾਨ ਰਾਜੋਆਣਾ ਨੇ ਕਮੇਟੀ ਵੱਲੋਂ ਪਾਈ ਗਈ ਰਹਿਮ ਦੀ ਅਪੀਲ ਵਾਪਸ ਲੈਣ 'ਤੇ ਜ਼ੋਰ ਦਿੱਤਾ ਸੀ, ਪਰ ਵਿਦਵਾਨਾਂ ਤੇ ਹੋਰਨਾਂ ਨਾਲ ਕੀਤੇ ਗਏ ਸਲਾਹ-ਮਸ਼ਵਰੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪਟੀਸ਼ਨ ਵਾਪਸ ਲੈਣ ਦੀ ਜਗ੍ਹਾ, ਇਸ ਦਾ ਜਲਦੀ ਨਿਬੇੜਾ ਕਰਵਾਉਣ ਦਾ ਫ਼ੈਸਲਾ ਲਿਆ ਹੈ।

# "ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਵੈਬੀਨਾਰ (ਕਾਵਿ ਮਿਲਣੀ) ਬਹੁਤ ਕਾਮਯਾਬ ਰਹੀ



**ਸੈਕਰਾਮੈਂਟੋ, (ਪੰਜਾਬ ਮੇਲ)-** ਬੀਤੇ ਐਤਵਾਰ ਨੂੰ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ (ਕਾਵਿ ਮਿਲਣੀ) ਵੈਬੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸੰਸਾਰ ਭਰ ਵਿਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਮੂਲੀਅਤ ਕੀਤੀ। ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਸਭ ਨੂੰ ਰਸਮੀ ਨਿੱਘਾ ਜੀ ਆਇਆਂ ਕਿਹਾ ਤੇ ਪ੍ਰਧਾਨ ਰਿੰਟੂ ਭਾਟੀਆ ਨੂੰ ਪ੍ਰੋਗਰਾਮ ਨੂੰ ਹੋਸਟ ਕਰਨ ਲਈ ਕਿਹਾ। ਵੈਬੀਨਾਰ ਦਾ ਸੰਚਾਲਨ ਰਿੰਟੂ ਭਾਟੀਆ ਨੇ ਕੀਤਾ, ਜੋ ਬਹੁਤ ਕਾਬਿਲੇ-ਤਾਰੀਫ਼ ਸੀ। ਉਨ੍ਹਾਂ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਤੇ ਪਰਮਜੀਤ ਦਿਓਲ ਨੂੰ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਨ ਲਈ ਕਿਹਾ। ਪਰਮਜੀਤ ਦਿਓਲ ਨੇ ਇਸ ਮੌਕੇ ਸਭ ਨੂੰ ਜੀ ਆਇਆਂ ਆਖਿਆ ਤੇ ਉਨ੍ਹਾਂ ਰਮਿੰਦਰ ਵਾਲੀਆ ਰੰਮੀ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜੋ ਕਿ ਚਾਰ ਸਾਲ ਤੋਂ ਲਗਾਤਾਰ ਇਹ ਪ੍ਰੋਗਰਾਮ ਕਰਾ ਰਹੇ ਹਨ। ਫਿਰ ਰਿੰਟੂ ਭਾਟੀਆ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਰਿੰਟੂ ਭਾਟੀਆ ਨੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਜੀ ਦੀ ਇਕ ਰਚਨਾ ਨੂੰ ਸੁਣਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਪਿਤਾ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ :- ਪ੍ਰਿੰ. ਹਰਜਿੰਦਰ ਸੱਧਰ ਤੇ ਡਾ. ਲਖਵਿੰਦਰ ਗਿੱਲ ਸਨ। ਬਾਕੀ ਸਾਰੇ ਸਤਿਕਾਰਿਤ ਕਵੀ ਵਿਸ਼ੇਸ਼ ਮਹਿਮਾਨ ਸਨ। ਜਿਨ੍ਹਾਂ ਵਿਚ ਡਾ. ਗੁਰਜੋਧ ਕੌਰ, ਡਾ. ਮਨਜਿੰਦਰ ਕੌਰ ਮੁਕੇਰੀਆਂ, ਡਾ. ਪ੍ਰਭਜੋਤ ਕੌਰ ਚੰਡੀਗੜ੍ਹ, ਪ੍ਰੋ. ਬੀਰ ਇੰਦਰ ਸਰਾਂ, ਜ਼ੋਰਾਵਰ ਸਿੰਘ ਪੰਛੀ, ਕੁਲਵਿੰਦਰਜੀਤ ਕੌਰ ਚਾਵਲਾ, ਪਰਮਜੀਤ ਕੌਰ ਜੈਸਵਾਲ, ਸੁਖਬੀਰ ਕੌਰ ਸੁੱਖੀ ਅਤੇ ਗਿਆਨ ਸਿੰਘ ਦਰਦੀ ਸਨ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਬਹੁਤ ਸਾਰੇ ਨਵੇਂ ਕਵੀਆਂ ਨੂੰ ਪ੍ਰੋਗਰਾਮ ਵਿਚ ਲਿਆ ਗਿਆ ਸੀ। ਸਭ ਸ਼ਾਇਰਾਂ ਦੀਆਂ ਰਚਨਾਵਾਂ ਬਹੁਤ ਹੀ ਪਿਆਰੀਆਂ ਤੇ ਉੱਚ ਪਾਏ ਦੀਆਂ ਸਨ। ਸਭ ਨੇ ਅਲੱਗ ਹੀ ਅੰਦਾਜ਼ ਵਿਚ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ। ਅੰਤ ਵਿਚ ਮੁੱਖ ਮਹਿਮਾਨ ਪ੍ਰਿੰਸੀਪਲ ਹਰਜਿੰਦਰ ਕੌਰ ਸੱਧਰ ਜੀ ਨੇ ਸਾਰੇ ਕਵੀਆਂ ਦੀਆਂ ਰਚਨਾਵਾਂ ਦੇ ਬਾਰੇ ਵਿਚ ਆਪਣੀਆਂ ਭਾਵਪੂਰਤ ਟਿੱਪਣੀਆਂ ਨੂੰ ਪੇਸ਼ ਕੀਤਾ। ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਅਖੀਰ ਵਿਚ ਮੀਟਿੰਗ ਵਿਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿਚ ਪ੍ਰੋਗਰਾਮ ਨੂੰ ਸਮਅੱਪ ਕੀਤਾ। ਉਨ੍ਹਾਂ ਨੇ ਇਕ ਰਚਨਾ ਵੀ ਪਿਤਾ ਦਿਵਸ ਨੂੰ ਸਮਰਪਿਤ ਖ਼ੂਬਸੂਰਤ ਅੰਦਾਜ਼ ਵਿਚ ਸੁਣਾਈ, ਜੋ ਕਿ ਉਨ੍ਹਾਂ ਦੇ ਦੋਸਤ ਸ. ਮੁਖਵੀਰ ਸਿੰਘ ਜੀ ਦੀ ਲਿਖੀ ਹੋਈ ਸੀ। ਰਮਿੰਦਰ ਰੰਮੀ ਨੇ ਸਭ ਪ੍ਰਬੰਧਕਾਂ ਤੇ ਹਾਜ਼ਰੀਨ ਮੈਂਬਰਜ਼ ਦਾ ਧੰਨਵਾਦ ਕੀਤਾ ਤੇ ਕਿਹਾ ਕਿ "ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ"। ਇਹ ਪ੍ਰੋਗਰਾਮ ਹਮੇਸ਼ਾਂ ਫੇਸਬੁੱਕ ਲਾਈਵ ਹੁੰਦਾ ਹੈ ਤੇ ਯੂ ਟਿਊਬ 'ਤੇ ਲਿੰਕ ਵੀ ਸ਼ੇਅਰ ਹੁੰਦਾ ਹੈ ਰਿਕਾਰਡਿੰਗ ਦਾ। ਬਹੁਤ ਨਾਮਵਰ ਸ਼ਖ਼ਸੀਅਤਾਂ ਦੇ ਮੈਸੇਜ ਆਏ ਕਿ ਪ੍ਰੋਗਰਾਮ ਦੇਖਕੇ ਬਹੁਤ ਅਨੰਦ ਮਾਣਿਆ ਹੈ। ਚੈਟ ਬਾਕਸ ਵਿਚ ਵੀ ਦੋਸਤਾਂ ਨੇ ਬਹੁਤ ਖ਼ੂਬਸੂਰਤ ਕਮੈਂਟਸ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ।

## ਅਦਾਲਤ ਵੱਲੋਂ ਤਹੱਵੁਰ ਰਾਣਾ ਨੂੰ ਪਰਿਵਾਰਕ ਮੈਂਬਰਾਂ ਨਾਲ ਗੱਲ ਕਰਨ ਦੀ ਇਜਾਜ਼ਤ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ 26/11 ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀ ਤਹੱਵੁਰ ਹੁਸੈਨ ਰਾਣਾ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਫ਼ੋਨ ਕਾਲ 'ਤੇ ਗੱਲ ਕਰਨ ਦੀ ਇਜਾਜ਼ਤ ਦਿੱਤੀ ਹੈ। ਵਿਸ਼ੇਸ਼ ਜੱਜ ਚੰਦਰਜੀਤ ਸਿੰਘ ਨੇ ਰਾਣਾ ਨੂੰ ਸਿਰਫ਼ ਇੱਕ ਵਾਰ ਹੀ ਰਾਹਤ ਦੇਣ ਦੀ ਇਜਾਜ਼ਤ ਦਿੱਤੀ। ਜੱਜ ਨੇ ਕਿਹਾ ਕਿ ਇਹ ਕਾਲ ਜੇਲ੍ਹ ਮੈਨੂਅਲ ਦੇ ਅਨੁਸਾਰ ਅਤੇ ਤਿਹਾੜ ਜੇਲ੍ਹ ਅਥਾਰਟੀ ਦੀ ਨਿਗਰਾਨੀ ਹੇਠ ਹੋਵੇਗੀ। ਅਦਾਲਤ ਨੇ ਸੋਮਵਾਰ ਤੋਂ 10 ਦਿਨਾਂ ਦੇ ਅੰਦਰ ਰਾਣਾ ਦੀ ਸਿਹਤ ਬਾਰੇ ਇੱਕ ਨਵੀਂ ਰਿਪੋਰਟ ਵੀ ਮੰਗੀ ਹੈ। ਜੇਲ੍ਹ ਅਧਿਕਾਰੀਆਂ ਵੱਲੋਂ ਰਾਣਾ ਨੂੰ ਨਿਯਮਤ ਫ਼ੋਨ ਕਾਲਾਂ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਾਂ ਨਹੀਂ, ਇਸ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨ ਵਾਲੀ ਇੱਕ ਰਿਪੋਰਟ ਵੀ ਜੱਜ ਵੱਲੋਂ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

26/11 ਮੁੰਬਈ ਅੱਤਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾ ਡੇਵਿਡ ਕੋਲਮੈਨ ਹੈਡਲੀ ਉਰਫ਼ ਦਾਊਦ ਗਿਲਾਨੀ ਦੇ ਨਜ਼ਦੀਕੀ ਸਾਥੀ ਰਾਣਾ ਇਸ ਸਮੇਂ ਨਿਆਂਇਕ ਹਿਰਾਸਤ ਵਿਚ ਹੈ।

ਸਫਾ 1 ਦਾ ਬਾਕੀ

## ਲਾਸ ਏਂਜਲਸ 'ਚ ਵਿਖਾਵਾਕਾਰੀ ਦੀ...

ਹਾਲਾਂਕਿ, ਸੋਮਵਾਰ ਦੇ ਪ੍ਰਦਰਸ਼ਨ ਦੌਰਾਨ ਜ਼ਿਆਦਾ ਹੰਗਾਮਾ ਨਹੀਂ ਹੋਇਆ। ਹਜ਼ਾਰਾਂ ਲੋਕ 'ਸਿਟੀ ਹਾਲ' ਵਿਚ ਸ਼ਾਂਤੀਪੂਰਨ ਰੈਲੀ ਵਿਚ ਸ਼ਾਮਲ ਹੋਏ ਅਤੇ ਸੈਂਕੜਿਆਂ ਨੇ ਇੱਕ ਸੰਘੀ ਕੰਪਲੈਕਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਕੰਪਲੈਕਸ 'ਚ ਉਹ ਹਿਰਾਸਤੀ ਕੇਂਦਰ ਵੀ ਸ਼ਾਮਲ ਹੈ, ਜਿੱਥੇ ਸ਼ਹਿਰ ਵਿਚ ਛਾਪੇ ਮਗਰੋਂ ਕੁੱਝ ਪ੍ਰਵਾਸੀਆਂ ਨੂੰ ਰੱਖਿਆ ਗਿਆ ਹੈ।

ਲਾਸ ਏਂਜਲਸ ਦੇ ਪੁਲਿਸ ਮੁਖੀ ਜਿਮ ਮੈਕਡੋਨਲ ਅਨੁਸਾਰ ਸ਼ਨੀਵਾਰ ਤੋਂ ਸ਼ਹਿਰ ਵਿਚ "ਗੈਰ-ਕਾਨੂੰਨੀ ਅਤੇ ਖਤਰਨਾਕ ਵਿਵਹਾਰ" ਦੀਆਂ ਘਟਨਾਵਾਂ ਵਧ ਰਹੀਆਂ ਸਨ। ਉਨ੍ਹਾਂ ਕਿਹਾ, "ਲਾਸ ਏਂਜਲਸ ਭਰ ਵਿਚ ਕਈ ਦਿਨਾਂ ਦੀ ਵਧਦੀ ਅਸ਼ਾਂਤੀ ਤੋਂ ਬਾਅਦ ਜਾਨ-ਮਾਲ ਦੀ ਰੱਖਿਆ ਲਈ ਕਰਫਿਊ ਇੱਕ ਜ਼ਰੂਰੀ ਉਪਾਅ ਹੈ।" ਇਸ ਤੋਂ ਪਹਿਲਾਂ ਮੰਗਲਵਾਰ ਨੂੰ ਨੈਸ਼ਨਲ ਗਾਰਡ ਦੇ ਜਵਾਨਾਂ ਨੇ ਲਾਸ ਏਂਜਲਸ ਵਿਚ ਲੋਕਾਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਇਮੀਗ੍ਰੇਸ਼ਨ ਏਜੰਟਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ। ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਦੁਆਰਾ ਪੋਸਟ ਕੀਤੀਆਂ ਗਈਆਂ ਤਸਵੀਰਾਂ ਵਿਚ ਨੈਸ਼ਨਲ ਗਾਰਡ ਦੇ ਕਰਮਚਾਰੀ ਉਨ੍ਹਾਂ ਅਧਿਕਾਰੀਆਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੇ ਹਨ, ਜੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਰਹੇ ਹਨ।

ਸਫਾ 1 ਦਾ ਬਾਕੀ

## ਪੀਲ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ...

ਬਰੈਂਪਟਨ ਨਿਵਾਸੀ ਮਨਪ੍ਰੀਤ ਸਿੰਘ (44) ਤੇ ਅਰਵਿੰਦਰ ਪੋਵਾਰ (29), ਕੈਲੇਡਨ ਨਿਵਾਸੀ ਕਰਮਜੀਤ ਸਿੰਘ (36), ਸਰਤਾਜ ਸਿੰਘ (27) ਤੇ ਗੁਰਤੇਜ ਸਿੰਘ (36), ਹੈਮਿਲਟਨ ਨਿਵਾਸੀ ਫਿਲਿਪ ਟੈਪ (39) ਅਤੇ ਜਾਰਜਟਾਊਨ ਨਿਵਾਸੀ ਸ਼ਿਵ ਓਂਕਾਰ ਸਿੰਘ (31) ਸ਼ਾਮਲ ਹਨ। ਮੁਲਜ਼ਮਾਂ ਕੋਲੋਂ ਦੋ ਬੰਦੂਕਾਂ ਵੀ ਬਰਾਮਦ ਹੋਈਆਂ ਹਨ। ਸਾਰਿਆਂ ਖ਼ਿਲਾਫ਼ 35 ਵੱਖ-ਵੱਖ ਅਪਰਾਧਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਅਮਰੀਕਾ ਤੋਂ ਅੰਬੈਸਡਰ ਪੁਲ ਰਸਤੇ ਕੈਨੇਡਾ ਆਏ ਟਰੱਕ-ਟਰਾਲੇ ਦੀ ਤਲਾਸ਼ੀ ਦੌਰਾਨ ਉਸ ਵਿਚ ਬਣਾਏ ਵਿਸ਼ੇਸ਼ ਖਾਨਿਆਂ 'ਚ ਲੁਕੋਈ 127 ਕਿਲੋ ਕੋਕੀਨ ਬਰਾਮਦ ਕੀਤੀ ਗਈ। ਇਸੇ ਤਰ੍ਹਾਂ ਪੁਆਇੰਟ ਐਡਵਰਡ ਸ਼ਹਿਰ ਨੇੜਲੇ ਬਲੂਵਾਟਰ ਬ੍ਰਿਜ ਰਸਤੇ ਆਏ ਟਰਾਲੇ 'ਚੋਂ 50 ਕਿਲੋ ਕੋਕੀਨ ਬਰਾਮਦ ਹੋਈ। ਇਸ ਤੋਂ ਇਲਾਵਾ ਟਰੱਕਾਂ ਰਾਹੀਂ ਆਉਂਦੇ ਸਾਮਾਨ ਵਾਲੇ ਕੁਝ ਗੁਦਾਮਾਂ ਦੀ ਤਲਾਸ਼ੀ ਦੌਰਾਨ 302 ਕਿਲੋ ਨਸ਼ਾ ਫੜਿਆ ਗਿਆ ਹੈ। ਓਨਟਾਰੀਓ ਦੇ ਸੌਲੀਸਿਟਰ ਜਨਰਲ ਮਾਈਕਲ ਐੱਸ. ਕੇਰਜ਼ਨਰ ਨੇ ਇਸ ਵੱਡੀ ਪ੍ਰਾਪਤੀ ਲਈ ਪੀਲ ਪੁਲਿਸ ਦੀ ਪਿੱਠ ਥਾਪੜੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਏਜੰਸੀਆਂ ਦੇ ਸਹਿਯੋਗ ਨਾਲ ਛੇਤੀ ਹੀ ਨਸ਼ਿਆਂ 'ਤੇ ਕਾਬੂ ਪਾ ਲਿਆ ਜਾਏਗਾ।

ਸਫਾ 1 ਦਾ ਬਾਕੀ

## ਸਰੀ 'ਚ ਫਿਰੌਤੀ ਨਾ ਦੇਣ 'ਤੇ ਮੰਦਰ ਕਮੇਟੀ ਪ੍ਰਧਾਨ ਦੇ...

ਸੰਪਰਕ ਕਰਨ 'ਤੇ ਸਤੀਸ਼ ਕੁਮਾਰ ਨੇ ਦੱਸਿਆ ਕਿ ਉਸ ਕੋਲੋਂ 20 ਲੱਖ ਡਾਲਰ ਮੰਗੇ ਗਏ ਸਨ ਅਤੇ ਅਜਿਹਾ ਨਾ ਕਰਨ 'ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਸਤੀਸ਼ ਨੇ ਫਿਰੌਤੀ ਦੇਣ ਦੀ ਜਗ੍ਹਾ ਜਦੋਂ ਉਸ ਨੂੰ ਵੰਗਾਰਿਆ, ਤਾਂ ਫਿਰੌਤੀ ਗਰੋਹ ਦਾ ਮੈਂਬਰ ਭੱਦੀ ਸ਼ਬਦਾਵਲੀ ਵਰਤਣ ਲੱਗ ਪਿਆ ਅਤੇ ਐਤਵਾਰ ਨੂੰ ਉਸ ਦੇ ਬੈਂਕੁਇਟ ਹਾਲ 'ਤੇ ਹਮਲਾ ਕਰ ਦਿੱਤਾ ਗਿਆ।

ਅਜਿਹੀਆਂ ਫਿਰੌਤੀ ਕਾਲਾਂ ਕੁਝ ਹੋਰ ਭਾਰਤੀ ਕਾਰੋਬਾਰੀਆਂ ਨੂੰ ਵੀ ਆਈਆਂ ਹਨ, ਪਰ ਉਹ ਵਪਾਰਕ ਮਜਬੂਰੀਆਂ ਕਰਕੇ ਸਾਹਮਣੇ ਨਹੀਂ ਆਉਣਾ ਚਾਹੁੰਦੇ। ਬਰੈਂਪਟਨ, ਐਡਮਿੰਟਨ ਅਤੇ ਕੈਲਗਰੀ 'ਚ ਵੀ ਕੁਝ ਕਾਰੋਬਾਰੀਆਂ ਨੂੰ ਅਜਿਹੀਆਂ ਧਮਕੀਆਂ ਮਿਲਣ ਦੀਆਂ ਸੂਚਨਾਵਾਂ ਹਨ। ਕੁੱਝ ਦਿਨ ਪਹਿਲਾਂ ਮਿਸੀਸਾਗਾ 'ਚ ਮਾਰੇ ਗਏ ਹਰਜੀਤ ਸਿੰਘ ਢੱਡਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਸ ਨੂੰ ਵੀ ਅਜਿਹੀਆਂ ਧਮਕੀਆਂ ਆਉਂਦੀਆਂ ਰਹੀਆਂ ਸਨ।

# ਨਾਵਲਕਾਰ ਜੱਗੀ ਕੁੱਸਾ ਦੀ ਮਰਹੂਮ ਧੀ ਲਾਲੀ ਕੁੱਸਾ ਤੇ ਘੱਲੂਘਾਰਾ "ਪੰਜ ਦਰਿਆ" ਵਿਸ਼ੇਸ਼ ਅੰਕ ਲੋਕ ਅਰਪਨ ਸਮਾਗਮ ਕਰਵਾਇਆ

**■ ਨਾਵਲਕਾਰਾ ਕਮਲ ਗਿੱਲ ਦਾ ਨਾਵਲ 'ਅਧੂਰੀ ਕਹਾਣੀ' ਵੀ ਲੋਕ ਅਰਪਣ ਕੀਤਾ**



ਗਲਾਸਗੋ, (ਪੰਜਾਬ ਮੇਲ)- ਸਕਾਟਲੈਂਡ ਦੇ ਇਤਿਹਾਸ ਵਿਚ ਹੁਣ ਤੱਕ ਦੇ ਪਹਿਲੇ ਅਖ਼ਬਾਰ 'ਪੰਜ ਦਰਿਆ' ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸੈਂਕੜਿਆਂ ਦੀ ਤਾਦਾਦ ਵਿਚ ਪਹੁੰਚ ਕੇ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ 'ਪੰਜ ਦਰਿਆ' ਅਖ਼ਬਾਰ ਦਾ ਇਹ ਵਿਸ਼ੇਸ਼ ਅੰਕ ਜੂਨ 1984 ਘੱਲੂਘਾਰਾ ਅਤੇ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੀ ਮਰਹੂਮ ਧੀ ਲਾਲੀ ਕੁੱਸਾ ਨੂੰ ਸਮਰਪਿਤ ਸੀ। ਜਿੱਥੇ ਇਸ ਸਮਾਗਮ ਦੌਰਾਨ ਪੰਜ ਦਰਿਆ ਦਾ ਇਹ ਵਿਸ਼ੇਸ਼ ਅੰਕ ਲੋਕ ਅਰਪਣ ਕੀਤਾ ਗਿਆ, ਉੱਥੇ 'ਪੰਜ ਦਰਿਆ' ਦੀ ਕਾਵਿ ਸੰਪਾਦਿਕਾ ਤੇ ਨਾਵਲਕਾਰਾ ਕਮਲ ਗਿੱਲ ਦਾ ਦੂਜਾ ਨਾਵਲ ਅਧੂਰੀ ਕਹਾਣੀ ਵੀ ਲੋਕ ਅਰਪਣ ਕੀਤਾ ਗਿਆ। ਸਮਾਗਮ 'ਚ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ 'ਚੋਂ ਪਹੁੰਚ ਕੇ ਵਿਦਵਾਨ ਸ਼ਖਸੀਅਤਾਂ ਇਨ੍ਹਾਂ ਇਤਿਹਾਸਿਕ ਪਲਾਂ ਦੀਆਂ ਗਵਾਹ ਬਣੀਆਂ।

ਪੇਜ਼ਲੀ ਦੇ ਖਚਾਖਚ ਭਰੇ 'ਦ ਵਾਈਂਡ ਸੈਂਟਰ' 'ਚ ਹੋਏ ਇਸ ਸਮਾਗਮ ਦੌਰਾਨ 'ਪੰਜ ਦਰਿਆ' ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਨਾਵਲਕਾਰਾ ਕਮਲ ਗਿੱਲ, ਸਪਾਈਸ ਆਫ ਲਾਈਫ ਦੇ ਡਾਇਰੈਕਟਰ ਪਰਮਜੀਤ ਸਿੰਘ ਸਮਰਾ, ਮਨਜੀਤ ਸਿੰਘ ਚੀਮਾ ਸੰਦਰਲੈਂਡ, ਗੁਰਮੇਲ ਸਿੰਘ ਧਾਮੀ ਅਤੇ ਹਰਦਿਆਲ ਸਿੰਘ ਬਾਹਰੀ ਨੂੰ ਪ੍ਰਧਾਨਗੀ ਮੰਡਲ ਵਿਚ ਬਿਰਾਜਮਾਨ ਹੋਣ ਦਾ ਸੱਦਾ ਦਿੱਤਾ। ਨਾਵਲਕਾਰਾ ਕਮਲ ਗਿੱਲ ਨੂੰ ਸਨਮਾਨ ਦਿੰਦਿਆਂ 'ਪੰਜ ਦਰਿਆ' ਦੀਆਂ ਔਰਤ ਮੈਂਬਰਾਨ ਵੱਲੋਂ ਸਿਰ ਉੱਪਰ ਫੁਲਕਾਰੀ ਤਾਣ ਕੇ ਹਾਲ ਅੰਦਰ ਪ੍ਰਵੇਸ਼ ਕਰਾਇਆ ਗਿਆ। ਹਾਜ਼ਰੀਨ ਦਾ ਸਵਾਗਤ ਬਾਬਾ ਬੁੱਢਾ ਦਲ ਗਲਾਸਗੋ ਦੇ ਸੇਵਾਦਾਰ ਹਰਜੀਤ ਸਿੰਘ ਖਹਿਰਾ ਨੇ ਆਪਣੇ ਸ਼ਬਦਾਂ ਰਾਹੀਂ ਕੀਤਾ। ਸ਼ਿਵਚਰਨ ਜੱਗੀ ਕੁੱਸਾ ਨੇ ਬੋਲਦਿਆਂ 'ਪੰਜ ਦਰਿਆ' ਟੀਮ ਅਤੇ ਗਲਾਸਗੋ ਦੇ ਭਾਈਚਾਰੇ ਦਾ ਧੰਨਵਾਦ ਕੀਤਾ, ਜਿਸ ਨੇ ਉਨ੍ਹਾਂ ਦੀ ਬੇਟੀ ਲਾਲੀ ਕੁੱਸਾ ਦੀ ਜਾਨ ਲੈਣ ਵਾਲੇ 'ਮੈਡੀਕਲ ਅੱਤਵਾਦ' ਨੂੰ ਨੰਗਾ ਕਰਦਾ ਵਿਸ਼ੇਸ਼ ਅੰਕ ਲੋਕ ਅਰਪਣ ਕਰਨ ਦਾ ਜੇਰਾ ਕੀਤਾ।

ਨਾਵਲਕਾਰਾ ਕਮਲ ਗਿੱਲ ਨੇ ਨਾਵਲ 'ਅਧੂਰੀ ਕਹਾਣੀ' ਬਾਰੇ ਬੋਲਦਿਆਂ ਜਿੱਥੇ ਵਿਸ਼ਾਲ ਸਮਾਗਮ ਰਚਾਉਣ ਦੀ ਪ੍ਰਬੰਧਕ ਟੀਮ ਨੂੰ ਵਧਾਈ ਦਿੱਤੀ, ਉੱਥੇ ਔਰਤ ਨਾਲ ਹੁੰਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਰੂਪੀ ਤਸ਼ੱਦਦ ਦੀ ਬਾਤ ਪਾਉਂਦਿਆਂ ਨਾਵਲ 'ਗੰਧਲੇ ਰਿਸ਼ਤੇ' ਤੇ 'ਅਧੂਰੀ ਕਹਾਣੀ' ਪੜ੍ਹਣ ਦੀ ਤਾਕੀਦ ਕੀਤੀ। ਇਸ ਉਪਰੰਤ ਸਰਵ ਸ਼੍ਰੀ ਮਨਜੀਤ ਸਿੰਘ ਚੀਮਾ, ਹਰਦਿਆਲ ਸਿੰਘ ਬਾਹਰੀ, ਲਖਵੀਰ ਸਿੰਘ ਸਿੱਧੂ, ਪ੍ਰਭਜੋਤ ਕੌਰ ਵਿਰ੍ਹੀਆ, ਪਰਮਜੀਤ ਸਿੰਘ ਸਮਰਾ, ਰਵਿੰਦਰ ਸਿੰਘ ਸਹੋਤਾ, ਗੁਰਮੇਲ ਸਿੰਘ ਧਾਮੀ, ਜਸਵਿੰਦਰ ਕਲੇਰ, ਅਮਨਦੀਪ ਸਿੰਘ ਅਮਨ, ਸੁਰਜੀਤ ਸਿੰਘ ਚੌਧਰੀ ਐੱਮ.ਬੀ.ਏ., ਗਿਆਨੀ ਅਮਰੀਕ ਸਿੰਘ, ਸੋਹਣ ਸਿੰਘ ਰੰਧਾਵਾ, ਸੁਲੱਖਣ ਸਿੰਘ ਸਮਰਾ, ਲਾਭ ਗਿੱਲ ਦੋਦਾ ਅਤੇ ਸਲੀਮ ਰਜ਼ਾ ਰਾਏਕੋਟੀ ਆਦਿ ਬੁਲਾਰਿਆਂ ਨੇ ਬਹੁਤ ਹੀ ਭਾਵੁਕ ਸ਼ਬਦਾਂ ਨਾਲ ਮਰਹੂਮ ਲਾਲੀ ਕੁੱਸਾ ਨੂੰ ਉਨ੍ਹਾਂ ਦੀ ਦੂਜੀ ਬਰਸੀ 'ਤੇ ਯਾਦ ਕਰਦਿਆਂ 'ਪੰਜ ਦਰਿਆ' ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਸ਼ਾਬਾਸ਼ ਦਿੱਤੀ ਤੇ ਨਾਲ ਹੀ ਬਹੁਤ ਹੀ ਸੂਖਮ ਅਤੇ ਵਿਸ਼ਾਲ ਮਤਲਬ ਰੱਖਦੇ ਮੁੱਦਿਆਂ ਨੂੰ ਨਾਵਲ 'ਅਧੂਰੀ ਕਹਾਣੀ' ਰਾਹੀਂ ਉਜਾਗਰ ਕਰਨ ਲਈ ਕਮਲ ਗਿੱਲ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਨਾਵਲਕਾਰਾ ਕਮਲ ਗਿੱਲ ਨੂੰ ਵੈਸਟ ਮਿਡਲੈਂਡਜ਼ ਤੋਂ 'ਪੰਜ ਦਰਿਆ' ਲਈ ਸਹਿਯੋਗੀ ਵਜੋਂ ਸੇਵਾਵਾਂ ਦੇਣ ਅਤੇ ਕਾਵਿ ਸੰਪਾਦਿਕਾ ਦੀ ਵਡੇਰੀ ਜ਼ਿੰਮੇਵਾਰੀ ਦਿੰਦਿਆਂ ਕੀਰਤ ਖੁਰਮੀ ਨੇ ਸ਼ਨਾਖਤੀ ਕਾਰਡ ਅਤੇ ਗੁਰਮੁਖੀ ਉੱਕਰੀ ਚੁੰਨੀ ਸਮੂਹ ਔਰਤ ਮੈਂਬਰਾਨ ਨੂੰ ਨਾਲ ਲੈ ਕੇ ਸਨਮਾਨ ਸਹਿਤ ਭੇਟ ਕੀਤੀ। ਇਸਦੇ ਨਾਲ ਹੀ ਸ਼ਿਵਚਰਨ ਜੱਗੀ ਕੁੱਸਾ ਨੂੰ ਵੀ ਆਨਰੇਰੀ ਸੰਪਾਦਕ ਦੀ ਜ਼ਿੰਮੇਵਾਰੀ ਦਿੰਦਿਆਂ ਸ਼ਨਾਖਤੀ ਕਾਰਡ ਅਤੇ ਲੋਈ ਨਾਲ ਨਿਵਾਜਿਆ ਗਿਆ।

ਮੰਚ ਸੰਚਾਲਕ ਦੇ ਫਰਜ਼ ਨਿਭਾਉਂਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ 'ਪੰਜ ਦਰਿਆ' ਟੀਮ ਗਲਾਸਗੋ ਨੂੰ ਵਿਸ਼ਵ ਪੱਧਰ 'ਤੇ ਸੁਰਖੀਆਂ ਵਿਚ ਲਿਆਉਣ ਲਈ ਵਚਨਬੱਧ ਹੈ ਅਤੇ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਸਾਹਿਤ ਪ੍ਰੇਮੀ ਗਲਾਸਗੋ 'ਚ ਹੁੰਦੇ ਸਾਹਿਤਕ ਸਮਾਗਮਾਂ ਵਿਚ ਸ਼ਿਰਕਤ ਕਰਿਆ ਕਰਨਗੇ, ਤਾਂ ਹਾਜ਼ਰੀਨ ਨੇ ਜ਼ੋਰਦਾਰ ਤਾੜੀਆਂ ਨਾਲ ਖੁਰਮੀ ਦੀ ਇੱਛਾ 'ਤੇ ਮੋਹਰ ਲਾਈ।

# ਸ਼ਾਂਤਮਈ ਸ਼ਕਤੀ ਤੇ ਸਬਰ ਦੇ ਸਨਮਾਨ ਦਾ ਪ੍ਰਤੀਕ - ਪਿਤਾ



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋਬ : 78374-90309



ਪੰਜਾਬ ਮੇਲ USA

ਇਹ ਖਾਸ ਦਿਨ ਪਿਤਾ ਦੀ ਸ਼ਖਸੀਅਤ ਦਾ ਸਨਮਾਨ ਕਰਨ ਲਈ ਸਮਰਪਿਤ ਹੈ, ਜੋ ਹਰ ਸਾਲ, ਜੂਨ ਦੇ ਤੀਜੇ ਐਤਵਾਰ ਨੂੰ ਦੁਨੀਆਂ ਭਰ ਦੇ ਲੋਕ ਪਿਤਾ ਦਿਵਸ ਵਜੋਂ ਮਨਾਉਂਦੇ ਹਨ। ਜਿਨ੍ਹਾਂ ਨੇ ਸਾਡੀ ਜ਼ਿੰਦਗੀ ਨੂੰ ਆਕਾਰ ਦਿੱਤਾ ਹੈ। ਜਦੋਂਕਿ ਮਾਂ ਦਿਵਸ ਨੂੰ ਅਕਸਰ ਭਾਵਨਾਤਮਕ ਤੌਰ 'ਤੇ ਧੂਮਧਾਮ ਨਾਲ ਮਨਾਉਂਦੇ ਹਨ। ਪਿਤਾ ਨੂੰ ਕਈ ਵਾਰ ਸ਼ਾਂਤਮਈ ਪ੍ਰਸ਼ੰਸਾ ਹੀ ਮਿਲਦੀ ਹੈ। ਫਿਰ ਵੀ ਇੱਕ ਪਿਤਾ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ, ਜੋ ਤਾਉਮਰ ਤਾਕਤ, ਸੁਰੱਖਿਆ ਅਤੇ ਬਿਨਾਂ ਸ਼ਰਤ ਪਿਆਰ ਦੀ ਪੇਸ਼ਕਸ਼ ਕਰਦੀ ਹੈ, ਭਾਵੇਂ ਕਈ ਵਾਰ ਅਣਦੇਖੇ ਹੋ ਜਾਂਦੇ ਹਨ।

ਰਵਾਇਤੀ ਤੌਰ 'ਤੇ ਪਿਤਾ ਨੂੰ ਰੋਟੀ ਕਮਾਉਣ ਵਾਲੇ ਵਜੋਂ ਦੇਖਦੇ ਹਾਂ, ਜੋ ਕੰਮ, ਵਪਾਰ ਜਾਂ ਨੌਕਰੀ ਲਈ ਰੋਜ਼ਾਨਾ ਘਰੋਂ ਜਾਂਦੇ ਸਨ। ਮਾਵਾਂ ਘਰ ਅਤੇ ਬੱਚਿਆਂ ਦਾ ਪ੍ਰਬੰਧਨ ਕਰਦੀਆਂ ਸਨ। ਸਮਾਜਿਕ ਵਿਕਾਸ ਨਾਲ ਪਿਤਾ ਦੀ ਭੂਮਿਕਾ ਵੀ ਬਦਲ ਗਈ। ਅੱਜ ਪਿਤਾ ਬੱਚਿਆਂ ਦੀ ਭਾਵਨਾਤਮਕ, ਸਰੀਰਕ ਅਤੇ ਵਿਦਿਅਕ ਪਰਵਰਿਸ਼ ਵਿਚ ਮਾਂਵਾਂ ਵਾਂਗ ਹੀ ਸ਼ਾਮਲ ਹਨ। ਬੱਚਿਆਂ ਦਾ ਪਾਲਣ-ਪੋਸ਼ਣ ਕਰਦੇ ਹੋਏ ਡਾਇਪਰ ਡਿਊਟੀ ਤੋਂ ਲੈ ਕੇ ਦੇਰ ਰਾਤ ਤੱਕ ਹੋਮਵਰਕ ਦੇ ਨਾਲ ਅਨੇਕਾਂ ਕੰਮਾਂ ਕਰਨ ਵਿਚ ਮਦਦ ਕਰਦੇ ਹਨ। ਪਿਤਾ ਵਲੋਂ ਕੀਤੀ ਪਾਲਣ-ਪੋਸ਼ਣ ਵਾਲੇ ਬੱਚੇ ਸਕੂਲ ਵਿਚ ਬਿਹਤਰ ਪ੍ਰਦਰਸ਼ਨ ਕਰਕੇ ਉੱਚ ਸਵੈ-ਮਾਣ ਰੱਖਦੇ ਅਤੇ ਵਿਵਹਾਰ ਸੰਬੰਧੀ ਘੱਟ ਸਮੱਸਿਆਵਾਂ ਹੁੰਦੀਆਂ ਹਨ। ਪਿਤਾ ਦੀ ਮੌਜੂਦਗੀ ਮਾਰਗਦਰਸ਼ਕ, ਰੌਸ਼ਨੀ, ਸੰਤੁਲਨ, ਅਨੁਸ਼ਾਸਨ ਅਤੇ ਇੱਕ ਸ਼ਾਂਤ ਵਿਸ਼ਵਾਸ ਪ੍ਰਦਾਨ ਕਰਦੀ ਹੈ, ਜੋ ਬੱਚੇ ਦੀ ਪਛਾਣ ਨੂੰ ਆਕਾਰ ਦਿੰਦੀ ਹੈ।

ਪਿਤਾ ਹੋਣਾ ਜੈਵਿਕ ਸਬੰਧਾਂ ਤੱਕ ਸੀਮਿਤ ਨਹੀਂ ਹੈ। ਕਈ ਵਾਰ ਦਾਦਾ, ਚਾਚੇ, ਮਾਮਾ, ਭਰਾ, ਅਧਿਆਪਕ ਅਤੇ ਨਜ਼ਦੀਕੀ ਪਰਿਵਾਰਕ ਮੈਂਬਰ ਵੀ ਪਿਤਾ ਸਮਾਨ ਭੂਮਿਕਾ ਨਿਭਾਉਂਦੇ ਹਨ। ਜਦੋਂ ਨਿਰਸਵਾਰਥ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਇਹ ਦਰਸਾਉਂਦੇ ਹੈ ਕਿ ਪਿਤਾ ਹੋਣਾ ਖ਼ੂਨ ਦੇ ਸਬੰਧਤ ਨਾਲੋਂ-ਨਾਲ ਪਿਆਰ, ਦੇਖਭਾਲ ਅਤੇ ਵਚਨਬੱਧਤਾ ਦੁਆਰਾ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਪਿਤਾ ਦਿਵਸ 'ਤੇ ਉਸ ਵਿਅਕਤੀ ਨੂੰ ਸਤਿਕਾਰ ਕਰਨਾ ਵੀ ਮਹੱਤਵਪੂਰਨ ਹੈ, ਜਿਨ੍ਹਾਂ ਨੇ ਅਹੁਦੇ ਜਾਂ ਰਿਸ਼ਤੇ ਦੀ ਪ੍ਰਵਾਹ ਕੀਤੇ ਬਿਨਾਂ ਸਮੇਂ 'ਤੇ ਢੁੱਕਵੀਂ ਸਲਾਹ ਜਾਂ ਮਦਦ ਕੀਤੀ ਹੋਵੇ, ਜਿਸ ਦਾ ਪ੍ਰਭਾਵ ਜੀਵਨ ਵਿਚ ਡੂੰਘਾ ਅਤੇ ਸਥਾਈ ਹੋ ਨਿਬੜੇ।

ਕਿਸੇ ਨੂੰ ਵੀ ਉਸਦੇ ਪਿਤਾ ਬਾਰੇ ਪੁੱਛੋ, ਤਾਂ ਉਹ ਅਮਿੱਟ ਛਾਪ ਵਾਲਾ ਵੱਡਾ ਜਾਂ ਛੋਟਾ ਇੱਕ ਪਲ ਜ਼ਰੂਰ ਸਾਂਝਾ ਕਰੇਗਾ। ਇਹ ਪਲ ਬੱਚੇ ਨੂੰ ਸਾਈਕਲ ਚਲਾਉਣਾ ਸਿਖਾਉਂਦਾ ਹੋ ਸਕਦਾ ਹੈ, ਇੱਕ ਵਿਗਿਆਨ ਪ੍ਰੋਜੈਕਟ ਨੂੰ ਠੀਕ ਕਰਨ ਲਈ ਸਾਰੀ ਰਾਤ ਜਾਗਦੇ ਰਹਿਣਾ, ਮੁਸ਼ਕਲ ਸਮੇਂ ਦੌਰਾਨ ਸ਼ਾਂਤ ਸਲਾਹ ਦੇਣਾ, ਜਾਂ ਹਰ ਖੇਡ ਦੇ ਸਮੇਂ ਸਟੈਂਡ ਵਿਚ ਮੌਜੂਦ ਰਹਿਣ ਦਾ ਹੋਵੇ, ਦੇਖਣ ਨੂੰ ਇਹ ਪਲ ਸਾਦੇ ਜਾਪਦੇ ਹਨ। ਪਰ ਕੀਮਤੀ ਯਾਦਾਂ ਬਣ ਜਾਂਦੇ ਹਨ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਪਿਆਰ ਅਕਸਰ ਸ਼ਾਨਦਾਰ ਕੰਮ ਜਾਂ ਮਹਿੰਗੇ ਪਲਾਂ ਵਿਚ ਹੀ ਨਹੀਂ, ਸਗੋਂ ਰੋਜ਼ਾਨਾ ਸਾਧਾਰਨ ਕੰਮਾਂ ਵਿਚ ਵੀ ਦਿਖਾਈ ਦਿੰਦਾ ਹੈ।

ਕੁਝ ਲੋਕਾਂ ਲਈ ਪਿਤਾ ਦਿਵਸ ਕੌੜੇ-ਮਿੱਠੇ ਅਨੁਭਵਾਂ ਦਾ ਸਮਾਂ ਵੀ ਹੁੰਦਾ ਹੈ। ਖਾਸ ਕਰਕੇ ਜਿਨ੍ਹਾਂ ਨੇ ਆਪਣੇ ਪਿਤਾ ਗੁਆ ਲਏ ਜਾਂ ਤਣਾਅਪੂਰਨ ਰਿਸ਼ਤੇ ਦੇ ਚੱਲਦਿਆਂ। ਇਹ ਸ਼ੁਕਰਾਨਾ ਅਤੇ ਗਮਗੀਨ ਦੋਵਾਂ ਦਾ ਮਿਲਗੋਭਾ ਹੈ। ਪਰ ਜਟਿਲਤਾ ਨੂੰ ਨਿਖੇੜਨ ਵਾਲੇ, ਸਕਾਰਾਤਮਕ ਪ੍ਰਭਾਵਾਂ ਅਤੇ ਮਿਲੇ ਸਬਕਾਂ ਦਾ ਸਨਮਾਨ ਕਰਨ ਲਈ ਇੱਕ ਖਾਸ ਦਿਨ ਤੋਂ ਘੱਟ ਨਹੀਂ। ਪਿਤਾ ਦਿਵਸ ਮਨਾਉਣ ਦਾ ਕੋਈ ਖਾਸ ਤਰੀਕਾ ਨਹੀਂ ਹੈ। ਕੁਝ ਪਰਿਵਾਰਕ ਭੋਜਨ, ਤੋਹਫ਼ਿਆਂ ਅਤੇ ਸਾਂਝੀਆਂ ਖੁਸ਼ੀਆਂ ਲਈ ਵੱਡੇ ਇਕੱਠਾਂ ਦਾ ਆਨੰਦ ਲੈਂਦੇ ਹਨ। ਦੂਸਰੇ ਸ਼ਾਂਤ ਪਲਾਂ ਨੂੰ ਤਰਜੀਹ ਦਿੰਦੇ ਹਨ ਇੱਕ ਲੰਬੀ ਸੈਰ, ਬਗੀਚੇ ਜਾਂ ਵਿਹੜੇ ਵਿਚ ਬੈਠ ਚਾਹ ਪੀਣੀ ਜਾਂ ਸਿਰਫ਼ ਇਕੱਠੇ ਸਮਾਂ ਬਿਤਾਉਣਾ। ਉਂਜ ਸਭ ਤੋਂ ਅਰਥ ਪੂਰਨ ਜਸ਼ਨ ਅਕਸਰ ਸਭ ਤੋਂ ਨਿੱਜੀ ਹੁੰਦੇ ਹਨ।

ਦਿਨ ਨੂੰ ਖਾਸ ਬਣਾਉਣ ਦੇ ਕੁਝ ਸਾਧਾਰਨ ਤਰੀਕੇ ਜਿਵੇਂ ਸ਼ੁਕਰਗੁਜ਼ਾਰੀ ਪ੍ਰਗਟ ਕਰਨ ਵਾਲਾ ਇੱਕ ਪੱਤਰ ਲਿਖ ਕੇ ਮਨਪਸੰਦ ਯਾਦਾਂ ਸਾਂਝੀਆਂ ਕਰੋ। ਆਪਣੇ ਪਿਤਾ ਨੂੰ ਪਸੰਦ ਆਉਣ ਵਾਲੀ ਕਿਸੇ ਚੀਜ਼ ਵਿਚ ਵਧੀਆ ਸਮਾਂ ਬਿਤਾਉਣਾ ਜਿਵੇਂ ਖਰੀਦਦਾਰੀ, ਖੇਡ, ਖਾਸ ਜਗ੍ਹਾ 'ਤੇ ਜਾਣਾ, ਮੱਛੀ ਫੜਨਾ, ਫਿਲਮ ਦੇਖਣਾ, ਇਕੱਠੇ ਖਾਣਾ ਪਕਾਉਣਾ, ਪਿਆਰੀਆਂ ਯਾਦਾਂ ਦਾ ਇੱਕ ਫੋਟੋ ਐਲਬਮ ਜਾਂ ਡਿਜ਼ੀਟਲ ਸਲਾਈਡਸ਼ੋਅ ਹੋ ਸਕਦਾ ਹੈ। ਇੱਕ ਸੋਚ-ਸਮਝ ਕੇ ਤੋਹਫ਼ਾ ਦਿਓ, ਜ਼ਰੂਰੀ ਨਹੀਂ ਕਿ ਮਹਿੰਗਾ ਹੋਵੇ, ਪਰ ਅਰਥਪੂਰਨ ਹੋਵੇ ਇੱਕ ਕਿਤਾਬ, ਇੱਕ ਕਸਟਮ ਫੋਟੋ ਵਾਲਾ ਮੱਗ, ਜਾਂ ਹੱਥ ਨਾਲ ਬਣੀ ਕੋਈ ਚੀਜ਼। ਉਸਦੇ ਸਨਮਾਨ ਵਿਚ ਕਿਸੇ ਅਜਿਹੇ ਕਾਰਨ ਲਈ ਸਵੈ-ਇੱਛਾ ਨਾਲ ਦਾਨ ਕਰੋ, ਜਿਸ ਦੀ ਉਹ ਪ੍ਰਵਾਹ ਕਰਦੇ ਹੋਵਣ।

ਪਿਤਾ ਦਿਵਸ ਸਿਰਫ਼ ਇੱਕ ਛੁੱਟੀ ਨਹੀਂ, ਸਗੋ ਪਰਿਵਾਰ ਅਤੇ ਸਮਾਜ ਪ੍ਰਤੀ ਪਿਤਾ ਦੇ ਅਥਾਹ ਪ੍ਰਭਾਵ ਨੂੰ ਪਛਾਣਨ ਦਾ ਮੌਕਾ ਹੈ। ਇੱਕ ਚੰਗਾ ਪਿਤਾ ਕਦਰਾਂ-ਕੀਮਤਾਂ ਪੈਦਾ ਕਰ ਸੁਪਨਿਆਂ ਦਾ ਪਾਲਣ-ਪੋਸ਼ਣ ਕਰਦਾ ਹੈ ਅਤੇ ਉਦਾਹਰਣ ਦੁਆਰਾ ਸਿਖਾਉਂਦਾ ਹੈ। ਉਸ ਦੀ ਵਿਰਾਸਤ ਉਸ ਦੇ ਬੱਚਿਆਂ ਦੇ ਜੀਵਨ ਅਤੇ ਕੀਤੇ ਗਏ ਕੰਮਾਂ ਵਿਚ ਝਲਕਦੀ ਹੈ। ਪਿਤਾ ਦਿਵਸ ਮਨਾਉਂਦੇ ਹੋਏ ਸਨਮਾਨ ਕਰੀਏ, ਜਿਨ੍ਹਾਂ ਨੇ ਸਾਡੀ ਜ਼ਿੰਦਗੀ ਨੂੰ ਆਕਾਰ ਦੇਣ ਵਿਚ ਮਦਦ ਕੀਤੀ ਹੈ। ਸਿਰਫ਼ ਆਪਣੇ ਸ਼ਬਦਾਂ ਰਾਹੀਂ ਨਹੀਂ, ਸਗੋਂ ਆਪਣੀ ਦ੍ਰਿੜ੍ਹ ਮੌਜੂਦਗੀ ਰਾਹੀਂ। ਭਾਵੇਂ ਉਹ ਨੇੜੇ ਹੋਵੇ ਜਾਂ ਦੂਰ, ਸਾਡੇ ਨਾਲ ਹੋਵੇ ਜਾਂ ਸਾਡੀਆਂ ਯਾਦਾਂ ਵਿਚ, ਇੱਕ ਪਿਤਾ ਦਾ ਪ੍ਰਭਾਵ ਸਦੀਵੀ ਰਹਿੰਦਾ ਹੈ।

# ਖੇਡ ਖੇਤਰ ਦਾ ਉਲੰਪੀਅਨ-ਸਰਦਾਰ ਸੁਖਦੇਵ ਸਿੰਘ ਢੀਂਡਸਾ




ਸੰਤੋਖ ਸਿੰਘ ਮੰਡੇਰ
ਸਰੀ, ਕਨੈਡਾ
ਵਟਸਐਪ: 604-505-7000
ਪੰਜਾਬ ਮੇਲ USA



ਮਰਹੂਮ ਸਰਦਾਰ ਸੁਖਦੇਵ ਸਿੰਘ ਢੀਂਡਸਾ ਪੰਜਾਬ ਤੇ ਭਾਰਤ ਦੀ ਸਿਆਸਤ ਵਿਚ ਇਕ ਨਿਧੱੜਕ ਸਿਆਸਤਦਾਨ ਤੇ ਖੇਡ ਖੇਤਰ ਦਾ ਵੀ ਉਲੰਪੀਅਨ ਸੀ। ਖੇਡਾਂ ਦੇ ਖੇਤਰ ਵਿਚ ਲਗਭਗ 50 ਸਾਲ ਦਾ ਸਫਰ ਤਹਿ ਕਰਨ ਵਾਲਾ ਸਿੱਖ ਸਰਦਾਰ ਇਕ ਸੱਚਾ ਸੁੱਚਾ ਖੇਡ ਅਧਿਕਾਰੀ ਸੀ, ਜੋ ਪੰਜਾਬ ਤੇ ਭਾਰਤ ਸਰਕਾਰ ਵਿਚ ਖੇਡਾਂ ਦੇ ਮੰਤਰੀ ਅਤੇ ਲੰਮਾਂ ਸਮਾਂ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਰਹੇ ਸਨ। ਮੇਰਾ ਸਬੰਧ ਖੇਡ ਖੇਤਰ ਨਾਲ ਹੋਣ ਕਰਕੇ ਇਥੇ ਉਨ੍ਹਾਂ ਦੀਆ ਖੇਡ ਪ੍ਰਾਪਤੀਆਂ ਤੇ ਬੁਲੰਦੀਆਂ ਦਾ ਹੀ ਜ਼ਿਕਰ ਕਰਨਾ ਬਣਦਾ ਹੈ। ਮੈਂ ਸਟੇਟ ਸਕੂਲ ਆਫ ਸਪੋਰਟਸ, ਜਲੰਧਰ ਵਿਚ ਪੜ੍ਹ ਕੇ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕਬੱਡੀ ਖੇਡਦਾ, ਗ੍ਰੈਜੂਏਟ ਹੋ ਕੇ 1974 ਵਿਚ ਪੰਜਾਬ ਖੇਡ ਪ੍ਰੀਸ਼ਦ ਵਿਭਾਗ ਦਾ ਸਪੋਰਟਸ ਅਫਸਰ ਕਬੱਡੀ (ਕਬੱਡੀ ਕੋਚ) ਸੰਗਰੂਰ ਲੱਗ ਗਿਆ। ਸੰਗਰੂਰ ਇਕ ਛੋਟਾ ਸ਼ਹਿਰ ਹੈ, ਜਿਥੇ ਇਕ ਪਿੰਡ ਵਾਂਗ ਸਾਰੇ ਇਕ ਦੂਜੇ ਦੇ ਜਾਣਕਾਰ ਹੋ ਜਾਂਦੇ ਹਨ। ਸੰਗਰੂਰ ਵਿਚ ਸਾਡੀ ਮੁਲਾਕਾਤ ਸਰਦਾਰ ਢੀਂਡਸਾ ਨਾਲ ਸੰਗਰੂਰ ਦੇ ਸ਼ਾਹੀ ਪਰਿਵਾਰ ਸਰਦਾਰ ਸੁਰਜੀਤ ਸਿੰਘ ਮਾਨਸ਼ਾਹੀਆ ਦੀ ਜ਼ਿਲ੍ਹਾ ਕਚਿਹਰੀਆਂ ਦੇ ਚੌਂਕ ਕੋਲ ਵੱਡੀ ਹਵੇਲੀ ਦੀਆਂ ਪੌੜੀਆਂ ਚੜ੍ਹਕੇ, ਹਵਾਦਾਰ ਤੇ ਸ਼ਾਨਦਾਰ ਚੁਬਾਰੇ ਵਿਚ ਬਾਕੀ ਖੇਡ ਅਫਸਰਾਂ ਨਾਲ ਹੁੰਦੀ ਰਹਿੰਦੀ ਸੀ। ਸੁਖਦੇਵ ਸਿੰਘ ਢੀਂਡਸਾ ਆਪਣੇ ਪਿੰਡ ਉਭਾਵਾਲ ਨਾਲੋਂ ਵੱਧ ਸੁਰਜੀਤ ਸਿੰਘ ਮਾਨਸ਼ਾਹੀਆ ਦੇ 'ਮਾਨਸ਼ਾਹੀਆ ਹਾਊਸ' ਸੰਗਰੂਰ ਵਿਖੇ ਜ਼ਿਲ੍ਹੇ ਦੇ ਸਰਕਾਰੀ ਅਫਸਰਾਂ, ਖੇਡ ਸੰਸਥਾਵਾਂ ਦੇ ਨੁਮਾਇੰਦਿਆਂ, ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਸਿਆਸੀ ਲੀਡਰਾਂ ਨਾਲ ਮੇਲ-ਮਿਲਾਪ ਕਰਦੇ। ਸੰਗਰੂਰ ਦੇ ਬਨਾਸਰ ਬਾਗ ਵਿਚ 'ਵਾਰ ਹੀਰੋਜ਼ ਸਟੇਡੀਅਮ-ਸੰਗਰੂਰ' ਸ਼ਹਿਰ ਵਿਚ ਖੇਡਾਂ ਦਾ ਇਕੋ ਇਕ ਨਾਮੀ ਤੇ ਸ਼ਾਨਦਾਰ ਖੇਡਾਂ ਦਾ ਖੁੱਲ੍ਹਾ ਮੈਦਾਨ ਹੈ। ਜ਼ਿਲ੍ਹਾ ਸਪੋਰਟਸ ਅਫਸਰ ਸੰਗਰੂਰ, ਸਰਦਾਰ ਬਲਜੀਤ ਸਿੰਘ ਸਿਬੀਆ ਤੇ ਗੁਰਚਰਨ ਸਿੰਘ ਸਰਾਉ ਦਾ ਦਫਤਰ ਵੀ ਇਥੇ ਹੀ ਐਥਲੈਟਿਕ ਟਰੈਕ ਦੇ ਖੂੰਜੇ ਵਿਚ ਹੁੰਦਾ ਸੀ, ਜਿਥੇ ਬਾਕੀ ਖੇਡ ਅਫਸਰ (ਕੋਚ) ਰਵਿੰਦਰ ਸਿੰਘ ਭੁੱਲਰ (ਬਾਸਕਿਟਬਾਲ), ਬੰਤ ਸਿੰਘ ਗਿਲ (ਫੁੱਟਬਾਲ), ਦਲਜੀਤ ਸਿੰਘ (ਪੰਜਾਬ ਪੁਲਿਸ), ਅਵਤਾਰ ਸਿੰਘ (ਹਾਕੀ), ਦਲੀਪ ਸਿੰਘ ਸਿੱਧੂ (ਵਾਲੀਬਾਲ), ਪ੍ਰੀਤਮ ਸਿੰਘ, ਚੱਤਰੰਜਨ ਸਿੰਘ ਚੀਮਾ (ਐਥਲੈਟਿਕ), ਜਲੌਰ ਸਿੰਘ (ਆਫਿਸ ਕਲਰਕ) ਤੇ ਹੋਰ ਹਾਜ਼ਰੀ ਭਰਦੇ ਸਨ।

ਸੰਗਰੂਰ ਇਕ ਪੁਰਾਣਾ ਰਿਆਸਤੀ ਸ਼ਹਿਰ ਹੈ, ਜਿਥੇ ਸ਼ਾਹੀ ਪਰਿਵਾਰਾਂ ਦੀਆਂ ਸਮਾਧਾਂ, ਮਹਿਲ, ਬਾਗ ਤੇ ਹੋਰ ਨਿਸ਼ਾਨੀਆਂ ਹਾਲੀ ਵੀ ਖੜ੍ਹੀਆਂ ਹਨ। ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਨ 1948 'ਚ ਸੰਗਰੂਰ ਪੈਪਸੂ ਸਟੇਟ ਦਾ ਇਕ ਜ਼ਿਲ੍ਹਾ ਬਣਿਆ, ਜੋ ਹੁਣ ਪਟਿਆਲਾ ਡਵੀਜ਼ਨ ਦਾ ਇਕ ਹਿੱਸਾ ਹੈ। ਸੰਗਰੂਰ ਬੀਤੇ ਸਮੇਂ ਵਿਚ ਨਾਭਾ ਰਿਆਸਤ ਤੇ ਜੀਂਦ ਰਿਆਸਤ ਦਾ ਵੀ ਹਿੱਸਾ ਰਿਹਾ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾ, ਇਸੇ ਸੰਗਰੂਰ ਸ਼ਹਿਰ ਦੇ ਸਰਕਾਰੀ ਰਣਬੀਰ ਕਾਲਜ ਦੇ ਵਿਦਿਆਰਥੀ ਤੇ ਕਾਲਜ ਦੀ 'ਸਟੂਡੈਂਟ ਯੂਨੀਅਨ' ਦੇ ਪ੍ਰਧਾਨ ਵੀ ਰਹੇ ਸਨ। ਨੌਜਵਾਨ ਸੁਖਦੇਵ ਸਿੰਘ ਢੀਂਡਸਾ ਨੇ ਜੁਆਨੀ ਵਿਚ ਆਪ ਭਾਵੇਂ ਖੇਡਾਂ ਖੇਡਣ ਦੇ ਖੇਤਰ ਵਿਚ ਕੋਈ ਵੱਡੀ ਮੱਲ੍ਹ ਨਹੀਂ ਮਾਰੀ ਪਰ ਖੇਡ ਸੰਸਥਾਵਾਂ, ਐਸੋਸੀਏਸ਼ਨਾਂ, ਫੈਡਰੇਸ਼ਨਾਂ ਦੇ ਪ੍ਰਧਾਨ ਜਾਂ ਸਰਪ੍ਰਸਤ ਦੇ ਵਿਚ ਉਨ੍ਹਾਂ ਦਾ ਨਾਂ ਉਚਿਆਂ ਅਹੁੱਦਿਆਂ ਵਿਚ ਜ਼ਰੂਰ ਆਉਂਦਾ ਹੈ। ਸੰਨ 1976 ਵਿਚ ਢੀਂਡਸਾ ਸਾਹਿਬ ਤੇ ਸੁਰਜੀਤ ਸਿੰਘ ਮਾਨਸ਼ਾਹੀਆ ਦੇ ਯਤਨਾਂ ਸਦਕਾ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਪੰਜਾਬ ਨੈਸ਼ਨਲ ਗੇਮਜ਼ ਮੁੜ ਸ਼ੁਰੂ ਕੀਤੀਆਂ ਗਈਆਂ, ਜੋ 1966 ਵਿਚ ਹਰਿਆਣਾ ਪ੍ਰਾਂਤ ਬਣਨ ਨਾਲ ਬੰਦ ਹੋ ਗਈਆਂ ਸਨ। ਨੌਜਵਾਨ ਐੱਮ.ਐੱਲ.ਏ. ਸੁਖਦੇਵ ਸਿੰਘ ਢੀਂਡਸਾ ਨੇ ਸੰਨ 1972 'ਚ ਪਟਿਆਲਾ ਵਾਸੀ ਤੇਜਿੰਦਰਪਾਲ ਸਿੰਘ ਸੰਧੂ ਦੇ ਪਿਤਾ ਜੀ ਸਰਦਾਰ ਜਸਦੇਵ ਸਿੰਘ ਸੰਧੂ ਦੀ ਅਗਵਾਈ ਵਿਚ ਹਲਕਾ ਧਨੌਲਾ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤ ਪ੍ਰਾਪਤ ਕਰਕੇ ਪੰਜਾਬ ਦੀ ਸਿਆਸਤ ਵਿਚ ਪ੍ਰਵੇਸ਼ ਕੀਤਾ। ਸੰਨ 1974 ਵਿਚ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਕੱਤਰ ਕਾਮਰੇਡ ਸੋਹਣ ਸਿੰਘ ਚੀਮਾ ਦੇ ਸੱਦੇ ਪੱਤਰ ਉਪਰ ਪੰਜਾਬ ਦੀ ਇਕ ਕਬੱਡੀ ਟੀਮ ਇੰਗਲੈਂਡ ਗਈ ਸੀ, ਜਿਸ ਵਿਚ ਅਕਾਲੀ ਦਲ ਦੇ ਨੌਜਵਾਨ ਐੱਮ.ਐੱਲ.ਏ., ਸੁਨਾਮ (ਸੰਗਰੂਰ) ਸਰਦਾਰ ਸੁਖਦੇਵ ਸਿੰਘ ਢੀਂਡਸਾ, ਪੰਜਾਬ ਕਬੱਡੀ ਸੰਸਥਾ ਦੇ ਪ੍ਰਧਾਨ ਸਰਦਾਰ ਬਲਬੀਰ ਸਿੰਘ ਪੁਰੇਵਾਲ, ਸੈਕਟਰੀ ਹਰਮੁਹਿੰਦਰ ਸਿੰਘ ਭੁੱਲਰ, ਕਪੂਰਥਲੇ ਵਾਲੇ ਪ੍ਰੇਮ ਪ੍ਰਕਾਸ਼ (ਪੀ.ਪੀ.) ਸਿੰਘ, ਕਬੱਡੀ ਕੋਚ ਅਜੀਤ ਸਿੰਘ ਮਾਲੜੀ, ਕਬੱਡੀ ਖਿਡਾਰੀ ਤੇ ਕੋਚ ਸਰਵਣ ਸਿੰਘ ਬੱਲ-ਰਮੀਦੀ ਦਾ ਵੱਡਾ ਯੋਗਦਾਨ ਸੀ। ਸੰਨ 1975 ਵਿਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਅੰਦਰ ਪੈਂਦੇ ਇਤਿਹਾਸਕ ਪਿੰਡ ਬਾਗੜੀਆਂ ਵਿਚ ਢੀਂਡਸਾ ਸਾਹਿਬ ਦੇ ਸਹਿਯੋਗ ਨਾਲ ਪੰਜਾਬ ਕਬੱਡੀ ਚੈਂਪੀਅਨਸ਼ਿਪ ਕਰਵਾਈ ਗਈ ਸੀ। ਸੰਨ 1976 ਵਿਚ ਸਰਦਾਰ ਢੀਂਡਸਾ ਤੇ ਸਰਦਾਰ ਮਾਨਸ਼ਾਹੀਆ ਦੇ ਸਹਿਯੋਗ ਨਾਲ ਪੰਜਾਬ ਹੈਂਡਬਾਲ ਐਸੋਸੀਏਸ਼ਨ ਵਿਚ ਸੈਕਟਰੀ ਜਰਨਲ ਮੱਲ ਸਿੰਘ ਬਾਸੀ ਨੂੰ ਬਦਲ ਕੇ ਮੈਨੂੰ ਸੈਕਟਰੀ ਜਰਨਲ ਤੇ ਸੰਗਰੂਰ ਦੇ ਹੀ ਸਿਆਸੀ ਸਿੱਖ ਸਰਦਾਰ ਗੁਰਸੰਤ ਸਿੰਘ ਮਾਨ ਨੂੰ ਪ੍ਰਧਾਨ ਬਣਾ ਦਿੱਤਾ ਗਿਆ, ਜੋ ਬਾਅਦ ਵਿਚ ਪੰਜਾਬ ਹਾਊਸਿੰਗ ਬੋਰਡ ਦੇ ਚੇਅਰਮੈਨ ਵੀ ਰਹੇ।

ਸੰਨ 1977 ਵਿਚ 41 ਸਾਲਾ ਭਰ ਜੁਆਨੀ ਦੀ ਉਮਰ ਵਿਚ ਹਲਕਾ ਸੁਨਾਮ ਤੋਂ ਐੱਮ.ਐੱਲ.ਏ. ਬਣਕੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਪੰਜਾਬ ਦੀ ਅਕਾਲੀ ਦਲ ਦੀ ਸਰਕਾਰ ਵਿਚ 1980 ਤੱਕ ਖੇਡਾਂ ਤੇ ਵਿਦਿਆ ਮੰਤਰੀ ਬਣੇ। ਸੰਗਰੂਰ ਜ਼ਿਲ੍ਹੇ ਦੇ ਸਕੂਲਾਂ ਕਾਲਜਾਂ ਦੇ ਨੌਜਵਾਨ ਖਿਡਾਰੀਆਂ, ਪਿੰਡਾਂ ਦੇ ਪੰਚਾਂ ਸਰਪੰਚਾਂ, ਲੰਬੜਦਾਰਾਂ, ਖੇਡ ਕਲੱਬਾਂ, ਨੌਜਵਾਨ ਸਭਾਵਾਂ ਤੇ ਸਿਆਸੀ ਸੰਸਥਾਵਾਂ ਦਾ ਸਹਿਯੋਗ ਸਰਦਾਰ ਢੀਂਡਸਾ ਦੇ ਸਿਆਸਤ ਵਿਚ ਬਹੁਤ ਕੰਮ ਆਇਆ। ਸੰਨ 1979 'ਚ ਖੇਡ ਮੰਤਰੀ ਪੰਜਾਬ ਸਰਕਾਰ ਢੀਂਡਸਾ ਸਾਹਿਬ ਦੀ ਅਗਵਾਈ ਵਿਚ ਸੰਗਰੂਰ ਦੇ 'ਵਾਰ ਹੀਰੋਜ਼ ਸਟੇਡੀਅਮ' ਵਿਚ ਨੈਸ਼ਨਲ ਵੋਮੈਨ ਫੈਸਟੀਵਲ ਕਰਵਾਇਆ ਗਿਆ ਅਤੇ ਪੰਜਾਬ ਦੀਆਂ ਟੀਮਾਂ ਨੇ ਪੰਜਾਬ ਸਪੋਰਟਸ ਕੌਂਸਲ ਤੇ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਸਹਿਯੋਗ ਨਾਲ ਹੈਦਰਾਬਾਦ (ਦੱਖਣ) ਵਿਖੇ ਨੈਸ਼ਨਲ ਗੇਮਜ਼ ਵਿਚ ਭਾਗ ਲਿਆ ਸੀ। ਇਸੇ ਸਾਲ ਹੀ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਸਹਿਯੋਗ ਨਾਲ ਲੁਧਿਆਣੇ ਗੁਰੂ ਨਾਨਕ ਸਟੇਡੀਅਮ ਅੰਦਰ ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ ਮਰਦਾਂ ਤੇ ਔਰਤਾਂ ਦੀ ਕਰਵਾਈ ਗਈ, ਜਿਸ ਵਿਚ ਭਾਰਤ ਦੇ 27 ਰਾਜਾਂ ਦੀਆਂ ਹੈਂਡਬਾਲ ਟੀਮਾਂ ਨੇ ਭਾਗ ਲਿਆ ਸੀ। ਪੰਜਾਬ ਬਾਸਕਿਟਬਾਲ ਦੇ ਸੈਕਟਰੀ ਸਰਦਾਰ ਤੇਜਾ ਸਿੰਘ ਸਿੰਘ ਧਾਲੀਵਾਲ, ਐੱਸ.ਐੱਸ.ਪੀ. ਸਰਦਾਰ ਗੁਰਬਿੰਦਰ ਸਿੰਘ ਭੁੱਲਰ ਤੇ ਡੀ.ਸੀ. ਸਰਦਾਰ ਚਰਨਜੀਤ ਸਿੰਘ ਚੰਨੀ, ਸੈਕਟਰੀ ਵਾਲੀਬਾਲ ਪੰਜਾਬ-ਸ਼੍ਰੀ ਰਾਜ ਕੁਮਾਰ (ਲਾਇਲ ਬੁੱਕ ਡੀਪੂ, ਚੌੜਾ ਬਜ਼ਾਰ, ਲੁਧਿਆਣਾ), ਸੈਕਟਰੀ ਬਾਸਕਿਟਬਾਲ ਪੰਜਾਬ ਸ਼੍ਰੀ ਅਵਿਨਾਸ਼ ਚੰਦਰ ਮੈਣੀ ਸਾਹਿਬ ਦਾ ਸਫਲਤਾ ਵਿਚ ਭਰਵਾਂ ਸਹਿਯੋਗ ਰਿਹਾ। ਸਰਦਾਰ ਢੀਂਡਸਾ ਸਾਹਿਬ ਸੰਨ 1999 ਤੋਂ 2004 ਤੱਕ ਭਾਰਤ ਸਰਕਾਰ ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਬਾਜਪਾਈ ਦੀ ਸਰਕਾਰ ਵਿਚ ਖੇਡਾਂ, ਯੁਵਕ ਮਾਮਲੇ ਤੇ ਖਾਦਾਂ ਦੇ ਕੇਦਰੀ ਮੰਤਰੀ ਬਣ ਕੇ ਕਨਾਟ ਪਲੇਸ ਦਿੱਲੀ ਦੇ ਨਜ਼ਦੀਕ ਗੁਰਦੁਆਰਾ ਬੰਗਲਾ ਸਾਹਿਬ ਦੀ ਜੂਹ ਅੰਦਰ ਸਰਕਾਰੀ ਕੋਠੀ ਵਿਚ ਰਹਿੰਦੇ ਰਹੇ।


ਕਬੱਡੀ ਦੀ ਖੇਡ ਸਾਰੇ ਪੰਜਾਬੀਆਂ ਦੀ ਸੰਸਾਰ ਭਰ ਵਿਚ ਚਹੇਤੀ ਖੇਡ ਹੈ, ਜਿਸ ਵਿਚ ਸਰਦਾਰ ਸੁਖਦੇਵ ਸਿੰਘ ਢੀਂਡਸਾ ਦਾ ਅਹਿਮ ਯੋਗਦਾਨ ਰਿਹਾ ਹੈ। ਖੇਡਾਂ ਦੇ ਖੇਤਰ ਵਿਚ ਦੁਨੀਆਂ ਭਰ ਵਿਚ ਸੂਬੇ ਦੀ ਖੇਡ ਸੰਸਥਾ (ਐਸੋਸੀਏਸ਼ਨ) ਜਾਂ ਮੁਲਕ ਦੀ ਖੇਡ ਫੈਡਰੇਸ਼ਨ ਦਾ ਸੈਕਟਰੀ ਜਾਂ ਪ੍ਰਧਾਨ ਬਣਨਾ ਖੇਡ ਖੇਤਰ ਵਿਚ ਇਕ ਅਹਿਮ ਤੇ ਵੱਕਾਰੀ ਅਹੁਦਾ ਮੰਨਿਆ ਜਾਂਦਾ ਹੈ, ਜਿਸ ਲਈ ਅਹੁਦੇਦਾਰ ਦਾ ਪੁੱਜ ਕੇ ਧਨਾਢ ਜਾਂ ਸਿਰੇ ਦਾ ਸਿਆਸੀ ਲੀਡਰ ਹੋਣਾ ਲਾਜ਼ਮੀ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾ ਧਨਾਢ ਤਾਂ ਭਾਵੇਂ ਨਹੀਂ ਸੀ ਪਰ ਇਕ ਸ਼ਰੀਫ ਤੇ ਨੇਕ ਇਨਸਾਨ ਜ਼ਰੂਰ ਸਨ, ਜੋ ਲੰਮਾ ਸਮਾਂ ਸੂਬੇ ਦੀ ਸਭ ਤੋਂ ਅਹਿਮ ਖੇਡ ਸੰਸਥਾ 'ਪੰਜਾਬ ਉਲੰਪਿਕ ਐਸੋਸੀਏਸ਼ਨ' ਦੇ ਪ੍ਰਧਾਨ ਰਹੇ ਹਨ। ਸਰਦਾਰ ਢੀਂਡਸਾ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ, ਪੰਜਾਬ ਬੌਕਸਿੰਗ ਐਸੋਸੀਏਸ਼ਨ, ਪੰਜਾਬ ਹੈਂਡਬਾਲ ਐਸੋਸੀਏਸ਼ਨ, ਪੰਜਾਬ ਰੋਇੰਗ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਹੋਰ ਬਹੁਤ ਸਿਆਸੀ, ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਸਕੂਲ ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ, ਜਨਤਕ ਸਭਾਵਾਂ, ਖੇਤਰੀ ਸੁਸਾਇਟੀਆਂ ਦੇ ਸਰਪ੍ਰਸਤ, ਚੇਅਰਮੈਨ ਵੀ ਸਨ। ਸਰਦਾਰ ਢੀਂਡਸਾ ਨੂੰ ਸੰਸਾਰ ਭਰ ਵਿਚ ਸਿਆਸੀ ਪਾਰਟੀਆਂ ਤੇ ਖੇਡ ਸੰਸਥਾਵਾਂ ਦੇ ਘਾਗ ਸਿਆਸੀ ਨੇਤਾ ਤੇ ਖੁੰਢ ਖੇਡ ਅਧਿਕਾਰੀ ਉਨ੍ਹਾਂ ਦੀ ਹਲੀਮੀ ਤੇ ਠੰਡਕ ਦੇ ਪੁਜਾਰੀ ਹੋਣ ਕਰਕੇ ਅੰਤਾਂ ਦਾ ਮਾਣ ਸਤਿਕਾਰ ਦਿੰਦੇ ਸਨ।

ਸੰਨ 1998 ਵਿਚ ਢੀਂਡਸਾ ਸਾਹਿਬ ਦਾ ਵਿਚਾਰ ਬਣਿਆ ਕਿ ਪਾਕਿਸਤਾਨ ਦੀ ਕੌਮੀ ਕਬੱਡੀ ਟੀਮ ਪੰਜਾਬ 'ਚ ਕਬੱਡੀ ਖੇਡਣ ਲਈ ਸੱਦੀ ਜਾਵੇ। ਮੈਂ ਸਰੀ ਕੈਨੇਡਾ ਤੋਂ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪੁਰਾਣੇ ਡੀਫੈਂਸ ਵਾਲੇ ਏਅਰਪੋਰਟ ਉਪਰ ਜਾ ਉਤਰਿਆ ਤੇ ਅਗਲੇ ਦਿਨ ਲਾਹੌਰ ਦੇ ਕਰਿਸ਼ਨਾ ਨਗਰ ਵਿਚ ਰਹਿੰਦੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਸੈਕਟਰੀ ਜਰਨਲ, ਜਨਾਬ ਖਵਾਜਾ ਮੁਹੰਮਦ ਅਲੀ ਦਾ ਦਰਵਾਜ਼ਾ ਜਾ ਖੜਕਾਇਆ। ਜਨਾਬ ਖਵਾਜਾ ਸਾਹਿਬ ਪੈਰਾਂ 'ਤੇ ਪਾਣੀ ਨਾ ਪੈਣ ਦੇਣ। ਗੱਲ ਬਣਦੀ ਨਾ ਵੇਖ ਮੈਂ ਸਿੱਧਾ ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਚੌਧਰੀ ਪ੍ਰਵੇਜ਼ ਇਲਾਹੀ-ਚੀਫ ਮਨਿਸਟਰ (ਵਜੀਰ-ਏ-ਆਲਾ ਪੰਜਾਬ) ਦੇ ਘਰ ਗੁਜਰਾਤ ਸ਼ਹਿਰ ਜਾ ਪੁੱਜਾ। ਦੁਨੀਆਂ ਭਰ ਦੀਆਂ ਖੇਡ ਸੰਸਥਾਵਾਂ ਸੈਕਟਰੀ ਤੇ ਪ੍ਰਧਾਨ ਦੇ ਸਿਰ ਉਪਰ ਹੀ ਚਲਦੀਆਂ ਹਨ। ਸੈਕਟਰੀ ਖਵਾਜਾ ਸਾਹਿਬ ਨਹੀਂ ਮੰਨੇ ਪਰ ਪ੍ਰਧਾਨ ਚੌਧਰੀ ਸਾਹਿਬ ਜੀ ਮੈਂ ਸਹਿਮਤ ਕਰ ਲਏ ਜਾਂ ਹੋ ਗਏ। ਪਾਕਿਸਤਾਨ ਦੀ ਕਬੱਡੀ ਟੀਮ, ਪਾਕਿਸਤਾਨੀ ਮੁਸ਼ਕਲਾਂ ਪਾਰ ਕਰਦੀ ਹੋਈ, ਪਹਿਲੀ ਵਾਰ ਲਾਹੌਰ ਰੇਲਵੇ ਸਟੇਸ਼ਨ ਤੋਂ ਪਾਕਿਸਤਾਨ ਰੇਲਵੇ ਦੀ 'ਸਮਝੌਤਾ ਐਕਸਪ੍ਰੈਸ' ਰਾਹੀਂ ਪੰਜਾਬ ਦੇ ਅਟਾਰੀ ਰੇਲਵੇ ਸਟੇਸ਼ਨ ਆ ਉਤਰੀ ਸੀ। ਪਾਕਿਸਤਾਨ ਦੀ ਕਬੱਡੀ ਟੀਮ ਨੂੰ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਆਦੇਸ਼ਾਂ ਅਨੁਸਾਰ ਚੰਡੀਗੜ੍ਹ ਦੇ ਸਰਕਾਰੀ ਗੈਸਟ ਹਾਊਸ ਵਿਚ 'ਸਟੇਟ ਗੈਸਟ' ਦੇ ਰੁਤਬੇ ਨਾਲ 'ਪਾਕਿਸਤਾਨੀ ਪੰਜਾਬੀ' ਮਹਿਮਾਨਾਂ ਨੂੰ ਰੱਖਿਆ ਗਿਆ। ਸਾਰੇ ਪੰਜਾਬ ਵਿਚ ਸਰਕਾਰੀ ਹੁਕਮਾਂ ਨਾਲ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਕਰਨਲ ਰਾਮਿੰਦਰ ਸਿੰਘ ਵਲੋਂ 8 ਕਬੱਡੀ ਦੇ ਮੈਚ 8 ਜ਼ਿਲ੍ਹਿਆਂ ਵਿਚ ਕਰਵਾਏ ਗਏ ਸਨ। ਕਬੱਡੀ ਗਰਾਊਂਡਾਂ ਵਿਚ ਪੈਲਾਂ ਪਾਉਣ ਵਾਲਾ ਹਰਜੀਤ ਸਿੰਘ ਬਾਜਾਖਾਨਾ ਫਰੀਦਕੋਟ ਦੇ ਪਹਿਲੇ ਮੈਚ ਵਿਚ ਖੇਡਿਆ ਸੀ ਅਤੇ ਬਾਕੀ 7 ਕਬੱਡੀ ਮੈਚ ਸੰਗਰੂਰ, ਮਾਲੇਰਕੋਟਲਾ, ਖੰਨਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਰੋਪੜ ਸ਼ਹਿਰਾਂ ਅੰਦਰ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ ਵਿਚ ਖੇਡੇ ਗਏ। ਸੰਨ 1999 ਵਿਚ 300 ਸਾਲਾਂ ਖਾਲਸਾ ਸਾਜਨਾ ਦਿਵਸ ਮੌਕੇ, ਖਾਲਸੇ ਦੀ ਜਨਮਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਾਕਿਸਤਾਨ ਦੀ ਕਬੱਡੀ ਟੀਮ ਤੇ ਨਾਮੀ ਪਾਕਿਸਤਾਨੀ ਪਹਿਲਵਾਨਾਂ ਨੇ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਯਤਨਾਂ ਸਦਕਾ, ਸਿੱਖ ਪੰਥ ਦੇ ਲੱਖਾਂ ਦਰਸ਼ਕਾਂ ਨਾਲ ਖਾਲਸੇ ਦੀ ਪਵਿੱਤਰ ਧਰਤੀ ਵਾਲੇ ਚਰਨ ਗੰਗਾ ਸਟੇਡੀਅਮ ਵਿਚ ਤਿੰਨ ਦਿਨ ਖੇਡਾਂ ਦੇ ਜੌਹਰ ਸਾਂਝੇ ਕੀਤੇ ਗਏ।

ਸੰਨ 2000 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੈਂਪਸ ਵਿਚ, ਇਕ ਖਾਸ ਅੰਡਾਕਾਰ ਤੰਬੂ ਵਿਚ, ਪੰਜਾਬ ਆਰਟਸ ਕੌਂਸਲ ਦੇ ਪ੍ਰਧਾਨ ਡਾਕਟਰ ਹਰਚਰਨ ਸਿੰਘ ਤੇ ਵਰਲਡ ਪੰਜਾਬੀਅਤ ਫਾਊਂਡੇਸ਼ਨ ਦੇ ਸਰਪ੍ਰਸਤ ਸਰਦਾਰ ਸੁਖਦੇਵ ਸਿੰਘ ਢੀਂਡਸਾ, ਸਕੱਤਰ ਜਰਨਲ ਸੰਤੋਖ ਸਿੰਘ ਮੰਡੇਰ-ਕੈਨੇਡਾ ਤੇ ਪ੍ਰਧਾਨ ਕੰਵਰਜੀਤ ਸਿੰਘ ਸੰਧੂ ਦੇ ਸਹਿਯੋਗ ਨਾਲ ਵਰਲਡ ਪੰਜਾਬੀ ਕਾਨਫਰੰਸ ਕਰਵਾਈ ਗਈ ਸੀ। ਇਸ ਵਰਲਡ ਪੰਜਾਬੀ ਕਾਨਫਰੰਸ ਦਾ ਉਦਘਾਟਨ ਭਾਰਤ ਦੇ ਪ੍ਰਧਾਨ ਸ਼੍ਰੀ ਇੰਦਰ ਕੁਮਾਰ ਗੁਜਰਾਲ ਨੇ ਕੀਤਾ ਸੀ। ਇਸ ਕਾਨਫਰੰਸ ਵਿਚ ਮਾਲਵੇ ਦਾ ਢੀਂਡਸਾ ਪਰਿਵਾਰ ਤੇ ਮਾਝੇ ਦਾ ਸੰਧੂ ਪਰਿਵਾਰ ਆਪਸ ਵਿਚ ਰਿਸ਼ਤੇਦਾਰ ਬਣ ਗਏ। ਸੰਗਰੂਰ ਜ਼ਿਲ੍ਹੇ ਦੇ ਦਿਹਾਤੀ ਪਿੰਡ ਉਭਾਵਾਲ ਦੀ ਮਾਤਾ ਹਰਜੀਤ ਕੌਰ ਦਾ ਲਾਡਲਾ, ਸੰਗਰੂਰ ਤੇ ਚੰਡੀਗੜ੍ਹ ਵਾਸੀ ਕਾਕਾ ਪਰਮਿੰਦਰ ਸਿੰਘ ਢੀਂਡਸਾ, ਮਾਝੇ ਦੇ ਨਾਮੀ ਪਿੰਡ ਨੌਸ਼ਹਿਰਾ ਢਾਲਾ ਦੇ ਕਾਰੋਬਾਰੀ ਕੰਵਰਜੀਤ ਸਿੰਘ ਸੰਧੂ ਦੀ ਬੇਟੀ ਬੀਬਾ ਗਗਨਦੀਪ ਕੌਰ ਨਾਲ ਵਿਆਹ ਬੰਧਨ ਵਿਚ ਬੱਝ ਗਿਆ। ਸੰਨ 2006 ਵਿਚ ਪੰਜਾਬੀ ਜਗਤ ਦੇ ਇਕੋ ਇਕ ਰੰਗਦਾਰ ਖੇਡ ਮੈਗਜ਼ੀਨ 'ਖੇਡ ਸੰਸਾਰ' ਦਾ ਤੀਜਾ ਤੀਮਾਹੀ ਸ਼ਾਨਦਾਰ ਖੇਡ ਅੰਕ "ਸਿਆਸਤ ਦਾ ਉਲੰਪੀਅਨ" ਪੰਜਾਬ ਪੁਲਿਸ ਦੇ ਮੁਖੀ (ਡੀ.ਜੀ.ਪੀ.) ਤੇ ਪੰਜਾਬ ਬਾਸਕਿਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਰਾਜਦੀਪ ਸਿੰਘ ਗਿੱਲ ਅਤੇ ਟੀਮ ਖੇਡ ਸੰਸਾਰ ਵਲੋਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੂੰ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਦੇ ਆਡੋਟੋਰੀਅਮ ਵਿਖੇ ਇਕ ਉਚੇਚੇ ਸਮਾਗਮ ਵਿਚ ਬਹੁਤ ਖਾਸ ਮਹਿਮਾਨਾਂ ਦੀ ਹਾਜ਼ਰੀ ਵਿਚ ਸਮਰਪਿਤ ਕੀਤਾ ਗਿਆ ਸੀ।

ਸਾਲ 2008 ਵਿਚ '300 ਸਾਲਾ ਗੁਰਤਾਗੱਦੀ ਦਿਵਸ' ਹਜ਼ੂਰ ਸਾਹਿਬ, ਨਾਦੇੜ (ਮਹਾਂਰਾਸ਼ਟਰ) ਵਿਖੇ ਸਰਦਾਰ ਮਨਮੋਹਣ ਸਿੰਘ ਪ੍ਰਧਾਨ ਮੰਤਰੀ ਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਨਾਲ ਨਾਦੇੜ ਸ਼ਹਿਰ ਦੀਆਂ ਭੀੜੀਆਂ ਗਲੀਆਂ ਤੇ ਬਜ਼ਾਰਾਂ ਦਾ ਕਾਇਆ ਕਲਪ ਹੋ ਗਿਆ ਸੀ। ਨਾਦੇੜ-ਹਜ਼ੂਰ ਸਾਹਿਬ ਵਿਖੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਤੇ ਕੰਵਰਜੀਤ ਸਿੰਘ ਸੰਧੂ ਦੇ ਸਹਿਯੋਗ ਨਾਲ 'ਗੁਰੂ ਗੋਬਿੰਦ ਸਿੰਘ ਸਟੇਡੀਅਮ' ਵਿਖੇ ਖੇਡ ਮੇਲਾ ਕਰਵਾਇਆ ਗਿਆ ਸੀ। ਭਾਰਤ ਸਰਕਾਰ ਵਲੋਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੂੰ ਸਾਲ 2019 ਵਿਚ ਉਨ੍ਹਾਂ ਦੀਆਂ ਜਨਤਕ ਮਨੁੱਖੀ ਕਦਰਾਂ-ਕੀਮਤਾਂ ਤੇ ਖੇਡਾਂ ਦੇ ਖੇਤਰ ਦੀਆਂ ਅਮੁੱਲ ਸੇਵਾਵਾਂ ਲਈ ਰਾਸ਼ਟਰਪਤੀ ਭਵਨ ਦਿੱਲੀ ਵਿਖੇ 'ਪਦਮ ਭੂਸ਼ਨ' ਦਾ ਵਕਾਰੀ ਸਨਮਾਨ ਦਿੱਤਾ ਗਿਆ ਸੀ। ਸਿਆਸਤ ਦਾ ਉਲੰਪੀਅਨ, ਖੇਡ ਖੇਤਰ ਦਾ ਬਾਬਾ ਬੋਹੜ ਤੇ ਖੇਡ ਸੰਸਥਾਵਾਂ ਦਾ ਹੀਰਾ ਸਰਦਾਰ ਸੁਖਦੇਵ ਸਿੰਘ ਢੀਂਡਸਾ, 28 ਮਈ 2025 ਦਿਨ ਬੁੱਧਵਾਰ ਨੂੰ 89 ਸਾਲ ਸਾਡੇ ਅੰਗ-ਸੰਗ ਰਹਿਕੇ ਅੰਤ ਸਾਡੇ ਹੱਥੋਂ ਸਦਾ ਲਈ ਖਿਸਕ ਗਿਆ ਹੈ। ਬਾਹਰਲੇ ਮੁਲਕਾਂ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਆਦਿ ਵਿਚ ਵੀ ਸਰਦਾਰ ਢੀਂਡਸਾ ਦੇ ਹਜ਼ਾਰਾਂ ਸ਼ਰਧਾਲੂ, ਪ੍ਰਸ਼ੰਸਕ ਤੇ ਨਜ਼ਦੀਕੀ ਭਾਈਬੰਦ ਹਨ। ਵੈਨਕੂਵਰ-ਕੈਨੇਡਾ ਵਿਚ ਸਰਦਾਰ ਢੀਂਡਸਾ ਦਾ ਆਉਣਾ ਜਾਣਾ, ਪਿਟਮੀਡੋਜ-ਬੀ ਸੀ, ਪੁਰੇਵਾਲ ਫਾਰਮ ਦੇ ਸਰਦਾਰ ਗੁਰਜੀਤ ਸਿੰਘ ਪੁਰੇਵਾਲ, ਹੈਪੀ ਦਿਉਲ-ਸੁਪਰ ਸੇਵ ਗਰੁੱਪ ਸਰੀ, ਵੈਨਕੂਵਰ ਸਰਦਾਰ ਗੁਰਬਖ਼ਸ ਸਿੰਘ-ਬਾਗੀ ਸੰਘੇੜਾ ਵੈਨਕੂਵਰ ਤੇ ਗੁਰਦਵਾਰਾ ਰੌਸ ਸਟਰੀਟ ਵੈਨਕੂਵਰ ਦੇ ਸਾਬਕਾ ਪ੍ਰਧਾਨ ਸਰਦਾਰ ਗੁਰਦੇਵ ਸਿੰਘ ਜੌਹਲ ਕੋਲ ਸਭ ਤੋਂ ਵੱਧ ਸੀ। ਕੈਲੀਫੋਰਨੀਆ (ਅਮਰੀਕਾ) ਵਿਚ ਯੂਬਾ ਸਿਟੀ ਦੇ ਧਨਾਢ ਜ਼ਿਮੀਂਦਾਰ ਲੇਟ ਦੀਦਾਰ ਸਿੰਘ ਬੈਂਸ, ਬੇਕਰਜ਼ਫੀਲਡ ਦੀ ਰੋਡਵੇਜ਼ ਟਰਾਂਸਪੋਰਟ ਵਾਲੇ ਸਰਦਾਰ ਸੁੱਖੀ ਘੁੰਮਣ, ਸਰਦਾਰ ਚਰਨਜੀਚ ਸਿੰਘ ਬਾਠ ਤੇ ਅਵਤਾਰ ਗਿੱਲ-ਕਰਦਰਜ਼, ਪਾਲ ਸਹੋਤਾ ਤੇ ਪਾਲ ਮਾਹਲ-ਫਰਿਜ਼ਨੋ ਵਾਸੀ ਪੰਜਾਬੀਆਂ ਦਾ ਢੀਂਡਸਾ ਸਾਹਿਬ ਕੋਲ ਬਾਹਰਲੇ ਘਰ ਵਾਂਗ ਆਉਣਾ ਜਾਣਾ ਸੀ। ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਤੋਂ ਛਪਦੇ ਅਮਰੀਕਨ ਪੰਜਾਬੀ ਅਖਬਾਰ 'ਪੰਜਾਬ ਮੇਲ' ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਵੀ ਢੀਂਡਸਾ ਸਾਹਿਬ ਦੇ ਬਹੁਤ ਨਜ਼ਦੀਕ ਸਨ। ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਸ਼ੁਰੂ ਤੋਂ ਪੀ.ਏ. ਸਰਦਾਰ ਜਸਵਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਮਰਹੂਮ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੂੰ ਜਨਤਕ ਸ਼ਰਧਾਂਜਲੀ ਤੇ ਭੋਗ ਦੀ ਰਸਮ, ਬਹੁਤ ਭਾਰੀ ਇਕੱਠ ਨਾਲ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ 8 ਜੂਨ, 2025 ਦਿਨ ਐਤਵਾਰ ਨੂੰ ਹੋ ਗਈ ਹੈ।

# ਇੰਟਰਨੈਸ਼ਨਲ ਸਪੋਰਟਸ ਪ੍ਰੈੱਸ ਐਸੋਸੀਏਸ਼ਨ ਵਲੋਂ ਸਨਮਾਨ



ਜਨੇਵਾ/, (ਪੰਜਾਬ ਮੇਲ)- ਉਤਰੀ ਅਮਰੀਕਾ ਦਾ ਚਰਚਿਤ ਹਫਤਾਬਾਰੀ ਪੰਜਾਬੀ ਅਖਬਾਰ, 'ਇੰਡੋ ਕਨੈਡੀਅਨ ਟਾਈਮਜ', 'ਵੀਕਲੀ ਦੇਸ ਪ੍ਰਦੇਸ' ਸਰੀ-ਬੀ.ਸੀ., ਪੰਜਾਬ ਮੇਲ ਯੂ.ਐੱਸ.ਏ. ਸੈਕਰਾਮੈਂਟੋ (ਕੈਲੀਫੋਰਨੀਆ), ਮਹਿਰਮ ਨਾਭਾ-ਫੰਜਾਬ ਦੇ ਖੇਡ ਪੱਤਰਕਾਰ ਤੇ ਦੁਨੀਆਂ ਵਿਚ ਖੇਡਾਂ ਦੇ ਤਿਮਾਹੀ ਰੰਗਦਾਰ ਖੇਡ ਮੈਗਜ਼ੀਨ 'ਖੇਡ ਸੰਸਾਰ' ਦੇ ਖੇਡ ਫੋਟੋ ਪੱਤਰਕਾਰ ਤੇ ਸੰਪਾਦਕ, ਸੰਤੋਖ ਸਿੰਘ ਮੰਡੇਰ ਦਾ ਅੰਤਰਰਾਸ਼ਟਰੀ ਪ੍ਰੈੱਸ ਸਪੋਰਟਸ ਐਸੋਸੀਏਸ਼ਨ (ਏ.ਆਈ.ਪੀ.ਐੱਸ.) ਜਨੇਵਾ-ਸਵਿੱਟਜ਼ਰਲੈਂਡ (ਯੂਰਪ) ਵਲੋਂ ਉਨ੍ਹਾਂ ਨੂੰ 33ਵੀਆਂ ਪੈਰਿਸ ਉਲੰਪਿਕ ਗੇਮਜ਼-ਫਰਾਂਸ ਦੀ ਪੰਜਾਬੀ ਵਿਚ ਕਵਰੇਜ਼ (ਲੇਖ) 'ਅੱਖੀ ਡਿੱਠਾ ਪੈਰਿਸ ਤੇ 33ਵੀਆਂ ਉਲੰਪਿਕ ਗੇਮਜ਼' ਲਈ ਮਾਣ ਪੱਤਰ ਦਿਤਾ ਗਿਆ ਹੈ। ਇਸ 'ਏ.ਆਈ.ਪੀ.ਐੱਸ.' ਮਾਣ ਪੱਤਰ ਨਾਲ ਮੰਡੇਰ ਸੰਸਾਰ ਭਰ ਦੇ ਪੰਜਾਬੀ ਮੀਡੀਆ ਵਿਚ ਪਹਿਲਾ ਉਲੰਪੀਅਨ ਪੰਜਾਬੀ ਖੇਡ ਪੱਤਰਕਾਰ ਬਣ ਗਿਆ ਹੈ।

ਇੰਟਰਨੈਸ਼ਨਲ ਸਪੋਰਟਸ ਪ੍ਰੈੱਸ ਐਸੋਸੀਏਸ਼ਨ ਜੋ 1924 'ਚ ਹੋਂਦ ਵਿਚ ਆਈ ਸੀ, ਦੀਆਂ ਸੰਸਾਰ ਭਰ ਦੀਆਂ ਵੱਖੋ-ਵੱਖ ਕੌਮੀ ਜ਼ੁਬਾਨਾਂ ਵਿਚ 160 ਕੌਮੀ ਸੰਸਥਾਵਾਂ ਹਨ। ਇਸ ਦੇ ਪ੍ਰਧਾਨ ਈਟਾਲੀਅਨ ਮੂਲ ਦੇ ਗਿਆਨਨੀ ਮੈਰਲੋ ਹਨ। ਏ.ਆਈ.ਪੀ.ਐੱਸ., ਫਰੈਂਚ ਭਾਸ਼ਾ ਦੇ ਨਾਮ 'ਐਸੋਸੀਏਸ਼ਨ ਇੰਟਰਨੈਸਲੇ ਡੀ ਲਾ ਪਰੈਸਈ ਸਪੋਰਟਿਵ' ਦਾ ਛੋਟਾ ਨਾਮ ਹੈ। ਇਸ ਏ.ਆਈ.ਪੀ.ਐੱਸ. ਦੇ ਵਕਾਰੀ ਸਪੋਰਟਸ ਮੀਡੀਆ ਐਵਾਰਡਜ਼ ਦੀਆਂ 8 ਕੈਟਾਗਰੀਆਂ (ਵਰਗ) ਹਨ, ਜਿਵੇਂ ਕਿ: ਨੰ: (1) ਫੋਟੋਗ੍ਰਾਫੀ ਵਿਚ-2, ਨੰ: (2) ਲਿਖਣ ਵਿਚ-2, ਨੰ: (3) ਕੌਲਮ : (4) ਰੰਗਦਾਰ ਫੋਟੋ-1, ਨੰ: (5) ਆਡੀਉ-1, ਨੰ: (6) ਸ਼ੌਰਟ ਫੀਚਰ-1, ਨੰ: (7) ਐਥਲੀਟ ਪ੍ਰੋਫਾਈਲ-1, ਨੰ: (8) ਡਾਕੂਮੈਂਟਰੀ-1 ਸ਼ਾਮਲ ਹਨ। ਸਾਰੇ ਭੇਜੇ ਹੋਏ ਦਸਤਾਵੇਜ਼ਾਂ ਦਾ ਏ.ਆਈ.ਪੀ.ਐੱਸ. ਦੇ ਅਤੀ ਭਰੋਸੇਯੋਗ ਤੇ ਸਤਿਕਾਰਤ ਮੈਂਬਰ (ਮੈਨਟਰਜ਼) ਛਾਂਟੀ ਕਰਕੇ ਇਕ ਤਜ਼ਰਬੇਕਾਰ ਮਾਹਿਰਾਂ ਦੀ ਟੀਮ ਨੂੰ ਸੌਂਪ ਦਿੰਦੇ ਹਨ, ਜੋ ਫਿਰ ਅੱਗੋਂ ਇਹ ਦਸਤਾਵੇਜ਼ ਛੱਟੇ (ਕਾਬਿਲ) ਹੋਏ ਮਾਹਿਰਾਂ ਵਲੋ ਬੜੀ ਸਿਆਣਪ ਤੇ ਨੀਝ ਨਾਲ ਘੋਖ ਪੜਤਾਲ ਕੀਤੇ ਜਾਂਦੇ ਹਨ। ਇਸ ਤੋਂ ਅਗਲਾ ਕਦਮ 24 ਮੈਂਬਰੀ ਐਗਜ਼ੈਕਟਿਵ ਕਮੇਟੀ ਦਾ ਹੈ, ਜੋ ਕੈਂਡੀਡੇਟਾਂ (ਬਿਨੈਕਾਰਾਂ) ਦੀ ਲਿਸਟ ਨੂੰ ਚੰਗੀ ਤਰ੍ਹਾਂ 'ਕੱਪੜ ਛਾਣ' ਕਰਕੇ ਹੋਰ ਛੋਟੀ ਕਰ ਦਿੰਦੇ ਹਨ। ਸਾਰਿਆਂ ਨਾਲੋਂ ਸਿਰੇ ਦੀ ਫਾਈਲ ਤੇ ਸਭ ਤੋਂ ਵਧ ਵੋਟਾਂ ਪ੍ਰਾਪਤ ਕਰਨ ਵਾਲੇ ਬਿਨੈਕਾਰ ਦਾ ਕੰਮ ਅਗਲੇ ਦੌਰ ਵਿਚ ਸ਼ਾਮਲ ਹੋ ਜਾਂਦਾ ਹੈ। 12 ਮੈਂਬਰਾਂ ਦੀ 'ਜਿਊਰੀ' ਵਾਲੀ ਟੀਮ ਫਿਰ ਇਸ ਕੰਮ ਦੀ ਬਾਰੀਕੀ ਨਾਲ ਪੜਤਾਲ ਕਰਕੇ ਇਸ ਨੂੰ ਹੋਰ ਛੋਟਾ ਕਰ ਦਿੰਦੇ ਹਨ, ਜਿਸ ਵਿਚ ਸਭ ਤੋਂ ਉਪਰਲੇ 10 ਉਮੀਦਵਾਰ ਤੇ ਟੌਪ (ਸਿਖਰ) ਦੇ ਤਿੰਨ ਪੌਡੀਅਮ ਉਮੀਦਵਾਰ ਹੀ ਰਹਿ ਜਾਂਦੇ ਹਨ। ਸਾਲਾਨਾ ਸੈਰੀਮਨੀ (ਸੰਮੇਲਨ) ਤੋਂ ਇਕ ਦਿਨ ਪਹਿਲਾਂ 'ਜਿਊਰੀ' ਫਿਰ ਮਿਲਦੀ ਹੈ ਅਤੇ ਬੜੀ ਅਗਨੀ ਪ੍ਰੀਖਸ਼ਾ ਬਾਅਦ ਵਿਨਰ (ਜੇਤੂ) ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਇਸ ਇਤਿਹਾਸਕ ਖੇਡ ਸੰਮੇਲਨ ਦਾ ਪਿਛਲਾ ਸੰਮੇਲਨ 2019 ਵਿਚ ਲੌਸਾਨੇ-ਸਵਿਟਜ਼ਰਲੈਂਡ ਵਿਚ ਹੋਇਆ ਸੀ, ਜੋ ਉਲੰਪਿਕ ਗੇਮਜ਼ ਕਮੇਟੀ ਦੀ ਰਾਜਧਾਨੀ ਹੈ ਅਤੇ ਏ.ਆਈ.ਪੀ.ਐੱਸ. ਦਾ ਹੈੱਡ ਕੁਆਟਰ ਵੀ ਹੈ। ਆਈ.ਓ.ਸੀ. (ਇੰਟਰਨੈਸ਼ਨਲ ਉਲੰਪਿਕ ਕਮੇਟੀ) ਦੇ ਪ੍ਰਧਾਨ ਮਿਸਟਰ ਥੌਮਸ ਬਾਚ ਨੇ ਸਮਾਗਮ ਦਾ ਪ੍ਰਧਾਨਗੀ ਭਾਸ਼ਨ ਦਿੱਤਾ ਸੀ। ਏ.ਆਈ.ਪੀ.ਐੱਸ. ਦਾ ਦੂਜਾ ਸਮਾਗਮ ਹੰਗਰੀ ਦੀ ਰਾਜਧਾਨੀ ਬੁੱਡਾਪੈਸਟ ਵਿਚ ਸੰਨ 2020 ਵਿਚ ਹੋਇਆ ਸੀ। ਇਸ ਸੰਸਥਾ ਦਾ ਤੀਜਾ ਸਮਾਗਮ ਯੂ ਟਿਊਬ ਉਪਰ ਵਿਜੀਵਾਨੋ ਦੇ ਮਹਿਲਾਂ ਵਿਚ ਇਟਲੀ ਵਿਖੇ ਕੀਤਾ ਗਿਆ ਸੀ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



# ਕਦੋਂ ਆਏਗਾ ਬਦਲਾਅ ?



ਵਿਕਸਿਤ ਦੇਸ਼ਾਂ ਦੇ ਹੁਕਮਰਾਨ ਇਹ ਜਾਣਦੇ ਹਨ ਕਿ ਜਦ ਤੱਕ ਆਮ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਦਾ ਕੰਮ ਇਮਾਨਦਾਰੀ ਨਾਲ ਪੂਰਾ ਨਹੀਂ ਹੁੰਦਾ, ਬਾਕੀ ਸੇਵਾਵਾਂ ਦਾ ਕੋਈ ਅਰਥ ਹੀ ਨਹੀਂ।

ਸਾਡੇ ਦੇਸ਼ 'ਚ ਹਵਾਈ ਅੱਡੇ, ਬੰਦਰਗਾਹਾਂ, ਹਾਈਵੇ ਤੇਜ਼ੀ ਨਾਲ ਆਧੁਨਿਕ ਬਣਾਏ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਉਸਦਾ ਕੀ ਫਾਇਦਾ ਹੈ? ਉਨ੍ਹਾਂ ਹਾਲਾਤਾਂ ਵਿਚ ਜਦੋਂ ਕਿ ਦੇਸ਼ 'ਚ ਬੁਨਿਆਦੀ ਸਹੂਲਤਾਂ ਦਾ ਬੁਰਾ ਹਾਲ ਰਹਿੰਦਾ ਹੈ! ਜਦੋਂ ਅਸੀਂ ਆਜ਼ਾਦੀ ਦਾ "ਅਮ੍ਰਿਤਕਾਲ" ਮਨਾ ਰਹੇ ਹਾਂ, 75 ਵਰ੍ਹੇ ਪੂਰੇ ਕਰਕੇ, ਪਰ ਆਮ ਲੋਕ ਪਾਣੀ ਲਈ ਵੀ ਤਰਸਦੇ ਹਨ।

ਪਿੱਛੇ ਜਿਹੇ ਕਰੋਨਾ ਕਾਲ 'ਚ ਆਮ ਲੋਕਾਂ ਨੇ ਜੋ ਭੁਗਤਿਆ, ਦਵਾਈਆਂ ਖੁਣੋਂ ਤਾਂ ਮਰੇ ਹੀ, ਮਰਨ ਉਪਰੰਤ ਲਾਸ਼ਾਂ ਜਲਾਉਣ ਦੀ ਥਾਂ, ਦਰਿਆ ਬੁਰਦ ਕਰਨੀਆਂ ਪਈਆਂ। ਆਮ ਲੋਕਾਂ ਨੂੰ ਹਸਪਤਾਲਾਂ 'ਚ ਆਕਸੀਜਨ ਨਹੀਂ ਮਿਲੀ। ਕੀ ਇਹ ਸ਼ਰਮਨਾਕ ਨਹੀਂ ਸੀ?

ਹੁਣੇ ਜਿਹੇ ਇੱਕ ਘਟਨਾ ਬਿਹਾਰ 'ਚ ਵਾਪਰੀ ਹੈ। ਪਟਨਾ ਦੇ ਸਰਕਾਰੀ ਹਸਪਤਾਲ ਦੇ ਬਾਹਰ ਬੁਰੀ ਤਰ੍ਹਾਂ ਜ਼ਖ਼ਮੀ ਇੱਕ 10 ਵਰ੍ਹਿਆਂ ਦੀ ਲੜਕੀ ਪੁੱਜੀ, ਉਹ ਹਸਪਤਾਲ ਦੇ ਬਾਹਰ ਘੰਟਿਆਂ ਬੱਧੀ ਪਈ ਰਹੀ, ਕਿਉਂਕਿ ਹਸਪਤਾਲ ਅੰਦਰ ਕੋਈ ਖਾਲੀ ਬਿਸਤਰਾ ਨਹੀਂ ਸੀ। ਬੱਚੀ ਨਾਲ ਬਲਾਤਕਾਰ ਹੋਇਆ ਸੀ। ਕਿਸੇ ਦਰਿੰਦੇ ਨੇ ਬਲਾਤਕਾਰ ਉਪਰੰਤ ਉਸਦਾ ਗਲ ਕੱਟਣ ਦੀ ਕੋਸ਼ਿਸ਼ ਕੀਤੀ ਸੀ। ਪਟਨਾ ਸਰਕਾਰੀ ਹਸਪਤਾਲ ਵਾਲਿਆਂ ਉਸਦਾ ਇਲਾਜ ਐਮਰਜੰਸੀ 'ਚ ਨਹੀਂ ਕੀਤਾ। ਉਹ ਮੁਜ਼ੱਫ਼ਰਪੁਰ ਤੋਂ ਰੈਫਰ ਕੀਤੀ ਗਈ ਸੀ। ਬੱਚੀ ਦੇ ਇਲਾਜ ਤੋਂ ਪਹਿਲਾਂ ਹੀ ਉਸਦੇ ਹਾਲਾਤ ਨਾਜ਼ੁਕ ਹੋ ਚੁੱਕੇ ਸਨ। ਬਿਹਾਰ ਦਾ ਇਹ ਪਟਨਾ ਸਰਕਾਰੀ ਹਸਪਤਾਲ, ਇਸ ਸੂਬੇ ਦਾ ਸਭ ਤੋਂ ਵੱਡਾ ਹਸਪਤਾਲ ਹੈ। ਇਸ ਹਸਪਤਾਲ ਬਾਰੇ "ਕੈਗ" ਦੀ ਰਿਪੋਰਟ ਬਿਹਾਰ ਵਿਧਾਨ ਸਭਾ 'ਚ ਪੇਸ਼ ਹੋਈ, ਜਿਸ 'ਚ ਦੱਸਿਆ ਗਿਆ ਕਿ 100 ਸਾਲ ਪੁਰਾਣੇ ਇਸ ਹਸਪਤਾਲ 'ਚ ਅੱਧੀਆਂ ਤੋਂ ਜ਼ਿਆਦਾ ਆਕਸੀਜਨ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਹਸਪਤਾਲ ਦੀਆਂ 94 ਫ਼ੀਸਦੀ ਤੋਂ ਜ਼ਿਆਦਾ ਸੁਵਿਧਾਵਾਂ ਖਸਤਾ ਹਾਲ ਹਨ। ਡਾਕਟਰਾਂ, ਨਰਸਾਂ ਦੀ 36 ਫ਼ੀਸਦੀ ਘਾਟ ਹੈ।

ਇਹੋ ਜਿਹੇ ਬਿਹਾਰ ਦੇ ਇੱਕ ਹੋਰ ਮੁਜ਼ੱਫਰਪੁਰ ਹਸਪਤਾਲ ਵਿਚ 2019 'ਚ 150 ਤੋਂ ਜ਼ਿਆਦਾ ਬੱਚੇ ਮਰ ਗਏ ਸਨ, ਇੰਸੇਫੇਲਾਈਟਿਸ ਨਾਲ, ਸਿਰਫ਼ ਇਸ ਲਈ ਕਿ ਹਸਪਤਾਲ 'ਚ ਨਾ ਦਵਾਈ ਸੀ, ਨਾ ਹੀ ਡਾਕਟਰ।

ਇਹੋ ਜਿਹੇ ਹਾਲਾਤ ਸਿਹਤ ਸਹੂਲਤਾਂ ਪੱਖੋਂ ਦੇਸ਼ ਦੇ ਸੂਬੇ ਬਿਹਾਰ ਦੇ ਹੀ ਨਹੀਂ ਹਨ, ਸਗੋਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਹੈ ਪੂਰੇ ਦੇਸ਼ ਵਿਚ। ਲੱਖਾਂ ਲੋਕ ਇਲਾਜ ਖੁਣੋਂ ਹਰ ਰੋਜ਼ ਮਰਦੇ ਹਨ। ਇਕਨਾਮਿਕ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਪਿੰਡਾਂ ਦੀਆਂ ਕਮਿਊਨਿਟੀ ਹੈਲਥ ਸੈਂਟਰ 'ਚ 82 ਫ਼ੀਸਦੀ ਮਾਹਰ ਡਾਕਟਰਾਂ ਦੀ ਘਾਟ ਹੈ। ਨੈਸ਼ਨਲ ਮੈਡੀਕਲ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 10 ਫੀਸਦੀ ਕਮਿਊਨਿਟੀ ਸੈਂਟਰਾਂ 'ਚ ਡਾਕਟਰ ਹੀ ਨਹੀਂ ਹਨ।

ਦੂਜੇ ਪਾਸੇ 'ਕੈਂਸਰ' ਦੇ ਪਸਾਰੇ ਨੇ ਦੇਸ਼ ਨੂੰ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ। ਕੈਂਸਰ ਪੀੜਤਾਂ ਦੀ ਗਿਣਤੀ ਨਿੱਤ-ਪ੍ਰਤੀ ਵਧਦੀ ਜਾ ਰਹੀ ਹੈ, ਜਿਸ ਦਾ ਇਲਾਜ ਗਰੀਬ ਆਦਮੀ ਦੇ ਬੱਸ ਦੀ ਗੱਲ ਹੀ ਨਹੀਂ। ਸਰਕਾਰ ਦੀਆਂ ਆਯੁਸ਼ਮਾਨ ਅਤੇ ਹੋਰ ਸਕੀਮਾਂ ਆਮ ਆਦਮੀ ਲਈ ਬੇਬਸ ਦਿਖਦੀਆਂ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਦੀ ਇਨ੍ਹਾਂ ਸਕੀਮਾਂ ਤੱਕ ਪਹੁੰਚ ਹੀ ਨਹੀਂ ਹੈ, ਪਰ ਜੇਕਰ ਕੋਈ ਸਾਧਾਰਨ ਵਿਅਕਤੀ ਇਨ੍ਹਾਂ ਸਕੀਮਾਂ ਦਾ ਲਾਹਾ ਲੈਣ ਦਾ ਯਤਨ ਕਰਦਾ ਵੀ ਹੈ, ਤਾਂ ਪ੍ਰਾਈਵੇਟ ਹਸਪਤਾਲਾਂ 'ਚ ਇਸਦੀ ਲਗਾਤਾਰ ਦੁਰਵਰਤੋਂ ਦੀਆਂ ਖ਼ਬਰਾਂ ਹਨ।

ਗਰੀਬੀ-ਅਮੀਰੀ ਨੇ ਸਿਹਤ ਸਹੂਲਤਾਂ 'ਚ ਪਾੜਾ ਵੱਡਾ ਕੀਤਾ ਹੋਇਆ ਹੈ। ਫਾਈਵ ਸਟਾਰ ਸਰਕਾਰੀ ਹਸਪਤਾਲਾਂ 'ਚ ਮਹਿੰਗੇ ਇਲਾਜ, ਪੈਸੇ ਪੱਖੋਂ ਸਮਰੱਥ ਵਿਅਕਤੀ ਦੇ ਪਹੁੰਚ ਵਿਚ ਹਨ, ਪਰ ਸਾਧਾਰਨ ਵਿਅਕਤੀ ਦੀ ਪਹੁੰਚ 'ਚ ਸਰਕਾਰੀ ਹਸਪਤਾਲਾਂ 'ਚ ਪ੍ਰਾਪਤ ਘੱਟੋ-ਘੱਟ ਸਹੂਲਤਾਂ ਤੱਕ ਵੀ ਨਹੀਂ ਹੈ।

ਇਹੋ ਹਾਲ ਸਿੱਖਿਆ ਦੇ ਖੇਤਰ 'ਚ ਹੈ। ਦੇਸ਼ ਦਾ ਆਮ ਨਾਗਰਿਕ ਸੰਵਿਧਾਨਿਕ ਤੌਰ 'ਤੇ ਹਰ ਇੱਕ ਲਈ ਸਿੱਖਿਆ ਦਾ ਅਧਿਕਾਰ ਰੱਖਦਾ ਹੈ, ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਗਾਇਬ ਹੈ, ਜੋ ਉਸਦੀ ਪਹੁੰਚ ਤੋਂ ਬਾਹਰੀ ਹੈ। ਫਾਈਵ ਸਟਾਰ ਪਬਲਿਕ ਸਕੂਲ, ਮਹਿੰਗੀਆਂ ਵੱਡੀਆਂ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਆਮ ਆਦਮੀ ਦਾ ਬੱਚਾ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ। ਸਰਕਾਰੀ ਸਕੂਲ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ, ਸਰਕਾਰੀ ਸਿੱਖਿਆ ਅਦਾਰੇ। ਕਿਥੇ ਪ੍ਰਾਪਤ ਕਰਨਗੇ ਚੰਗੀ ਸਿੱਖਿਆ ਆਮ ਲੋਕਾਂ ਦੇ ਬੱਚੇ? ਕਿਵੇਂ ਮੁਕਾਬਲਾ ਕਰਨਗੇ ਵੱਡੇ ਪਬਲਿਕ ਸਕੂਲਾਂ ਦੇ ਬੱਚਿਆਂ ਦਾ? ਤਦੇ ਇੱਕ ਵੱਡਾ ਪਾੜਾ ਸਿੱਖਿਆ ਖੇਤਰ ਵਿਚ ਵੀ ਉਵੇਂ ਹੀ ਵੱਧ ਰਿਹਾ ਹੈ, ਜਿਵੇਂ ਆਰਥਿਕ ਪੱਖ ਤੋਂ ਦੇਸ਼ ਵਿਚ ਗਰੀਬ-ਅਮੀਰ ਦਾ ਪਾੜਾ ਵੱਧ ਗਿਆ ਹੈ।

ਦੇਸ਼ ਦੇ ਹਾਕਮ ਦੇਸ਼ ਭਾਰਤ ਨੂੰ ਵੱਡੀ ਆਰਥਿਕਤਾ ਬਨਾਉਣ ਵੱਲ ਸੇਧਿਤ ਹਨ। ਉਹ ਵਿਸ਼ਵ ਗੁਰੂ ਬਨਣ ਲਈ ਪੱਬਾਂ ਭਾਰ ਹਨ। ਪਰ ਕੀ ਹਾਕਮ ਦੇ ਇਹ ਧਿਆਨ ਵਿਚ ਹੈ ਕਿ ਆਮ ਆਦਮੀ ਦੀ ਦੇਸ਼ ਵਿਚ ਪ੍ਰਤੀ ਵਿਅਕਤੀ ਦੀ, ਵਿਸ਼ਵ ਬੈਂਕ ਅਨੁਸਾਰ, ਪ੍ਰਤੀ ਦਿਨ ਖ਼ਰਚ ਸੀਮਾ ਸਿਰਫ਼ ਤਿੰਨ ਡਾਲਰ ਹੈ। ਕੀ ਪ੍ਰਤੀ ਵਿਅਕਤੀ ਇਸ ਖ਼ਰਚ ਨਾਲ ਮਹਿੰਗਾਈ ਦੇ ਇਸ ਸਮੇਂ 'ਚ ਉਹ ਚੰਗੇਰੀਆਂ ਸਿੱਖਿਆ, ਸਿਹਤ ਸਹੂਲਤਾਂ, ਖਾਣ-ਪਾਣ ਅਤੇ ਹੋਰ ਖ਼ਰਚੇ ਪੂਰੇ ਕਰ ਸਕਦਾ ਹੈ? ਕੀ ਚੰਗਾ ਜੀਵਨ ਜੀਊਣ ਦੇ ਸਮਰੱਥ ਹੈ?

ਵਿਸ਼ਵ ਬੈਂਕ ਨੇ ਭਾਰਤ ਹੇਠਲੇ-ਮੱਧ-ਵਰਗ ਆਮਦਨ ਵਾਲੇ ਲੋਕਾਂ ਦੀ ਖ਼ਰਚ ਸੀਮਾ ਪ੍ਰਤੀ ਵਿਅਕਤੀ 3.65 ਡਾਲਰ ਪ੍ਰਤੀ ਦਿਨ ਤਹਿ ਕੀਤੀ ਹੈ। ਕੀ ਇਸ ਥੋੜ੍ਹੇ ਜਿਹੇ ਖ਼ਰਚੇ-ਆਮਦਨ ਦੇ ਹਿਸਾਬ ਨਾਲ ਭਾਰਤ ਦੇਸ਼ ਵਿਕਸਿਤ ਬਣ ਸਕਦਾ ਹੈ ਅਤੇ ਕੀ ਸਿੱਖਿਆ, ਸਿਹਤ ਹਰ ਨਾਗਰਿਕ ਲਈ ਪ੍ਰਦਾਨ ਕੀਤੇ ਬਿਨ੍ਹਾਂ ਕੋਈ ਦੇਸ਼ ਵਿਕਸਿਤ ਕਹਾ ਸਕਦਾ ਹੈ?

ਸਿੱਖਿਆ ਦੇ ਪੱਧਰ ਦੇ ਹਿਸਾਬ ਨਾਲ 2022-23 ਵਿਚ ਬਿਨ੍ਹਾਂ ਕਿਸੇ ਸਕੂਲ ਸਿੱਖਿਆ ਦੇ 16 ਸਾਲ ਦੀ ਉਮਰ ਤੋਂ ਵੱਧ ਉਮਰ ਦੇ 35.1 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ 'ਤੇ ਸਨ। ਜਦਕਿ ਸਾਲ 2022-23 ਵਿਚ ਕੁਝ ਕੁ ਪੜ੍ਹੇ-ਲਿਖੇ ਹੇਠਲੇ ਮੱਧ ਵਰਗਾਂ 'ਚ ਗਰੀਬੀ 14.9 ਫ਼ੀਸਦੀ ਹੈ। ਪਰ ਅਸਲ ਤੱਥ ਉਸ ਵੇਲੇ ਸਾਹਮਣੇ ਆਉਂਦੇ ਹਨ, ਜਦੋਂ ਸਰਕਾਰੀ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ "ਸਭ ਲਈ ਭੋਜਨ" ਸਕੀਮ ਅਧੀਨ ਕੁੱਲ ਆਬਾਦੀ ਲਗਭਗ 140 ਕਰੋੜ ਵਿਚੋਂ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਰਕਾਰ ਵੱਲੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇੱਕ ਹੋਰ ਅੰਦਾਜ਼ੇ ਅਨੁਸਾਰ 20 ਕਰੋੜ ਲੋਕਾਂ ਨੂੰ ਹਰ ਰੋਜ਼ ਮਸਾਂ ਇੱਕ ਡੰਗ ਭੋਜਨ ਮਿਲਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਸਭ ਦੀ ਪਹੁੰਚ ਤੋਂ ਬਾਹਰ ਹੈ, ਜੋ ਮਨੁੱਖ ਦੀ ਬੁਨਿਆਦੀ ਲੋੜ ਹੈ।

ਦੇਸ਼ 'ਚ ਲਗਾਤਾਰ ਤਰੱਕੀ ਅਤੇ ਬਦਲਾਅ ਦੀਆਂ ਗੱਲਾਂ ਹੁੰਦੀਆਂ ਹਨ। ਬਦਲਾਅ ਵਜੋਂ ਦੇਸ਼ 'ਚ ਸੜਕਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੇਖਿਆ, ਪਰਖਿਆ ਅਤੇ ਲਾਗੂ ਕੀਤਾ ਜਾਂਦਾ ਹੈ। ਪਰ ਬੁਨਿਆਦੀ ਤੌਰ 'ਤੇ ਮਨੁੱਖ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਉਸ ਨੂੰ ਸੁੱਖ-ਸਹੂਲਤਾਂ ਦੇਣ ਲਈ ਕੀਤੇ ਯਤਨ ਊਣੇ-ਊਣੇ ਵਿਖਾਈ ਦਿੰਦੇ ਹਨ। ਦੇਸ਼ ਦੇ ਨਿਰਮਾਣ 'ਚ ਵੱਡਾ ਹਿੱਸਾ ਪਾਉਣ ਵਾਲੀਆਂ ਅੱਧੀ ਆਬਾਦੀ ਔਰਤਾਂ ਹਾਲੇ ਵੀ ਬੁਰੀ ਤਰ੍ਹਾਂ ਤ੍ਰਿਸਕਾਰਤ ਹਨ। ਉਨ੍ਹਾਂ ਨੂੰ ਬਣਦੇ ਹੱਕ ਤਾਂ ਕੀ ਮਿਲਣੇ ਹਨ, ਉਹ ਹਾਲੇ ਤੱਕ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹਨ। ਘਰੇਲੂ ਔਰਤਾਂ ਚਾਰ-ਦੀਵਾਰੀ ਅੰਦਰ ਬੰਦ ਹਨ। ਰੂੜੀਵਾਦੀ ਸੋਚ ਅੱਜ ਵੀ ਦੇਸ਼ 'ਚ ਭਾਰੂ ਹੈ। ਧਰਮਾਂ ਦਾ ਵਖਰੇਵਾਂ ਅਤੇ ਜਾਤ-ਪਾਤ ਪ੍ਰਥਾ ਨੇ ਦੇਸ਼ ਦੇ ਲੋਕਾਂ ਦੀ ਸੋਚ ਨੂੰ ਜਕੜਿਆ ਹੋਇਆ ਹੈ।

ਨੀਤੀਵਾਨ, ਸਿਆਸਤਦਾਨ, ਜਿਨ੍ਹਾਂ ਨੂੰ ਸਮਾਜ 'ਚ ਬਦਲਾਅ ਲਿਆਉਣ ਦਾ ਧੁਰਾ ਮੰਨਿਆ ਜਾਂਦਾ ਹੈ, ਉਹ ਆਪਣੇ ਸਵਾਰਥੀ ਹਿੱਤਾਂ ਕਾਰਨ "ਬਦਲਾਅ" ਦੇ ਥਾਂ 'ਦਬਾਅ' ਦੀ ਨੀਤੀ ਵਰਤ ਰਹੇ ਹਨ। ਬਦਲਾਅ ਲਈ ਲੋਕਾਂ ਦੀ ਸ਼ਮੂਲੀਅਤ ਬਿਨ੍ਹਾਂ ਸ਼ੱਕ ਜ਼ਰੂਰੀ ਹੈ, ਪਰ ਸਮਾਜ 'ਚ ਵੰਡੀਆਂ ਪਾਕੇ ਇਸ ਬਦਲਾਅ ਨੂੰ ਪੁੱਠਾ ਗੇੜਾ ਦੇ ਕੇ ਰੂੜੀਵਾਦੀ ਸੋਚ ਨੂੰ ਅੱਗੇ ਲਿਆਉਣਾ ਅੱਜ ਅਹਿਮ ਵਰਤਾਰਾ ਹੈ। ਧੱਕਾ, ਧੌਂਸ, ਧੰਨ ਮੁੱਖ ਕਾਰਕ ਬਣ ਗਏ ਹਨ। ਇਹ ਤਿੰਨੋਂ ਬਦਲਾਅ ਲਈ ਵੱਡਾ ਅੜਿੱਕਾ ਹਨ।

ਦੇਸ਼ ਦੇ ਹਾਕਮਾਂ 'ਚ ਬਦਲਾਅ ਬਿਨ੍ਹਾਂ ਸ਼ੱਕ ਲੋਕਤੰਤਰ ਵਿਚ ਵੋਟ ਪ੍ਰਣਾਲੀ ਨਾਲ ਹੋਣਾ ਹੈ, ਪਰ ਵੋਟ-ਪ੍ਰਣਾਲੀ ਜਿਵੇਂ ਦੂਸ਼ਿਤ ਹੋ ਚੁੱਕੀ ਹੈ। ਉਹ ਬਦਲਾਅ 'ਚ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਸਿਆਸਤ ਦੇ ਨਾਲ ਸਮਾਜਿਕ ਬਦਲਾਅ ਲਈ ਵਿਸ਼ੇਸ਼ ਭੂਮਿਕਾ ਦੇਸ਼ ਜਾਂ ਖਿੱਤੇ ਦੇ ਬੁਨਿਆਦੀ ਸਿਆਣੇ ਲੋਕਾਂ ਕਾਰਨ ਸੰਭਵ ਹੁੰਦੀ ਹੈ, ਪਰ ਜਿਸ ਢੰਗ ਨਾਲ ਉਹ ਡਰ ਅਤੇ ਦਬਾਅ ਹੇਠ ਜ਼ਿੰਦਗੀ ਜੀਅ ਰਹੇ ਹਨ, ਉਸ ਨਾਲ ਉਹ ਬਦਲਾਅ ਲਈ ਅੱਗੇ ਕਿਵੇਂ ਆਉਣਗੇ? ਡਰ ਦਾ ਮਾਹੌਲ, ਵਿਚਾਰਾਂ ਉਤੇ ਬੰਦਸ਼ਾਂ, ਬਿਨ੍ਹਾਂ ਸ਼ੱਕ ਬਦਲਾਅ ਲਈ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਹਨ।

ਅਸਲ ਅਰਥਾਂ 'ਚ ਉਹੀ ਦੇਸ਼ ਵਿਕਸਤ ਹੋ ਸਕਦਾ ਹੈ, ਜੋ ਆਪਣੇ ਨਾਗਰਿਕਾਂ ਨੂੰ ਖੁਸ਼ਹਾਲ ਜੀਵਨ ਦੇ ਸਕਦਾ ਹੈ, ਜਿਹੜਾ ਸਿੱਖਿਆ, ਸਿਹਤ, ਵਾਤਾਵਰਨ, ਖੁਰਾਕੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ। ਅੱਜ ਦੇਸ਼ 'ਚ ਨਾ ਸੰਪੂਰਨ ਖੇਤੀ ਹੈ, ਨਾ ਹੀ ਸੰਪੂਰਨ ਰੁਜ਼ਗਾਰ! ਅੱਜ ਦੇਸ਼ ਪੌਸ਼ਟਿਕ ਅਹਾਰ ਤੋਂ ਸੱਖਣਾ ਜ਼ਹਿਰ ਯੁਕਤ ਭੋਜਨ ਖਾਣ ਲਈ ਮਜਬੂਰ ਹੈ। ਦੇਸ਼ 'ਚ ਪ੍ਰਦੂਸ਼ਣ ਪਸਰਿਆ ਪਿਆ ਹੈ। ਗੰਦਗੀ ਦੇ ਢੇਰ ਹਨ। ਰਸਾਇਣਾਂ ਦੀ ਆਮ ਵਰਤੋਂ ਹੈ। ਇਹੋ ਜਿਹੀ ਸਥਿਤੀ 'ਚ ਬਦਲਾਅ "ਊਠ ਦੇ ਬੁੱਲ੍ਹ ਹੁਣ ਵੀ ਡਿਗਿਆ ਕਿ ਹੁਣ ਵੀ ਡਿਗਿਆ" ਵਾਂਗਰ ਦਿਸਦਾ ਹੈ।

ਲੋਕ ਬਦਲਾਅ ਭਾਲਦੇ ਹਨ। ਹਰ ਸਿਆਸੀ ਪਾਰਟੀ ਬਦਲਾਅ ਦਾ ਨਾਹਰਾ ਦੇ ਕੇ ਹਾਕਮ ਬਣਨ ਲਈ ਤੱਤਪਰ ਹੈ। ਸਿਆਸਤਦਾਨਾਂ ਵੱਲੋਂ ਪੇਸ਼ ਕੀਤੀਆਂ ਰਿਆਇਤਾਂ ਨਾਲ ਲੋਕ ਭਰਮ ਜਾਲ 'ਚ ਫਸਦੇ ਹਨ। ਛੋਟੀਆਂ-ਛੋਟੀਆਂ ਰਿਆਇਤਾਂ ਉਨ੍ਹਾਂ ਨੂੰ ਕੁਝ ਸੰਤੁਸ਼ਟੀ ਜਾਂ ਮਾਨਸਿਕ ਆਰਾਮ ਤਾਂ ਦਿੰਦੀਆਂ ਹੋਣਗੀਆਂ, ਪਰ ਜਦੋਂ ਵਿਅਕਤੀ ਬੁਢਾਪੇ 'ਚ ਆਉਂਦਾ ਹੈ, ਤਾਂ ਉਸਦੀ ਸਮਾਜਿਕ ਸੁਰੱਖਿਆ ਕਿੱਥੇ ਹੈ? ਆਬਾਦੀ ਦਾ ਕੁਝ ਹਿੱਸਾ ਸਰਕਾਰੀ ਪੈਨਸ਼ਨ ਪ੍ਰਾਪਤ ਕਰਦਾ ਹੈ, ਕੁਝ ਆਬਾਦੀ ਨੂੰ ਨਿਗੂਣੀ ਜਿਹੀ ਬੁਢਾਪਾ ਪੈਨਸ਼ਨ ਮਿਲਦੀ ਹੈ। (500 ਰੁਪਏ ਮਹੀਨਾ ਤੋਂ 2000 ਮਹੀਨਾ), ਪਰ ਵੱਡੀ ਆਬਾਦੀ ਇਨ੍ਹਾਂ ਸਹੂਲਤਾਂ ਤੋਂ ਵਿਰਵੀ ਹੈ।

ਮਨੁੱਖ ਦਾ ਜੀਵਨ ਮੌਜੂਦਾ ਦੌਰ 'ਚ ਗੁੰਝਲਦਾਰ ਬਣਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਟੈਕਨਾਲੋਜੀ ਨੇ ਸੰਸਾਰ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਯਤਨ ਤਾਂ ਕੀਤਾ ਹੈ, ਪਰ ਮਨੁੱਖੀ ਇਕੱਲਤਾ 'ਚ ਵਾਧਾ ਹੋਇਆ ਹੈ, ਮਨੁੱਖ ਇਹੋ ਜਿਹੇ ਬਦਲਾਅ ਦਾ ਨੇੜ-ਭਵਿੱਖ 'ਚ ਸ਼ਾਇਦ ਸਾਰਥੀ ਵੀ ਨਾ ਬਣ ਸਕੇ।

ਪਰ ਅਸਲ ਬਦਲਾਅ ਮਹਾਨਗਰਾਂ ਦੇ ਕੁਝ ਹਿੱਸੇ 'ਚ ਬਣੀਆਂ ਗਗਨ ਚੁੰਬੀ ਇਮਾਰਤਾਂ ਨਹੀਂ। ਨਾ ਹੀ ਹਰ ਹੱਥ 'ਚ ਮੋਬਾਇਲ ਨੂੰ ਬਦਲਾਅ ਕਹਿ ਸਕਦੇ ਹਾਂ। ਅਸਲ ਬਦਲਾਅ ਤਾਂ ਮਨੁੱਖੀ ਜ਼ਿੰਦਗੀ ਸਾਵੀਂ ਪੱਧਰੀ ਬਨਾਉਣ 'ਚ ਹੈ। ਇਸ 'ਚ ਵੱਡਾ ਰੋਲ ਸਰਕਾਰਾਂ ਦਾ ਹੈ। ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਹਨ। ਦੇਸ਼ ਭਾਰਤ 'ਚ ਸਰਕਾਰਾਂ ਚਲਾਉਣ ਵਾਲੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਤੌਰ ਤਰੀਕਿਆਂ 'ਚ ਬਦਲਾਅ ਨਹੀਂ ਹੈ। ਉਹ ਏ.ਸੀ. ਦਫ਼ਤਰਾਂ 'ਚ ਬੈਠ ਸਕੀਮਾਂ ਘੜਦੇ ਹਨ, ਆਪਣੇ "ਆਕਾ" ਕਾਰਪੋਰੇਟਾਂ ਨੂੰ ਖੁਸ਼ ਕਰਦੇ ਹਨ, ਵੱਡੇ-ਵੱਡੇ ਨਾਹਰੇ ਵਿਕਸਤ ਕਰਦੇ ਹਨ। ਸਵੇਰ-ਸ਼ਾਮ ਇਨ੍ਹਾਂ ਦਾ ਪ੍ਰਚਾਰ ਕਰਵਾਉਂਦੇ ਹਨ ਅਤੇ ਲੋਕ ਇਸ ਪ੍ਰਚਾਰ ਨਾਲ ਠੱਗੇ ਜਾਂਦੇ ਹਨ।

ਦੇਸ਼ 'ਚ ਬਦਲਾਅ ਉਦੋਂ ਆਏਗਾ, ਜਦੋਂ 'ਦੇਸ਼ ਦਾ ਨੇਤਾ' ਲੋਕਾਂ ਪ੍ਰਤੀ ਇਮਾਨਦਾਰ ਹੋਏਗਾ। ਦੇਸ਼ 'ਚ ਸੁਸ਼ਾਸ਼ਨ ਹੋਏਗਾ। ਲੋਕਾਂ ਨੂੰ ਲੋੜੀਂਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਹਰ ਇੱਕ ਲਈ ਬਰਾਬਰ ਦੀ ਸਿੱਖਿਆ ਹੋਏਗੀ ਅਤੇ ਹਰ ਇੱਕ ਲਈ ਰੁਜ਼ਗਾਰ ਹੋਏਗਾ। ਬੋਲਣ, ਪੜ੍ਹਨ, ਲਿਖਣ ਦੀ ਆਜ਼ਾਦੀ ਹੋਏਗੀ। ਸਵਰਾਜ ਹੋਏਗਾ।

# ਸ. ਸੁਖਦੇਵ ਸਿੰਘ ਢੀਂਡਸਾ ਦਰਵੇਸ਼ ਸਿਆਸਤ ਦੇ ਯੁੱਗ ਦਾ ਅੰਤ

ਡਾ. ਹਰਕੇਸ਼ ਸਿੰਘ ਸਿੱਧੂ
ਸਾਬਕਾ ਡੀ.ਸੀ. ਸੰਗਰੂਰ
ਪੰਜਾਬ ਮੇਲ USA



ਸ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਭਾਰਤ ਸਰਕਾਰ ਥੋੜ੍ਹੇ ਚਿਰ ਤੋਂ ਚੱਲ ਰਹੀਂ ਫੇਫੜਿਆਂ ਦੀ ਇਨਫੈਕਸ਼ਨ ਕਾਰਨ ਫੋਰਟਿਸ ਹਸਪਤਾਲ ਮੁਹਾਲੀ ਵਿਚ 28 ਮਈ ਨੂੰ ਸ਼ਾਮੀ 5 ਵਜੇ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ।

ਮੇਰੀ ਮਾਸੀ ਪ੍ਰੀਤਮ ਕੌਰ ਉਨ੍ਹਾਂ ਦੇ ਵੱਡੇ ਸਾਲੇ ਮਰਹੂਮ ਸੁਖਦੇਵ ਸਿੰਘ ਚਾਹਲ ਨੂੰ ਸੰਨ 1970 'ਚ ਮੰਗਵਾਲ ਪਿੰਡ 'ਚ ਵਿਆਹੀ ਸੀ। ਰਿਸ਼ਤਾ ਮੈਂ ਕਰਵਾਇਆ ਸੀ ਜਦੋਂ ਮੈਂ ਅਜੇ ਦਸਵੀਂ ਜਮਾਤ ਹੀ ਪਾਸ ਕੀਤੀ ਸੀ।

ਇਸ ਰਿਸ਼ਤੇਦਾਰੀ ਸਦਕਾ ਢੀਂਡਸਾ ਸਾਹਿਬ ਦਾ ਨਾਲ ਮੇਰਾ ਸੰਪਰਕ ਹੋਇਆ। ਫੇਰ ਉਨ੍ਹਾਂ ਮੇਰਾ ਰੂਹ 'ਤੇ ਕਲਬੂਤ ਵਾਲਾ ਰਿਸ਼ਤਾ ਤਾਂ ਜ਼ਿੰਦਗੀ ਨਿਭਿਆ। ਮੈਂ ਉਨ੍ਹਾਂ ਦਾ ਚਹੇਤਾ ਸਰਪੰਚ ਰਿਹਾ। ਐੱਸ.ਜੀ.ਪੀ.ਸੀ. ਦੀ ਚੋਣ ਲੜੀ। ਸਰਕਾਰੀ ਨੌਕਰੀ ਦੇ ਬਾਵਜੂਦ ਉਨ੍ਹਾਂ ਦੀ ਹਰ ਚੋਣ ਵਿਚ ਤਨਦੇਹੀ ਨਾਲ ਮਦਦ ਕੀਤੀ। ਉਹ ਹਰ ਔਖੇ ਵੇਲੇ ਉਹ ਮੇਰੇ ਨਾਲ ਖੜ੍ਹੇ।

ਸ. ਢੀਂਡਸਾ ਦਾ ਜਨਮ ਪਟਿਆਲਾ ਰਿਆਸਤ ਦੇ ਪਿੰਡ ਉਭਾਵਾਲ ਵਿਚ ਮਾਤਾ ਲਾਭ ਕੌਰ ਦੀ ਕੁੱਖੋਂ ਜਥੇਦਾਰ ਰਤਨ ਸਿੰਘ ਦੇ ਘਰ 9 ਅਪ੍ਰੈਲ 1936 ਨੂੰ ਹੋਇਆ ਹੋਇਆ।

ਉਨ੍ਹਾਂ ਦੀ ਮਾਤਾ ਜੀ, ਬਚਪਨ ਵਿਚ ਪਰਲੋਕ ਸਿਧਾਰ ਗਏ ਸਨ। ਉਨ੍ਹਾਂ ਨੂੰ ਬਚਪਨ ਵਿਚ ਮਾਂ ਅਤੇ ਮਾਸੀ ਦਾ ਪਿਆਰ ਮਾਸੀ ਵੱਲੋਂ ਮਿਲਿਆ, ਜੋ ਪਿੰਡ ਭਿੰਡਰਾਂ ਵਿਚ ਸ਼ਾਦੀਸ਼ੁਦਾ ਸੀ।

ਢੀਂਡਸਾ ਸਾਹਿਬ ਤਿੰਨ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਭਰਾਵਾਂ ਨੇ ਆਪਣੇ ਛੋਟੇ ਵੀਰ ਨੂੰ ਅੰਬਰ ਦੇ ਤਾਰੇ ਵਾਂਗ ਰੱਖਿਆ।.ਕਿਸੇ ਖ਼ੇਤੀ ਜਾਂ ਹੋਰ ਘਰੇਲੂ ਕੰਮ 'ਚ ਨਹੀਂ ਲਾਇਆ। ਉਂਝ ਭਾਵੇਂ ਗਰਮੀਆਂ ਦੀਆਂ ਛੁੱਟੀਆਂ ਵੇਲੇ ਮੱਝਾਂ ਚਾਰਦੇ ਮੱਝ ਦੀ ਅਸਵਾਰੀ ਕਰਦੇ ਉਨ੍ਹਾਂ ਦੀ ਬਾਂਹ ਟੁੱਟ ਗਈ ਸੀ, ਜੋ ਦੇਸੀ ਸਿਆਣੇ ਵੱਲੋਂ ਥੋੜ੍ਹੀ ਟੇਢੀ ਜੜੀ ਗਈ ਸੀ।

ਉਹ ਪਹਿਲਾ ਬਡਰੁੱਖਾਂ, ਫੇਰ ਗੁਰੂ ਨਾਨਕ ਹਾਈ ਸਕੂਲ ਸੰਗਰੂਰ ਵਿਚ ਪੜ੍ਹੇ। ਪਹਿਲੀ ਜਮਾਤ 'ਚ ਹੀ ਚਾਰ ਕਿਲੋਮੀਟਰ ਟਿੱਬਿਆਂ ਦੇ ਰਾਹ ਪੈਦਲ ਜਾਂਦੇ। ਸੰਗਰੂਰ ਸਕੂਲ ਤੇ ਕਾਲਜ ਵਿਚ ਉਹ ਹੋਸਟਲ 'ਚ ਰਹੇ ਤੇ ਹਾਕੀ ਦੇ ਸਿਰਕੱਢ ਖਿਡਾਰੀ ਰਹੇ। ਕਾਲਜ 'ਚ ਬੀ.ਏ. ਦੇ ਆਖਰੀ ਸਾਲ 'ਚ ਉਹ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ, ਉਨ੍ਹਾਂ ਦੇ ਨਾਲ ਸ. ਕ੍ਰਿਸ਼ਨ ਦੇਵ ਸਿੰਘ ਭੁਟਾਲ ਪਹਿਲਾ ਪ੍ਰਧਾਨ, ਫੇਰ ਢੀਂਡਸਾ ਸਾਹਿਬ ਨਾਲ ਸਕੱਤਰ ਰਹੇ। ਬੀ.ਏ. ਕਰਨ ਸਾਰ ਕਾਲਜ ਵਿਚ ਸਭ ਤੋਂ ਵੱਧ ਅਨੁਸ਼ਾਸਿਤ ਤੇ ਸਾਊ ਵਿਦਿਆਰਥੀ ਹੋਣ ਕਰਕੇ ਕਾਲਜ ਦੇ ਲਾਇਬ੍ਰੇਰੀਅਨ ਲਾ ਦਿੱਤੇ। ਥੋੜ੍ਹੀ ਦੇਰ ਬਾਅਦ ਬਲਾਕ ਸੰਮਤੀ 'ਚ ਟੈਕਸ ਕੁਲੈਕਟਰ ਰਹੇ। ਪੰਚਾਇਤੀ ਚੋਣਾਂ 'ਚ 1962 ਪਿੰਡ ਉਭਾਵਾਲ ਦੇ ਸਰਬਸੰਮਤੀ ਨਾਲ ਸਰਪੰਚ ਬਣੇ। ਅਗਲੇ ਸਾਲ ਮਾਰਕਿਟ ਕਮੇਟੀ ਸੰਗਰੂਰ ਦੀ ਚੋਣ ਲੜ ਕੇ ਚੇਅਰਮੈਨ ਬਣੇ।

ਸਨ 1962 ਵਿਚ ਹੀ ਉਨ੍ਹਾਂ ਦੀ ਸ਼ਾਦੀ ਪਿੰਡ ਮੰਗਵਾਲ ਵਿਖ਼ੇ ਜਥੇਦਾਰ ਚੰਨਣ ਸਿੰਘ ਆਜ਼ਾਦੀ ਘੁਲਾਟੀਏ ਦੀ ਵੱਡੀ ਬੇਟੀ, ਬੀਬੀ ਹਰਜੀਤ ਕੌਰ ਨਾਲ ਹੋਈ, ਜਿਨ੍ਹਾਂ ਦੀ ਕੁੱਖੋਂ ਦੋ ਬੇਟੀਆਂ ਮਨਦੀਪ ਕੌਰ ਅਤੇ ਰਮਨਦੀਪ ਕੌਰ ਅਤੇ ਸਪੁੱਤਰ ਸ. ਪਰਮਿੰਦਰ ਸਿੰਘ ਢੀਂਡਸਾ ਨੇ ਜਨਮ ਲਿਆ, ਜੋ ਦਸ ਸਾਲ ਕੈਬਨਿਟ ਮੰਤਰੀ ਅਤੇ ਪੰਜ ਵਾਰ ਵਿਧਾਇਕ ਰਹੇ। ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸੁਧਾਰ ਲਹਿਰ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਸ. ਢੀਂਡਸਾ 1970 ਵਿਚ ਸੈਂਟਰਲ ਕੋਆਪ੍ਰੇਟਿਵ ਬੈਂਕ ਸੰਗਰੂਰ ਦੇ ਮੈਨੇਜਿੰਗ ਡਾਇਰੈਕਟਰ ਬਣੇ ਰਹੇ, ਉਥੋਂ ਹੀ ਧਨੌਲਾ ਹਲਕਾ ਤੋਂ 1972 ਵਿਚ ਆਜ਼ਾਦ ਐੱਮ.ਐੱਲ.ਏ. ਬਣੇ। ਉਸ ਵੇਲੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਨੇ ਸੁਨੇਹਾ ਭੇਜ ਕੇ ਮਾਰਕਫੈਡ ਦੀ ਚੇਅਰਮੈਨੀ ਅਤੇ ਦਸ ਲੱਖ ਦੀ ਪੇਸ਼ਕਸ਼ ਕੀਤੀ, ਨਾਲ ਹੀ ਕਿਹਾ ਕਿ ਢੀਂਡਸਾ ਤੂੰ ਚੰਗਾ ਨੌਜਵਾਨ ਅੱਛੀ ਛਵੀ ਹੋਣ ਕਰਕੇ ਸਦਨ ਵਿਚ ਇੱਕੋ ਇੱਕ ਆਜ਼ਾਦ ਐੱਮ.ਐੱਲ.ਏ. ਹੈਂ, ਇਸ ਲਈ ਤੇਰਾ ਭਵਿੱਖ ਕਾਂਗਰਸ ਵਿਚ ਉਜਲਾ ਹੈ। ਉਨ੍ਹਾਂ ਨੇ ਹਲੀਮੀ ਨਾਲ ਪੇਸ਼ਕਸ਼ ਠੁਕਰਾਈ ਤੇ ਕਿਹਾ ਕਿ ਮੇਰੇ ਅੰਦਰ



ਪਿਤਾ ਪੁਰਖੀ ਪੰਥਕ ਜਜ਼ਬਾ ਹੈ, ਇਸ ਲਈ ਉਮਰ ਭਰ ਅਕਾਲੀ ਰਹਾਂਗਾ। ਅਕਾਲੀ ਪਾਰਟੀ ਵਿਚ ਸ਼ਾਮਲ ਹੋ ਕੇ ਵਿਰੋਧੀ ਧਿਰ ਦੇ ਉਪ ਲੀਡਰ ਰਹੇ। ਸਾਰੇ ਅਕਾਲੀ ਮੋਰਚਿਆ ਵਿਚ ਅਗਲੀ ਕਤਾਰ 'ਚ ਖਲੋ ਕੇ ਯੋਗਦਾਨ ਪਾਇਆ। 1977 ਵਿਚ ਸੁਨਾਮ ਤੋਂ ਐੱਮ.ਐੱਲ.ਏ. ਬਣਕੇ ਅਕਾਲੀ ਸਰਕਾਰ 'ਚ ਤਿੰਨ ਸਾਲ ਟਰਾਂਸਪੋਰਟ ਸਿੱਖਿਆ ਖੇਡਾਂ ਕਲਚਰਲ ਵਿਭਾਗਾਂ ਦੇ ਮੰਤਰੀ ਰਹੇ।

1980 ਵਿਚ ਸੰਗਰੂਰ, 1985 ਵਿਚ ਫੇਰ ਸੁਨਾਮ ਤੋਂ ਐੱਮ.ਐੱਲ.ਏ. ਬਣੇ। ਸ. ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ 'ਚ ਕੈਬਨਿਟ ਮੰਤਰੀ ਦੀ ਪੇਸ਼ਕਸ਼ ਠੁਕਰਾ ਕੇ ਸ ਪ੍ਰਕਾਸ਼ ਸਿੰਘ ਬਾਦਲ ਨਾਲ ਚੱਟਾਨ ਵਾਂਗ ਖੜ੍ਹੇ। ਸ਼੍ਰੋਮਣੀ ਅਕਾਲੀ ਦਲ ਵਿਚ ਲੰਮੇ ਸਮੇਂ ਤੱਕ ਦੋ ਨੰਬਰ ਪੁਜ਼ੀਸ਼ਨ 'ਤੇ ਸਕੱਤਰ ਜਨਰਲ ਰਹੇ।

1997 'ਚ ਉਹ ਸੁਨਾਮ ਤੋਂ ਚੋਣ ਹਾਰ ਗਏ। ਉਨ੍ਹਾਂ ਨੂੰ ਕੈਬਨਿਟ ਰੈਂਕ 'ਚ ਪੰਜਾਬ ਯੋਜਨਾ ਬੋਰਡ ਦਾ ਉਪ ਚੇਅਰਮੈਨ ਲਾਇਆ ਗਿਆ, ਕਿਉਂਕਿ ਚੇਅਰਮੈਨ ਮੁੱਖ ਮੰਤਰੀ ਹੁੰਦੈ। ਕੁੱਝ ਮਹੀਨਿਆਂ ਬਾਅਦ ਹੀ ਪੰਜਾਬ ਬਿਜਲੀ ਬੋਰਡ ਦਾ ਚੇਅਰਮੈਨ ਲਾ ਕੇ ਕੈਬਨਿਟ ਮੰਤਰੀ ਦਾ ਰੈਂਕ ਦਿੱਤਾ। ਸੰਨ 2000 ਵਿਚ ਉਹ ਰਾਜ ਸਭਾ ਦੇ ਮੈਂਬਰ ਬਣਕੇ ਕੇਂਦਰੀ ਖਾਦ ਅਤੇ ਰਸਾਇਣ ਮੰਤਰੀ ਬਣੇ, ਫੇਰ ਚਾਰ ਸਾਲ ਖੇਡ ਮੰਤਰੀ ਵੀ ਰਹੇ।

ਜਦੋਂ ਭਾਰਤੀ ਕ੍ਰਿਕਟ ਖੇਡ ਵਿਚ ਰਲ਼ ਕੇ ਖੇਡਣ ਅਤੇ ਦਾਅ ਦੇ ਖੇਡਣ ਦੀ ਪੋਲ ਖੁੱਲ੍ਹੀ, ਇਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਖੁਦ ਸਿਫਾਰਸ਼ ਕੀਤੀ ਕਿ ਸੀ.ਬੀ.ਆਈ. ਦੀ ਪੜਤਾਲ ਕਰਵਾਈ ਜਾਵੇ, ਤਾਂ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਕਿ ਉਹ ਪਹਿਲੇ ਮੰਤਰੀ ਨੇ ਜਿਹੜੇ ਆਪਣੇ ਮਹਿਕਮੇ 'ਚ ਖੁਦ ਸੀ.ਬੀ.ਆਈ. ਦੀ ਜਾਂਚ ਮੰਗੇ ਰਹੇ ਸਨ। ਢੀਂਡਸਾ ਸਾਹਿਬ ਦਾ ਜਵਾਬ ਸੀ ਕਿ ਉਸ ਦਾ ਦਾਮਨ ਸਾਫ ਹੈ।

ਉਹ 2004 'ਚ ਲੋਕ ਸਭਾ ਮੈਂਬਰ ਤੇ ਤਿੰਨ ਵਾਰੀ ਰਾਜ ਸਭਾ ਦੇ ਮੈਂਬਰ ਰਹੇ। ਕਿਸੇ ਅਹੁਦੇ 'ਤੇ ਪੰਥ ਅਤੇ ਸਰਕਾਰ ਨੂੰ ਕੋਈ ਖੁਨਾਮੀ ਨਹੀਂ ਲੱਗਣ ਦਿੱਤੀ।

ਸ. ਢੀਂਡਸਾ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ 35 ਸਾਲ ਸਭ ਤੋਂ ਲੰਮਾ ਸਮਾਂ ਸਰਬਸੰਮਤੀ ਨਾਲ ਪ੍ਰਧਾਨ ਬਣਦੇ ਰਹੇ ਤੇ ਦਾਮਨ ਪਾਕ ਰਿਹਾ। ਐਨੇ ਲੰਮੇ ਸਿਆਸੀ ਅਤੇ ਖੇਡ ਜਗਤ ਦੀ ਸੇਵਾ ਕਰਦੇ ਕਦੇ ਕਿਸੇ ਵਿਰੋਧੀ ਵੱਲੋਂ ਉਨ੍ਹਾਂ ਦੇ ਖਿਲਾਫ ਕੋਈ ਇਲਜ਼ਾਮ ਤੱਕ ਨਹੀਂ ਲੱਗਿਆ। ਸ. ਬੇਅੰਤ ਸਿੰਘ ਦੀ ਸਰਕਾਰ 'ਚ ਕੁੱਝ ਨਿੱਜੀ ਹਿੱਤਾਂ ਦੀ ਪੂਰਤੀਵਾਲੇ ਲੋਕਾਂ ਨੇ ਉਨ੍ਹਾਂ ਦੇ ਜੁਆਈ ਕਰਨਲ ਰਮਿੰਦਰ ਸਿੰਘ ਨੂੰ ਪੀ.ਓ.ਏ. ਦਾ ਪ੍ਰਧਾਨ ਬਣਾਉਣ ਦੀ ਗੱਲ ਚਲਾਤੀ। ਮੈਨੂੰ ਢੀਂਡਸਾ ਸਾਹਿਬ ਨੇ ਕਿਹਾ ਕਿ ਸ. ਬੇਅੰਤ ਸਿੰਘ ਨੂੰ ਜਾ ਕੇ ਕਹਿ ਆਓ ਕਿ ਉਹ ਪੀ.ਓ.ਏ. ਦੇ ਖੁਦ ਪ੍ਰਧਾਨ ਬਣ ਜਾਣ, ਮੈਂ ਅਸਤੀਫ਼ਾ ਦੇ ਦਿੰਦਾ ਹਾਂ। ਜਦੋਂ ਸ. ਬੇਅੰਤ ਸਿੰਘ ਨੂੰ ਦੱਸਿਆ ਗਿਆ, ਉਹ ਕਹਿੰਦੇ, ਢੀਂਡਸਾ ਸਾਹਿਬ ਵਧੀਆ ਨੇਕ ਸਾਊ ਇਮਾਨਦਾਰ ਤੇ ਨਿਰਪੱਖ ਇਨਸਾਨ ਹਨ, ਉਨ੍ਹਾਂ ਨੂੰ ਕਹਿ ਦਿਓ ਕਿ ਉਹ ਹੀ ਪ੍ਰਧਾਨ ਰਹਿਣਗੇ।

ਉਹ ਸਾਰੀਆਂ ਪਾਰਟੀਆਂ, ਜਥੇਬੰਦੀਆਂ ਤੇ ਸੰਸਥਾਵਾਂ ਵਿਚ ਸਤਿਕਾਰਯੋਗ ਰਹੇ। ਸਿਆਸਤ ਦੀ ਖੇਡ ਇਖਲਾਕੀ ਤੇ ਸਾਊਪੁਣੇ ਅਤੇ ਹਲੀਮੀ ਦੀ ਪਾਰੀ ਨਾਲ ਖੇਡੀ। ਕਦੇ ਕਿਸੇ ਵਿਰੋਧੀ ਧਿਰ ਦੇ ਉਮੀਦਵਾਰ ਜਾਂ ਨੇਤਾ ਦੀ ਸ਼ਾਨ ਜਾਂ ਨਿੱਜੀ ਕਿਰਦਾਰ ਬਾਰੇ ਕੋਈ ਅੱਪਸ਼ਬਦ ਨਹੀਂ ਬੋਲਿਆ, ਅੱਜਕੱਲ੍ਹ ਅਖਬਾਰਾਂ, ਸੋਸ਼ਲ ਮੀਡੀਆ ਵਿਚ ਤੇ ਚੁੰਜ ਚਰਚਾ 'ਚ ਹਰ ਪਾਸਿਓਂ ਸ. ਢੀਂਡਸਾ ਦੀ ਸ਼ਰਾਫ਼ਤ ਅਤੇ ਹਲੀਮੀ ਦੇ ਚਰਚੇ ਹੁੰਦੇ ਰਹੇ। ਕਿੱਧਰੋਂ ਵੀ ਕੋਈ ਵਿਰੋਧੀ ਸੁਰ ਨਹੀਂ ਸੁਣੀ।

ਸ. ਢੀਂਡਸਾ ਇੱਕ ਸਾਊ ਪੁੱਤ, ਚੰਗਾ ਭਰਾ ਅੱਛਾ ਪਤੀ, ਪਿਤਾ ਅਤੇ ਮਿੱਤਰ ਹੋਣ ਦੇ ਨਾਲ ਕੱਦਾਵਰ ਹਰਮਨ ਪਿਆਰਾ ਨੇਤਾ ਤੇ ਨਿਮਰ ਇਨਸਾਨ ਸੀ। ਉਨ੍ਹਾਂ ਦੇ ਸੁਭਾਅ ਅਤੇ ਕਿਰਦਾਰ ਦੀ ਛਾਪ ਉਨ੍ਹਾਂ ਦੇ ਸਪੁੱਤਰ ਸ. ਪਰਮਿੰਦਰ ਸਿੰਘ ਢੀਂਡਸਾ ਦੇ ਕਿਰਦਾਰ ਵਿਚੋਂ ਵੇਖੀ ਜਾ ਸਕਦੀ ਐ। ਢੀਂਡਸਾ ਸਾਹਿਬ ਦੇ ਜਾਣ ਨਾਲ ਟਕਸਾਲੀ ਅਤੇ ਨੈਤਿਕਤਾ ਨਾਲ ਸਿਆਸੀ ਪੀੜ੍ਹੀ ਦਾ ਅੰਤ ਹੋ ਗਿਆ।

# ਤਰਬੂਜ਼ ਖਾਣ ਦਾ ਆ ਗਿਆ ਹੈ ਮੌਸਮ

**"ਕੜਾਕੇ ਦੀ ਗਰਮੀ 'ਚ ਠੰਢਕ, ਤਾਜ਼ਗੀ ਮਹਿਸੂਸ ਕਰਨ ਲਈ ਹਰ ਉਮਰ ਦੇ ਵਿਅਕਤੀ ਨੂੰ ਡੇਲੀ ਤਰਬੂਜ਼ ਫਲ ਦਾ ਅਨੰਦ ਲੈਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਬੱਚੇ ਦੇ ਚਾਹਵਾਨ ਰਸੀਲਾ ਫੱਲ ਤਰਬੂਜ਼ ਦਾ ਜੂਸ ਅਤੇ ਸਲਾਦ ਦੀ ਸ਼ਕਲ 'ਚ ਟੁਕੜੇ ਗਰਮੀ ਭਰ ਖਾ ਸਕਦੇ ਹਨ। ਪੁਰਾਣੀ ਬਿਮਾਰੀ ਦੀ ਹਾਲਤ 'ਚ ਸੇਵਨ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਵੋ" : ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



ਗਰਮ ਮੌਸਮ ਵਿਚ ਸਰੀਰ-ਮਨ ਨੂੰ ਠੰਡਕ ਦੇਣ ਵਾਲਾ ਲਾਲ, ਰਸੀਲਾ ਅਤੇ ਮਿੱਠਾ ਫਲ ਤਰਬੂਜ਼ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ। ਛੋਟੇ ਬੱਚੇ, ਨੌਜਵਾਨ, ਮੱਧ ਉਮਰ, ਬਜ਼ੁਰਗਾਂ ਦੇ ਨਾਲ-ਨਾਲ ਪਾਲਤੂ ਪੈਟਸ ਵੀ ਬੜੇ ਚਾਅ ਨਾਲ ਖਾਣਾ ਪਸੰਦ ਕਰਦੇ ਹਨ। ਹਰ ਹਿੱਸੇ 'ਚ ਇਸਨੂੰ ਵੱਖ-ਵੱਖ ਨਾਂ: ਹਦਵਾਣਾ, ਤਰਬੂਜ਼, ਮਤੀਰਾ ਤੋਂ ਵੀ ਮਸ਼ਹੂਰ ਹੈ। ਤਰਬੂਜ਼ ਦੇ 100 ਗ੍ਰਾਮ ਟੁਕੜੇ ਤੋਂ : ਐਨਰਜੀ-127 ਕੇਜੀ (30 ਕੇ.ਸੀ.ਐੱਲ.), ਕਾਰਬੋਹਾਈਡ੍ਰੇਟ-7.55 ਗ੍ਰਾਮ, ਸ਼ੂਗਰ-6.2 ਗ੍ਰਾਮ, ਫਾਈਬਰ-0.4 ਗ੍ਰਾਮ, ਚਰਬੀ-0.15 ਗ੍ਰਾਮ, ਪ੍ਰੋਟੀਨ-0.61 ਗ੍ਰਾਮ, ਤੇ ਵਿਟਾਮਿਨ ਮਾਤਰਾ- % ਡੀ.ਵੀ: ਵਿਟਾਮਿਨ-ਏ ਸਮਤੋਲ, ਬੀਟਾ-ਕੈਰੋਟੀਨ-3%, 28 ਯੂਜੀ, ਥਿਆਮੀਨ-3%, ਰਿਬੋਫਲੇਵਿਨ- ਬੀ2-2%, ਨਿਆਸੀਨ ਬੀ 3-1%, ਪੈਂਟੋਥੈਨਿਕ ਐਸਿਡ ਬੀ5-4%, ਵਿਟਾਮਿਨ ਬੀ6-3%, ਚੋਲੀਨ-1%, ਵਿਟਾਮਿਨ ਸੀ-9%, ਖਣਿਜ, ਮਾਤਰਾ, ਕੈਲਸ਼ੀਅਮ-1%, ਲੋਹਾ-1%, ਮੈਗਸ਼ੀਅਮ-2%, ਮੈਂਗਨੀਜ਼-2%, ਫਾਸਫੋਰਸ-1%, ਪੋਟਾਸ਼ੀਅਮ-4%, ਸੋਡੀਅਮ-0%, ਜ਼ਿੰਕ-1%, ਪਾਣੀ-91.5%, ਅਤੇ ਲਾਈਕੋਪੀਨ-4532 ਯੂਜੀ ਵਗੈਰਾ ਪੋਸ਼ਟਿਕ ਤੱਤ ਮਿਲ ਜਾਂਦੇ ਹਨ। ਮੌਸਮ ਦੇ ਮੁਤਾਬਿਕ ਹੈਲਦੀ ਰਹਿਣ ਲਈ ਸਰੀਰ ਦਾ ਹਾਈਡਰੇਟਿਡ ਰਹਿਣਾ ਜ਼ਿਆਦਾ ਮਹੱਤਵਪੂਰਨ ਹੈ। ਸਰੀਰ ਦੇ ਤਾਪਮਾਨ ਦਾ ਨਿਯਮ, ਅੰਗਾਂ ਦਾ ਆਮ ਕੰਮ, ਸੈੱਲਾਂ ਨੂੰ ਪੌਸ਼ਟਿਕ ਤੱਤਾਂ ਦੀ ਸਪੁਰਦਗੀ ਅਤੇ ਸੁਚੇਤਤਾ ਕੇਵਲ ਕੁੱਝ ਸਰੀਰਕ ਪ੍ਰਕਿਰਿਆਵਾਂ ਹਨ, ਜੋ ਭਰੋਸੇਯੋਗ ਸਾਧਨ ਦੀ ਲੋੜੀਂਦੀ ਹਾਈਡਰੇਸ਼ਨ 'ਤੇ ਨਿਰਭਰ ਕਰਦੀਆਂ ਹਨ। ਉੱਚ ਪਾਣੀ ਦੀ ਸਮੱਗਰੀ ਵਾਲੇ ਭੋਜਨ ਖਾਣ ਨਾਲ ਤੁਹਾਡੇ ਸਰੀਰ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਪਾਣੀ ਦੇਣ 'ਚ ਮਦਦ ਮਿਲ ਸਕਦੀ ਹੈ। ਕਿਉਂਕਿ ਤਰਬੂਜ਼ ਜ਼ਿਆਦਾਤਰ ਪਾਣੀ ਭਰੋਸੇਮੰਦ ਸਾਧਨ ਹੈ, ਇਹ ਰੋਜ਼ਾਨਾਂ ਪਾਣੀ ਦੇ ਸੇਵਨ ਲਈ ਇੱਕ ਵਧੀਆ ਵਿਕਲਪ ਵਜੋਂ ਕੰਮ ਕਰ ਸਕਦਾ ਹੈ। ਪਾਣੀ ਦੀ ਸਮੱਗਰੀ ਦਾ ਇਹ ਮਤਲਬ ਹੈ ਕਿ ਇਸ ਤਰਬੂਜ਼ 'ਚ ਘੱਟ ਕੈਲੋਰੀ ਘਣਤਾ ਹੈ। ਦੂਜੇ ਸ਼ਬਦਾਂ 'ਚ, ਇਸ ਦੇ ਕੁੱਲ ਭਾਰ ਲਈ ਬਹੁਤ ਘੱਟ ਕੈਲੋਰੀਆਂ ਹਨ। ਤਰਬੂਜ਼ ਵਰਗੇ ਘੱਟ ਕੈਲੋਰੀ ਘਣਤਾ ਵਾਲੇ ਭੋਜਨ ਖਾਣ ਨਾਲ



ਤੁਹਾਨੂੰ ਜ਼ਿਆਦਾ ਦੇਰ ਤੱਕ ਭਰਿਆ ਮਹਿਸੂਸ ਕਰਦੇ ਹੋਏ ਭਾਰ ਪ੍ਰਬੰਧਨ 'ਚ ਹੈਲਪ ਮਿਲ ਸਕਦੀ ਹੈ।

## ਗੁਣਾਂ ਦੀ ਖਾਣ ਹੈ ਤਰਬੂਜ਼:

- ਤਰਬੂਜ਼ ਅੰਦਰ ਮੌਜੂਦ ਸਿਰੂਟੀਨ 'ਤੇ ਇੱਕ ਅਮੀਨੋ ਐਸਿਡ ਜੋ ਵਰਕ-ਆਊਟ ਪ੍ਰਾਪਰ ਕਰਨ 'ਚ ਮਦਦ ਕਰ ਸਕਦਾ ਹੈ। ਐਮੀਨੋ-ਐਸਿਡ ਸਰੀਰ ਅੰਦਰ ਨਾਈਟ੍ਰਿਕ ਆਕਸਾਈਡ ਦੇ ਪੱਧਰ ਨੂੰ ਵਧਾ ਸਕਦਾ ਹੈ ਅਤੇ ਬਲੱਡ-ਪ੍ਰੈਸ਼ਰ ਘੱਟ ਕਰਨ ਲਈ ਖੂਨ ਦੀਆਂ ਨਾੜੀਆਂ ਨੂੰ ਫੈਲਾਉਣ 'ਚ ਮਦਦ ਕਰਦਾ ਹੈ।
- ਤੰਦਰੁਸਤ ਸਰੀਰ ਤੇ ਮਨ ਲਈ ਵਿਟਾਮਿਨ-ਸੀ, ਕੈਰੋਟੀਨੋਇਡਜ਼, ਲਾਈਕੋਪੀਨ ਅਤੇ ਕੁਕਰਵਿਟਾਸਿਨ-ਈ ਸਮੇਤ ਐਂਟੀਆਕਸੀਡੈਂਟ ਦਾ ਮਿਸ਼ਰਨ ਭਰੋਸੇਮੰਦ ਸਰੋਤ ਮੁਕਤ ਰੈਡੀਕਲਜ਼ ਦਾ ਮੁਕਾਬਲਾ ਕਰਨ 'ਚ ਮਦਦ ਕਰਦੇ ਹਨ, ਜੋ ਅਸਥਿਰ ਅਣੂ ਹਨ, ਜੋ ਤੁਹਾਡੇ ਸੈੱਲਾਂ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ। ਜੇਕਰ ਉਹ ਤੁਹਾਡੇ ਸਰੀਰ ਅੰਦਰ ਇੱਕਠੇ ਹੁੰਦੇ ਹਨ। ਸਮੇਂ ਦੇ ਨਾਲ-ਨਾਲ ਇਹ ਨੁਕਸਾਨ ਸ਼ੂਗਰ, ਦਿਲ ਦੀ ਬਿਮਾਰੀ ਤੇ ਕੈਂਸਰ ਵਰਗੇ ਹਾਲਾਤ ਵੀ ਬਣ ਸਕਦੇ ਹਨ।
- ਲਾਈਕੋਪੀਨ ਸਰੀਰ ਅੰਦਰ ਜਾਣ ਨਾਲ ਪ੍ਰੋਸਟੇਟ ਟਰੱਸਟਡ ਸੋਰਸ ਅਤੇ ਕੋਲੋਰੈਕਟਲ ਟਰੱਸਟਡ ਸੋਰਸ ਕੈਂਸਰ ਦਾ ਖਤਰਾ ਕੁੱਝ ਹੱਦ ਤੱਕ ਘੱਟ ਸਕਦਾ ਹੈ।
- ਮੰਨਿਆ ਜਾ ਰਿਹਾ ਹੈ ਕਿ ਲਾਈਕੋਪੀਨ ਇਨਸੁਲਿਨ ਵਰਗੇ ਗਰੋਥ ਫੈਕਟਰ ਦੇ ਭਰੋਸੇਮੰਦ ਸਰੋਤ ਖੂਨ ਦੇ ਪੱਧਰਾਂ ਨੂੰ ਘਟਾ ਕੇ ਕੰਮ ਕਰਦੀ ਹੈ। ਇੱਕ ਹਾਰਮੋਨ ਜੋ ਸੈੱਲ ਡਿਵੀਜ਼ਨ ਨੂੰ ਉਤਸ਼ਾਹਿਤ ਕਰਦਾ ਹੈ। ਖਾਸ ਤੌਰ 'ਤੇ ਕੈਂਸਰ ਉਦੋਂ ਬਣਦਾ ਹੈ, ਜਦੋਂ ਸੈੱਲ ਡਿਵੀਜ਼ਨ ਬੇਕਾਬੂ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੁਕੁਰ ਵਿਟਾਸਿਨ-ਈ ਕੈਂਸਰ ਸੈੱਲਾਂ ਨੂੰ ਖਤਮ ਕਰਨ ਅਤੇ ਹਟਾਉਣ ਦੀ ਸਰੀਰਕ ਪ੍ਰਕਿਰਿਆ ਨੂੰ ਵਧਾਵਾ ਦੇ ਕੇ ਭਰੋਸੇਯੋਗ ਸਰੋਤ ਟਿਊਮਰ ਦੇ ਵਿਕਾਸ ਨੂੰ ਰੋਕਣ 'ਚ ਹੈਲਪ ਕਰ ਸਕਦਾ ਹੈ।
- ਤਰਬੂਜ਼ ਅੰਦਰ ਮੌਜੂਦ ਤੱਤ ਅਲਜ਼ਾਈਮਰ ਰੋਗ ਦੀ ਸ਼ੁਰੂਆਤ ਨੂੰ ਡਿਲੇਅ ਕਰ ਸਕਦਾ ਹੈ। ਉਮਰ ਦੇ ਮੁਤਾਬਿਕ ਵਿਅਕਤੀ ਜ਼ਿਆਦਾ ਦੇਰ ਤੱਕ ਗੱਲਾਂ ਨੂੰ ਯਾਦ ਰੱਖ ਸਕਦਾ ਹੈ।
- ਵਾਟਰਮੈਲਨ ਗਰਮ ਮੌਸਮ 'ਚ ਡੇਲੀ ਇਸਤੇਮਾਲ ਕਰਨ ਨਾਲ ਸਟ੍ਰੈਸ ਅਤੇ ਮਾਨਸਿਕ ਕਮਜ਼ੋਰੀ ਤੋਂ ਬਚਿਆ ਜਾ ਸਕਦਾ ਹੈ। ਹਮੇਸ਼ਾ ਨਮਕ-ਕਾਲੀ ਮਿਰਚ ਛਿੜਕ ਕੇ ਖਾਣਾ ਚਾਹੀਦਾ ਹੈ। ਇਸ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਛੇਤੀ ਗੁੱਸਾ ਨਹੀਂ ਆਉਂਦਾ।
- ਐਂਟੀਆਕਸੀਡੈਂਟ ਤੱਤ ਸਰੀਰ ਅੰਦਰ ਲਗਾਤਾਰ ਰਹਿਣ ਵਾਲੀ ਸੋਜ਼ਿਸ਼ ਵੀ ਘੱਟ ਜਾਂਦੀ ਹੈ। ਬੀਟਾ-ਕ੍ਰਿਪਟੋਕਸੈਂਥਿਨ ਨਾਮਕ ਇੱਕ ਕੁਦਰਤੀ ਪਿਗਮੈਂਟ ਹੁੰਦਾ ਹੈ, ਜੋ ਜੋੜਾਂ ਨੂੰ ਸੋਜ਼ ਤੋਂ ਬਚਾ ਸਕਦਾ ਹੈ। ਘੱਟ ਸੋਜ਼ਿਸ਼ ਗਠੀਆ ਅਤੇ ਹੱਡੀਆਂ ਨੂੰ ਕਮਜ਼ੋਰ ਹੋਣ ਤੋਂ ਬਚਾਉਂਦਾ ਹੈ।
- ਇਸ ਦਾ ਸੇਵਨ ਕਰਨ ਨਾਲ ਮੈਕੂਲਰ ਡੀਜਨਰੇਸ਼ਨ ਨੂੰ ਰੋਕਣ 'ਚ ਮਦਦ ਮਿਲਦੀ ਹੈ। ਉਮਰ ਨਾਲ ਜੁੜੀ ਮੈਕੂਲਰ ਡੀਜਨਰੇਸ਼ਨ ਇੱਕ ਅੱਖਾਂ ਦੀ ਆਮ ਸਮੱਸਿਆ ਹੈ, ਜੋ ਬਜ਼ੁਰਗਾਂ ਤੇ ਬਾਲਗਾਂ 'ਚ ਅੰਨ੍ਹੇਪਨ ਦਾ ਕਾਰਨ ਬਣ ਸਕਦੀ ਹੈ।

* ਹੈਲਦੀ ਚਮੜੀ ਲਈ ਡੇਲੀ ਸਵੇਰੇ ਖਾਲੀ ਪੇਟ 1 ਕਟੋਰੀ ਤਰਬੂਜ਼ ਫਲ ਦੇ ਟੁਕੜੇ ਬਰਫ ਮਿਕਸ਼ੀ 'ਚ ਘੁਮਾਓ ਤੇ ਪੀਓ। ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਸਰੀਰ ਨੂੰ ਕੋਲੋਜਨ ਬਣਾਉਣ 'ਚ ਮਦਦ ਕਰਦਾ ਹੈ। ਇੱਕ ਪ੍ਰੋਟੀਨ ਜੋ ਚਮੜੀ ਨੂੰ ਮੁਲਾਇਮ ਅਤੇ ਵਾਲਾਂ ਨੂੰ ਮਜ਼ਬੂਤ ਬਣਾਉਂਦਾ ਹੈ। ਚਮੜੀ ਦੇ ਸੈੱਲਾਂ ਨੂੰ ਬਣਾਉਣ 'ਚ ਅਤੇ ਮੁਰੰਮਤ ਕਰਨ 'ਚ ਮਦਦ ਮਿਲਦੀ ਹੈ।
* ਕਬਜ਼ ਦੀ ਹਾਲਤ 'ਚ ਰੋਜ਼ਾਨਾ 1-1 ਕਟੋਰੀ 2-3 ਵਾਰ ਫੱਲ ਦੇ ਟੁਕੜੇ ਤੇ ਬਰਫ ਮਿਲਾ ਕੇ ਮਿਕਸੀ ਵਾਲਾ ਜੂਸ ਪੂਰੀ ਸਮਰ ਇਸਤੇਮਾਲ ਕਰੋ। ਤਰਬੂਜ਼ ਅੰਦਰ ਮੌਜੂਦ ਕਾਫੀ ਮਾਤਰਾ ਵਿਚ ਪਾਣੀ, ਤੇ ਫਾਈਬਰ ਅੰਤੜੀਆਂ ਨੂੰ ਹਮੇਸ਼ਾ ਐਕਟਿਵ ਰੱਖਦਾ ਹੈ। ਪਾਣੀ ਵਧੇਰੇ ਕੁਸ਼ਲਤਾ ਨਾਲ ਪਾਚਨ ਟ੍ਰੈਕਟ 'ਚ ਰਹਿੰਦ-ਖੂੰਹਦ ਨੂੰ ਭੇਜਣ 'ਚ ਹੈਲਪ ਕਰਦਾ ਹੈ।
* ਵਿਆਹ ਤੋਂ ਬਾਅਦ ਬੱਚੇ ਦੀ ਪਲੈਨਿੰਗ ਕਰਨ ਵਾਲੇ ਤਰਬੂਜ਼ ਜੂਸ ਜਾਂ ਸਲਾਦ ਦੀ ਸ਼ਕਲ 'ਚ ਫਲ ਦੇ ਟੁੱਕੜੇ ਗਰਮ ਮੌਸਮ 'ਚ ਇਸਤੇਮਾਲ ਕਰ ਸਕਦੇ ਹਨ।

ਨੋਟ: ਡਾਇਬਟੀਜ਼ ਦੇ ਰੋਗੀ, ਪੁਰਾਣੀ ਖੰਘ, ਗਰਭਵਤੀ ਔਰਤਾਂ ਜਾਂ ਕਿਸੇ ਚੱਲ ਰਹੇ ਰੋਗ ਦੀ ਹਾਲਤ 'ਚ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਵੋ।


11 ਜੂਨ ਵਿਸ਼ੇਸ਼

# ਭਗਤ ਕਬੀਰ ਜੀ

## (ਜਨਮ ਦਿਹਾੜਾ 1440)

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ (ਯੂ.ਐੱਸ.ਏ.)
510-415-9377
ਪੰਜਾਬ ਮੇਲ USA





ਅੱਠਵੀਂ ਸਦੀ ਮੱਧਕਾਲੀਨ ਕਾਲ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਭਗਤੀ ਲਹਿਰ ਦੇ ਭਗਤਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਭਗਤਾਂ ਨੇ ਸੰਤ-ਲੋਕ ਭਾਸ਼ਾ ਵਿਚ ਅਧਿਆਤਮਕ ਉਪਦੇਸ਼ ਦਿੱਤਾ। ਨਾਥ-ਜੋਗੀਆਂ ਅਤੇ ਸੂਫੀਆਂ ਦੇ ਰੰਗ ਵਿਚ ਆਪਣੀ ਰਚਨਾ ਨੂੰ ਗਾਇਆ। ਦੂਰ-ਦੂਰ ਤੱਕ ਪ੍ਰਚਾਰ ਭਰਮਣ ਕਰਦੇ ਰਹਿਣ ਨਾਲ ਭਗਤਾਂ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਗੁਰਮਤਿ ਵਿਚਾਰਧਾਰਾ ਕਰਕੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰਯੋਗ ਸਥਾਨ ਮਿਲਿਆ। ਕਾਵਿ-ਰਚਨਾ ਨਿਰਮਾਣ ਅਤੇ ਸਰਗੁਣ ਵਿਚ ਵੰਡੀ ਹੋਈ ਸੀ। ਨਿਰਗੁਣ ਧਾਰਾ ਵਿਚ ਭਗਤ ਰਵਿਦਾਸ ਅਤੇ ਕਬੀਰ ਜੀ ਪ੍ਰਮੁੱਖ ਆਗੂ ਹੋਏ ਹਨ, ਜੋ ਨਿਰੰਕਾਰ ਨੂੰ ਸਿਮਰਦੇ ਹਨ। ਗੁਰਬਾਣੀ ਵਿਚ ਭਗਤਾਂ 'ਤੇ ਕ੍ਰਿਪਾ ਹੋਈ ਹੈ ਕਿ:-

ਪ੍ਰਭੂ ਨੇ ਭਗਤ ਜਨਾਂ ਤੋਂ ਆਪ ਹੀ ਆਪਣੀ ਭਗਤੀ ਕਰਾ ਕੇ, ਭਗਤੀ ਦੀ ਬਰਕਤ ਨਾਲ ਉਨ੍ਹਾਂ ਨੂੰ ਆਪਣੀ ਵਡਿਆਈ ਵਿਖਾਲੀ ਹੈ। ਪ੍ਰਭੂ ਭਗਤਾਂ ਦੇ ਹਿਰਦੇ ਵਿਚ ਆਪਣਾ ਭਰੋਸਾ ਆਪ ਉਤਪੰਨ ਕਰਦਾ ਹੈ। ਉਨ੍ਹਾਂ ਤੋਂ ਸੇਵਾ ਆਪ ਹੀ ਕਰਾਈ ਹੈ। ਉਹ ਆਪ ਹੀ ਭਗਤਾਂ ਨੂੰ ਆਪਣੇ ਭਜਨ ਦਾ ਆਨੰਦ ਬਖਸ਼ਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਹਿਰਦੇ ਵਿਚ ਅਡੋਲ ਟਿਕਾ ਰੱਖਿਆ ਹੈ। ਪਰ ਪਾਪੀਆਂ ਨੂੰ ਅਡੋਲ-ਚਿੱਤ ਨਹੀਂ ਰਹਿਣ ਦਿੰਦਾ। ਚੁਣ ਕੇ ਉਨ੍ਹਾਂ ਨੂੰ ਘੋਰ ਨਰਕ ਵਿਚ ਪਾ ਦਿੱਤਾ ਹੈ। ਭਗਤ ਜਨਾਂ ਨੂੰ ਪਿਆਰ ਕਰਦਾ ਹੈ। ਉਨ੍ਹਾਂ ਦਾ ਪੱਖ ਕਰਕੇ ਉਸ ਨੇ ਆਪ ਉਨ੍ਹਾਂ ਨੂੰ ਵਿਕਾਰਾਂ ਤੋਂ ਬਚਾਇਆ ਹੈ।

**ਭਗਤ ਕਬੀਰ ਦਾਸ ਜੀ ਦਾ ਜੀਵਨ:-** ਪੁਰਾਤਨ ਇਤਿਹਾਸ ਵਿਚ ਕਬੀਰ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਹਿੰਦੂ ਧਰਮ ਵਿਚ ਹੋਇਆ, ਪਰ ਉਨ੍ਹਾਂ ਨੂੰ ਨੀਰੂ ਮੁਸਲਮਾਨ ਜੁਲਾਹਾ ਅਤੇ ਉਸ ਦੀ ਪਤਨੀ ਗੋਦ ਲੈ ਲਿਆ। ਜਨਮ 1398 ਦਾ ਮੰਨਿਆ ਜਾਂਦਾ ਹੈ। ਆਪ ਜੀ ਦਾ ਨਾਮ ਕਬੀਰ ਦਾਸ ਰੱਖਿਆ ਗਿਆ। ਪਾਲਣ-ਪੋਸ਼ਣ ਇਸਲਾਮਿਕ ਸੱਭਿਆਚਾਰਕ ਢੰਗ ਨਾਲ ਹੋਇਆ। ਭਾਵੇਂ ਸੰਸਕਾਰਣ ਵਜੋਂ ਆਪ ਹਿੰਦੂ ਸਨ। ਕਿੱਤੇ ਵਜੋਂ ਪਿਤਾ-ਪੁਰਖੀ ਜੁਲਾਹਾ ਦਾ ਕੰਮ ਕੀਤਾ। ਆਪ ਜੀ ਦੀ ਧਰਮ ਪਤਨੀ ਦਾ ਨਾਮ ਲੋਈ ਸੀ। ਆਪ ਜੀ ਦੇ ਪੁੱਤਰ ਕਮਲ ਅਤੇ ਧੀ ਕਮਲੀ ਹੋਏ ਹਨ।

ਆਪ ਜੀ ਨੇ ਪ੍ਰਭੂ ਦਾ ਸਿਮਰਨ ਦ੍ਰਿੜ੍ਹਤਾ, ਵਿਸ਼ਵਾਸ ਤੇ ਲਗਨ ਨਾਲ ਕੀਤਾ। ਸਿਮਰਨ ਰਾਹੀਂ ਪ੍ਰਭੂ ਨਾਲ ਇਕੱਮਿਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਹੁਣ ਉੱਚੇ ਆਤਮਿਕ ਟਿਕਾਣੇ 'ਤੇ ਅੱਪੜ ਗਿਆ ਹਾਂ। ਜਿੱਥੇ ਮੈਨੂੰ ਪ੍ਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇਕ-ਰੂਪ ਹੋ ਗਏ ਹਾਂ। ਕੋਈ ਸਾਡੇ ਵਿਚ ਫਰਕ ਨਹੀਂ ਦੱਸ ਸਕਦਾ। (ਅੰਗ : 969)। ਭਗਤ ਕਬੀਰ ਜੀ ਪ੍ਰਮਾਣਿਕ ਕ੍ਰਾਂਤੀਕਾਰੀ ਲੋਕ ਕਵੀ ਸਨ। ਉਨ੍ਹਾਂ ਨੇ ਸਮਾਜ ਨੂੰ ਵਅੰਗਮਈ ਢੰਗ ਨਾਲ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਮੌਖਿਕ ਅਤੇ ਲਿਖਤੀ ਰੂਪ ਵਿਚ ਮਿਲਦੀਆਂ ਹਨ। ਉਨ੍ਹਾਂ ਨੇ ਸਮਾਜਿਕ ਵਰਣ-ਵੰਡ ਨੂੰ ਨਹੀਂ ਸਵਿਕਾਰਿਆ। ਰੂੜੀਵਾਦੀ, ਕੱਟੜਪੰਥੀ, ਜਾਤੀਵਾਦ ਵਿਤਕਰੇ ਦਾ ਜ਼ੋਰਦਾਰ ਖੰਡਨ ਕੀਤਾ। ਉਨ੍ਹਾਂ ਨੇ ਇਨਕਲਾਬੀ ਢੰਗ ਨਾਲ ਸਮਾਜ ਦੀ ਦੁਰਦਸ਼ਾ ਨੂੰ ਬਦਲਿਆ। ਕਰਮਕਾਂਡਾਂ ਵਿਚੋਂ ਮਨੁੱਖਤਾ ਨੂੰ ਕੱਢ ਕੇ ਪ੍ਰਮਾਤਮਾ ਵੱਲ ਨਿਸ਼ਚਾ ਅਤੇ ਸ਼ਰਧਾ ਦਾ ਮਾਰਗ ਦਿੱਤਾ। ਮਨੁੱਖੀ ਜੀਵਨ ਵਿਚ ਆਤਮਾ ਮਨ ਦੇ ਦੁਖਾਂ ਦਾ ਨਾਸ਼ ਕਰਨ ਲਈ ਸਮਾਜਿਕ ਚੇਤਨਾ ਪ੍ਰਦਾਨ ਕਰਦੀ ਬਾਣੀ ਨਾਲ ਜੋੜਿਆ। ਆਪ ਜੀ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਧਾਰਨ ਬੋਲੀ ਅਤੇ ਰੋਜ਼ਮਰਾ ਜ਼ਿੰਦਗੀ ਵਿਚ ਵਿਚਰਦਿਆਂ ਅਨੁਭਵਾਂ 'ਤੇ ਆਧਰਿਤ ਹੈ। ਸਮਾਜ ਵਿਚ ਕੱਟੜਪੰਥੀਆਂ 'ਤੇ ਖੁੱਲ੍ਹ ਕੇ ਵਿਅੰਗਮਈ ਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੱਚੇ ਪ੍ਰਮਾਤਮਾ ਵਿਚ ਵਿਸ਼ਵਾਸ ਰੱਖੋ, ਨਾ ਕਿ ਪਾਖੰਡੀਆਂ ਦੇ ਝੂਠੇ ਕਰਮਕਾਂਡਾਂ ਵਿਚ ਫਸ ਕੇ ਰਹਿ ਜਾਇਉ। ਆਪ ਕਹਿਣੀ ਅਤੇ ਕਥਨੀ ਦੇ ਇਕ ਸਨ। ਉਹ ਇਕ ਨਿਡਰ ਪ੍ਰਚਾਰਕ ਸਨ।

ਆਪ ਜੀ ਦੀ ਭਗਤੀ ਦਾ ਮਾਰਗ ਬੜਾ ਕਠਿਨ ਰਿਹਾ। ਕਿਉਂਕਿ ਹਕੂਮਤ ਆਪ ਜੀ ਦੇ ਖਿਲਾਫ ਸੀ। ਆਪ ਜੀ ਦਾ ਉਪਦੇਸ਼ ਹਿੰਦੂ, ਮੁਸਲਮਾਨ ਦੋਨੋਂ ਹੁੰਮਹੁਮਾ ਕੇ ਸੁਣਨ ਲੱਗੇ। ਮੁਸਲਮਾਨ ਆਪ ਜੀ ਨੂੰ ਸੂਫੀ ਕਹਿੰਦੇ ਸਨ। ਹਿੰਦੂ ਆਪ ਜੀ ਨੂੰ ਸੰਤ ਕਹਿੰਦੇ ਸਨ। ਉਸ ਸਮੇਂ ਬਨਾਰਸ ਬ੍ਰਾਹਮਣਵਾਦ ਦਾ ਇਕ ਵੱਡਾ ਕੇਂਦਰ ਸੀ। ਉਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਕਬੀਰ ਦਾ ਵੱਡਾ ਨਾਉਂ ਸੀ। ਕਬੀਰ ਜੀ ਦੇ ਉਪਦੇਸ਼ ਤੋਂ ਬ੍ਰਾਹਮਣ ਦੁਖੀ ਸਨ। ਉਨ੍ਹਾਂ ਦੇ ਪਾਖੰਡ ਦੇ ਭੇਦ ਖੁੱਲ੍ਹਦੇ ਸਨ। ਉਨ੍ਹਾਂ ਮਖੌਲ ਉਡਾਇਆ ਕਿ ਕਬੀਰ ਭ੍ਰਿਸ਼ਟ ਅਤੇ ਨੀਚ ਜਾਤ ਦੇ ਲੋਕਾਂ ਨੂੰ ਸਿੱਖਿਆ ਦੇਣ ਲੱਗਾ ਹੈ। ਆਪ ਜੀ ਦੇ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਗਈ।

ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਬਾਦਸ਼ਾਹ ਸਿਕੰਦਰ ਲੋਧੀ ਕੋਲ ਸ਼ਿਕਾਇਤ ਕੀਤੀ ਕਿ ਇਕ ਮੁਸਲਮਾਨ ਹੋ ਕੇ ਰਾਮ ਦਾ ਜਾਪ ਕਰਦਾ ਹੈ। ਬਾਦਸ਼ਾਹ ਨੇ ਰਾਮ ਦਾ ਨਾਉਂ ਲੈਣ ਤੋਂ ਰੋਕਿਆ। ਪਰ ਕਬੀਰ ਜੀ ਨੇ ਸਾਫ ਇਨਕਾਰ ਕਰ ਦਿੱਤਾ। "ਕਹਿ ਕਬੀਰ ਰਾਜਾ ਰਾਮ ਨਾ ਛੋਡਓ ਸਗਲ ਊਚ ਤੇ ਊਚਾ॥" (ਅੰਗ : 338) ਮੁਗਲ ਹਾਕਮਾਂ ਦੀ ਆਦਤ ਅਨੁਸਾਰ ਕਈ ਲਾਲਚ, ਡਰਾਵੇ ਅਤੇ ਤਸੀਹੇ ਦੇਣ ਦੀ ਧਮਕੀ ਦਿੱਤੀ। ਜ਼ਿੰਦਾ ਸਾੜਨ ਦਾ ਹੁਕਮ ਤੱਕ ਦਿੱਤਾ। ਬਾਦਸ਼ਾਹ ਨੇ ਹਰ ਫਰੇਬੀ ਚਾਲ ਚੱਲੀ। ਹਰ ਵੰਗਾਰ ਨੂੰ ਨਿਸ਼ਚੈ, ਭਰੋਸੇ ਅਤੇ ਦ੍ਰਿੜ੍ਹਤਾ ਨਾਲ ਸਵਿਕਾਰਿਆ। ਜਦੋਂ ਬਾਦਸ਼ਾਹ ਦੀ ਇਕ ਨਾ ਚੱਲੀ, ਤਾਂ ਕਬੀਰ ਜੀ ਨੂੰ ਛੱਡ ਦਿੱਤਾ।

ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 17 ਰਾਗਾਂ ਵਿਚ ਦਰਜ ਹੈ। ਜਿਵੇਂ:- 219 ਸ਼ਬਦ, 247 ਸਲੋਕ, ਇਕ ਬਾਵਨ ਅੱਖਰੀ, ਇਕ ਪੰਦਰਾਂ ਥਿਤੀ, ਇਕ ਸਤਵਾਰੇ ਤੇ ਵਾਰਾਂ ਤੇ ਵਧੀਕ ਸਲੋਕ ਹਨ। ਆਪ ਜੀ ਦੀ ਬਾਣੀ ਦੇ ਕੁੱਝ ਹਵਾਲੇ ਹਨ। 'ਜਗਤ ਵਿਚ ਜ਼ਿੰਦਗੀ ਅਜਿਹੀ ਹੀ ਹੈ, ਜਿਹਾ ਸੁਪਨਾ ਹੈ। ਜ਼ਿੰਦਗੀ ਸੁਪਨੇ ਵਰਗੀ ਹੀ ਹੈ। ਪਰ ਅਸਾਂ ਸਭ ਤੋਂ ਉੱਚੇ ਸੁਖਾਂ ਦੇ ਖਜ਼ਾਨੇ – ਪ੍ਰਭੂ ਨੂੰ ਛੱਡ ਕੇ ਇਸ ਸੁਪਨ-ਸਮਾਨ ਜੀਵਨ ਨੂੰ ਸਦਾ ਕਾਇਮ ਰਹਿਣ ਵਾਲਾ ਜਾਣ ਕੇ ਇਸ ਨੂੰ ਗੰਡ ਦੇ ਰੱਖੀ ਹੈ। ਹੇ ਬਾਬਾ! ਅਸਾਂ ਮਾਇਆ ਨਾਲ ਮੋਹ-ਪਿਆਰ ਪਾਇਆ ਹੋਇਆ ਹੈ। ਜਿਸ ਨੇ ਸਾਡਾ ਗਿਆਨ-ਰੂਪ ਹੀਰਾ ਚੁਰਾ ਲਿਆ ਹੈ'। (1) ਰਹਾਉ॥ ਭੰਬਟ ਅੱਖਾਂ ਨਾਲ ਦੀਵੇ ਦੀ ਲਾਟ ਦਾ ਰੂਪ ਵੇਖ ਕੇ ਭੁੱਲ ਜਾਂਦਾ ਹੈ। ਮੂਰਖ ਅੱਗ ਨੂੰ ਨਹੀਂ ਵੇਖਦਾ। ਤਿਵੇਂ ਹੀ ਮੂਰਖ ਜੀਵ ਸੋਨੇ ਅਤੇ ਇਸਤਰੀ ਦੇ ਮੋਹ ਵਿਚ ਫਸ ਕੇ ਮੌਤ ਦੀ ਫਾਹੀ ਨੂੰ ਚੇਤੇ ਨਹੀਂ ਰੱਖਦਾ। ਕਬੀਰ ਆਖਦਾ ਹੈ – 'ਹੇ ਭਾਈ ਤੂੰ ਵਿਕਾਰ ਛੱਡ ਦੇ ਅਤੇ ਪ੍ਰਭੂ ਨੂੰ ਚੇਤੇ ਕਰ। ਉਹੀ ਇਸ ਸੰਸਾਰ ਸਮੁੰਦਰ ਵਿਚੋਂ ਤਾਰਨ ਲਈ ਜਹਾਜ਼ ਹੈ। ਉਹ ਸਾਡੇ ਜੀਵਨ ਦਾ ਆਸਰਾ ਹੈ। ਪ੍ਰਭੂ ਦਾ ਆਸਰਾ ਐਸਾ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ'। (ਅੰਗ : 482)

'ਹੇ ਭਾਈ! ਕਿਸੇ ਪਸ਼ੂ-ਜੂਨ ਵਿਚ ਪੈ ਕੇ ਜਦੋਂ ਤੇਰੇ ਚਾਰ ਪੈਰ, ਦੋ ਸਿੰਙ ਹੋਣਗੇ ਤੇ ਮੂੰਹੋਂ ਗੂੰਗਾ ਹੋਵੇਂਗਾ। ਤਦੋਂ ਤੂੰ ਕਿਸ ਤਰ੍ਹਾਂ ਪ੍ਰਭੂ ਦੇ ਗੁਣ ਗਾ ਸਕੇਂਗਾ? ਉਠਦਿਆਂ, ਬੈਠਦਿਆਂ ਤੇਰੇ ਸਿਰ ਉੱਤੇ ਸੋਟਾ ਪਏਗਾ। ਤਦੋਂ ਤੂੰ ਕਿੱਥੇ ਸਿਰ ਲੁਕਾਏਂਗਾ? ਹੇ ਭਾਈ, ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਬਲਦ ਆਦਿ ਪਸ਼ੂ ਬਣਕੇ ਪਰ-ਅਧੀਨ ਹੋ ਜਾਏਂਗਾ। ਨੱਥ ਨਾਲ ਨੱਕ ਵਿੰਨਿਆ ਜਾਏਗਾ। ਕੰਨ ਜੂਲੇ ਨਾਲ ਫਿਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਏਂਗਾ। (ਰਹਾਓ) ਜੰਗਲ ਜੂਹ ਵਿਚ ਸਾਰਾ ਦਿਨ ਭਟਕਦਿਆਂ ਭੀ ਪੇਟ ਨਹੀਂ ਰੱਜੇਗਾ। ਹੁਣ ਐਸ ਵੇਲੇ ਤੂੰ ਭਗਤ ਜਨਾਂ ਦਾ ਬਚਨ ਨਹੀਂ ਮੰਨਦਾ। ਉਮਰ ਵਿਹਾ ਜਾਣ 'ਤੇ ਆਪਣਾ ਕੀਤਾ ਪਾਏਂਗਾ। ਹੁਣ ਭੈੜੇ ਹਾਲ ਵਿਚ ਦਿਨ ਗੁਜ਼ਾਰ ਕੇ ਕੁਰਾਹੇ ਗਰਕ ਹੋਇਆ ਹੋਇਆਂ ਹੈ। ਆਖਰ ਅਨੇਕ ਜੂਨਾਂ ਵਿਚ ਭਟਕੇਂਗਾ। ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਸ੍ਰੇਸ਼ਟ ਮਨੁੱਖਾ ਜਨਮ ਗੰਵਾ ਲਿਆ ਹੈ। ਇਹ ਸਮਾਂ ਫੇਰ ਕਿਤੇ ਨਹੀਂ ਮਿਲੇਗਾ। ਤੇਰੀ ਜ਼ਿੰਦਗੀ ਰੂਪ ਸਾਰੀ ਰਾਤ ਤੇਲੀ ਦੇ ਬਲਦ ਅਤੇ ਬਾਂਦਰ ਵਾਂਗ ਭਟਕਦਿਆਂ ਵਿਕਾਰਾਂ ਤੋਂ ਖਲਾਸੀ ਹਾਸਲ ਕਰਨ ਤੋਂ ਬਿਨਾਂ ਹੀ ਲੰਘ ਜਾਵੇਗੀ। ਕਬੀਰ ਆਖਦਾ ਹੈ ਕਿ ਪ੍ਰਭੂ ਦਾ ਨਾਮ ਭੁਲਾ ਕੇ ਆਖਰ ਸਿਰ ਮਾਰ ਕੇ ਪਛਤਾਵੇਂਗਾ'। – (ਅੰਗ : 524)

ਕਬੀਰ ਜੀ ਕਥਨ ਕਰਦੇ ਹਨ ਕਿ ਮੇਰੀ ਮਾਲਾ ਏਹੀ ਹੈ ਕਿ ਮੇਰੀ ਜ਼ੁਬਾਨ 'ਤੇ ਹਰ ਵੇਲੇ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਯੁੱਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਨ੍ਹਾਂ ਨੇ ਵੀ ਇਸ ਰਾਮ ਦੀ ਮਾਲਾ ਦੁਆਰਾ ਹੀ ਆਤਮ-ਸੁੱਖ ਪ੍ਰਾਪਤ ਕੀਤਾ ਹੈ'। (ਸਲੋਕ 1)

ਕਬੀਰ ਜੀ ਕਹਿੰਦੇ ਹਨ ਕਿ ਅਕਾਸ਼ ਵਿਚ ਬੱਦਲ ਛਾਇਆ ਹੋਇਆ ਹੈ। ਮੀਂਹ ਵਰ੍ਹੇ ਕਿ ਸਰੋਵਰ ਤੇ ਤਾਲ ਭਰ ਗਏ ਹਨ। ਪਰ ਪਪੀਹਾ ਫਿਰ ਟੀਂ-ਟੀਂ-ਟੀਂ ਕਰਦਾ ਤੇ ਇਕ ਬੂੰਦ ਨੂੰ ਤਰਸਦਾ ਰਹਿੰਦਾ ਹੈ। ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਕ ਪ੍ਰਮਾਤਮਾ ਨੂੰ ਛੱਡ ਕੇ, ਮਾਇਆ ਪਿੱਛੇ ਤਰਸਦੇ ਫਿਰਦੇ ਹਨ, ਉਨ੍ਹਾਂ ਦਾ ਕੀ ਹਾਲ ਹੋਵੇਗਾ? ਉਹ ਕਦੇ ਤ੍ਰਿਪਤ ਨਹੀਂ ਹੋ ਸਕਦੇ। (ਅੰਗ : 124)

ਕਬੀਰ ਜੀ ਫੁਰਮਾਉਂਦੇ ਹਨ 'ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ, ਤਾਂ ਪੱਕੇ ਗੁਰੂ ਨਾਲ ਖੇਡ। ਕਿਉਂਕਿ ਕੱਚੇ ਗੁਰੂ ਤੋਂ ਤਾਂ ਨਾ ਲੋਕ ਸੁੱਖ ਅਤੇ ਨਾ ਪਰਲੋਕ ਦਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਕੱਚੀ ਸਰ੍ਹੋਂ ਨੂੰ ਪੀੜਨ ਕਰਕੇ ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ, ਨਾ ਹੀ ਖੱਲ ਪ੍ਰਾਪਤ ਹੁੰਦੀ ਹੈ'। (ਸਲੋਕ 240)

ਕਬੀਰ ਜੀ ਨੇ ਆਪਣੀ ਕਾਵਿ-ਰਚਨਾ ਵਿਚ ਅਨੇਕ ਵੰਨਗੀਆਂ ਦਾ ਪ੍ਰਯੋਗ ਕੀਤਾ ਹੈ। ਉਹ ਭਾਸ਼ਾ ਦੇ ਧਨੀ ਸਨ। ਬਾਣੀ ਸਮਝਾਉਣ ਲਈ ਕਈ ਭਾਸ਼ਾਵਾਂ ਦੀ ਸ਼ਬਦਾਵਲੀ ਵਰਤੀ ਹੈ। ਕਬੀਰ ਜੀ ਇਕ ਸਮਾਜ ਸੁਧਾਰਕ ਕਵੀ ਮੰਨੇ ਜਾਂਦੇ ਹਨ। ਬਾਣੀ ਵਿਚੋਂ ਮਨੁੱਖ ਦੇ ਮੂਲ ਸਰੋਕਾਰ, ਸ੍ਰਿਸ਼ਟੀ ਦਾ ਪਸਾਰ, ਪ੍ਰਮਾਤਮਾ ਦੀ ਪ੍ਰਾਪਤੀ, ਅਧਿਆਤਮਕ ਸਾਧਨ, ਮਾਨਵੀ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ, ਜੀਵਨ ਜਾਚ, ਸਮਾਜਿਕ ਬਰਾਬਰੀ ਆਦਿ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਬੀਰ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੀ ਉਨ੍ਹਾਂ ਦੇ ਚੇਲਿਆਂ ਵੱਲੋਂ ਇਕੱਠੀ ਕੀਤੀ ਮਿਲਦੀ ਹੈ। ਸਮੁੱਚੀ ਰਚਨਾ ਪ੍ਰਭੂ ਮਿਲਾਪ ਲਈ ਅਧਿਆਤਮਕ ਸਾਧਨ ਦਾ ਉਪਦੇਸ਼ ਹੈ।

ਸੰਨ 1518 'ਚ 120 ਸਾਲ ਦੀ ਉਮਰ 'ਚ ਮਗਹਰ ਨਗਰ ਵਿਖੇ ਅਕਾਲ ਚਲਾਣਾ ਕਰ ਗਏ। ਅੰਤਲੇ ਸਮੇਂ ਇਹ ਭਰਮ ਦੂਰ ਕਰਨ ਲਈ ਕਿ ਮਗਹਰ ਵਿਚ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ। "ਜੈਸਾ ਮਗਹਰੁ ਤੈਸੀ ਕਾਸ਼ੀ ਹਮ ਏਕੈ ਕਰਿ ਜਾਨੀ॥" (ਅੰਗ : 969)

ਆਪ ਜੀ ਦੀ ਯਾਦ ਵਿਚ ਬਨਾਰਸ ਦੇ ਰਾਜਾ ਵੀਰ ਸਿੰਘ ਬਘੇਲਾ ਨੇ ਸਮਾਧ ਬਣਾਈ ਤੇ ਗੋਰਖਪੁਰ ਦੇ ਨਵਾਬ ਬਿਜਲੀ ਖਾਨ ਨੇ ਕਬਰ ਬਣਵਾਈ।

**ਅੰਤਿਕਾ:-** ਮੁਕਤੀ ਦੇ ਮਾਰਗ ਵੱਲ ਤੋਰਦੇ ਹੋਏ ਬਿਆਨ ਕਰਦੇ ਹਨ:- ਹੇ ਕਬੀਰ! ਗੰਗਾ ਆਦਿਕ ਤੀਰਥਾਂ ਦੇ ਸਾਫ ਜਲ ਦੇ ਕੰਢੇ ਰਿਹਾਇਸ਼ ਰੱਖਿਆ, ਤਾਂ ਕਾਮਾਦਿਕ ਵਿਕਾਰ ਖਲਾਸੀ ਨਹੀਂ ਕਰਦੇ। ਤੇ ਨਾ ਹੀ ਮਨ ਪਵਿੱਤਰ ਹੋ ਸਕਦਾ ਹੈ। ਪਰ ਜਦੋਂ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕੀਤਿਆਂ, ਮੇਰਾ ਮਨ ਗੰਗਾ ਦੇ ਸਾਫ ਪਾਣੀ ਵਰਗਾ ਪਵਿੱਤਰ ਹੋ ਗਿਆ, ਤਾਂ ਪ੍ਰਮਾਤਮਾ ਮੈਨੂੰ ਕਬੀਰ ਕਬੀਰ ਆਖ ਕੇ ਵਾਜਾਂ ਮਾਰਦਾ, ਮੇਰੇ ਪਿੱਛੇ ਤੁਰਿਆ ਫਿਰੇਗਾ। (ਅੰਗ : 1367)

# ਪ੍ਰਕਾਸ਼ ਦਿਹਾੜਾ, ਗੁਰੂ ਹਰਿਗੋਬਿੰਦ ਸਾਹਿਬ ਜੀ

-ਸਰਵਜੀਤ ਸਿੰਘ
ਸੈਕਰਾਮੈਂਟੋ
sarbjits@gmail.com
ਪੰਜਾਬ ਮੇਲUSA





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਕੈਲੰਡਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਹਾੜ ਵਦੀ 1, 30 ਜੇਠ, 12 ਜੂਨ ਦਰਜ ਹੈ। ਪਿਛਲੇ ਸਾਲ (556 ਨ: ਸ:) ਦੇ ਕੈਲੰਡਰ ਵਿਚ ਇਹ ਦਿਹਾੜਾ 9 ਹਾੜ, 22 ਜੂਨ ਦਾ ਦਰਜ ਸੀ। (ਯਾਦ ਰਹੇ ਕਮੇਟੀ ਨੇ ਆਪਣੇ ਕੈਲੰਡਰ ਵਿਚ ਵਦੀਆਂ-ਸੁਦੀਆਂ, ਇਸ ਸਾਲ ਹੀ ਦਰਜ ਕੀਤੀਆਂ ਹਨ) ਇਥੇ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਦੇ ਅੰਤਰ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਹਾੜ ਵਦੀ 1 ਨੂੰ ਮਨਾਉਂਦੀ ਹੈ।

ਹੈਰਾਨੀ ਹੋਈ ਜਦੋਂ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਵੇਖੀ, ਤਾਂ ਉਥੇ ਇਹ ਹਾੜ ਵਦੀ 7, 21 ਹਾੜ ਦਰਜ ਹੈ। **"Sri Guru Hargobind Sahib ji was born at village Guru ki Wadali (district Amritsar) on Harh Vadi 7 (21 Harh ) Samvat 1652 (19 th June 1595)". (sgpc.net)** ਇਨ੍ਹਾਂ ਦੋਵਾਂ ਤਾਰੀਖਾਂ ਵਿਚ ਇਕ ਹਫ਼ਤੇ ਦਾ ਫ਼ਰਕ ਹੋਣ ਕਾਰਨ, ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਆਓ ਵੇਖੀਏ ਕਿ ਸਹੀ ਤਾਰੀਖ ਕਿਹੜੀ ਹੈ?

ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਉੱਪਰ ਦਰਜ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ (19 ਜੂਨ 1595 ਈ: ਜੂਲੀਅਨ, ਵੀਰਵਾਰ) ਦਰਜ ਹੈ। ਜੇ ਕਮੇਟੀ ਦੇ ਕੈਲੰਡਰ ਮੁਤਾਬਕ ਵੇਖੀਏ ਤਾਂ ਇਹ, ਹਾੜ ਵਦੀ 1, 14 ਹਾੜ ਸੰਮਤ 1652 ਬਿਕ੍ਰਮੀ (12 ਜੂਨ 1595 ਈ: ਜੂਲੀਅਨ) ਦਿਨ ਵੀਰਵਾਰ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਲੱਖਾਂ ਦੀ ਗਿਣਤੀ ਵਿਚ ਛਾਪੀ ਜਾ ਚੁੱਕੀ, ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ "ਗੁਰਮਤਿ ਗਿਆਨ-ਦਰਜਾ ਦੂਜਾ" ਦੇ ਕਰਤਾ ਡਾ. ਇੰਦਰਜੀਤ ਸਿੰਘ ਗੋਗੋਆਣੀ ਲਿਖਦੇ ਹਨ, "ਪ੍ਰਕਾਸ਼:- 19 ਜੂਨ 1595 ਈ" (ਪੰਨਾ 8) ਹੁਣ ਜੇ ਇਸ ਅੰਗਰੇਜ਼ੀ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿਚ ਬਦਲੀ ਕਰੀਏ, ਤਾਂ ਇਹ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਹੀ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਹੀ ਛਾਪੀ ਗਈ, 'ਸ੍ਰੀ ਗੁਰੂ ਹਰਿਗੋਬੰਦ ਸਾਹਿਬ ਜੀ' (ਡਾ. ਜੋਧ ਸਿੰਘ) ਵਿਚ ਵੀ 21 ਹਾੜ ਹੀ ਦਰਜ ਹੈ। "ਵਡਾਲੀ ਵਿਖੇ ਹੀ ਸੰਮਤ 1652 (1595 ਈ:) ਦੇ ਇੱਕੀ ਹਾੜ ਨੂੰ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ"। (ਪੰਨਾ 6)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਇਕ ਹੋਰ ਪੁਸਤਕ, "ਸਿੱਖ ਇਤਿਹਾਸ' (ਪ੍ਰੋ: ਕਰਤਾਰ ਸਿੰਘ) ਵਿਚ ਵੀ 'ਹਾੜ ਵਦੀ 7, 21 ਹਾੜ ਸੰਮਤ 1652, ਮੁਤਾਬਕ 19 ਜੂਨ ਸੰਨ 1595" (ਪੰਨਾ 223) ਹੀ ਦਰਜ ਹੈ।

**'History And Philosophy of the Sikh Religion'** ਕਰਤਾ ਖਜਾਨ ਸਿੰਘ ਵੀ ਇਸੇ ਤਾਰੀਖ ਨਾਲ ਸਹਿਮਤ ਹੈ। **"Guru Arjan had only one son, Hargobind. He was born on 21st har Sambat 1652 (June 1595A.D.) at vadali in Amritsar District." (Page 126)**

"ਹਰਿਗੋਬਿੰਦ, ਗੁਰੂ (1595-1644): ਗੁਰੂ ਨਾਨਕ ਦੇਵ ਤੋਂ ਪਿੱਛੋਂ ਅਧਿਆਤਮਿਕ ਪੀੜ੍ਹੀ ਵਿਚੋਂ ਛੇਵੇਂ ਗੁਰੂ ਨੇ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਅੰਮ੍ਰਿਤਸਰ ਦੇ ਨੇੜੇ ਵਡਾਲੀ ਵਿਖੇ ਜਿਸ ਨੂੰ ਹੁਣ ਗੁਰੂ ਕੀ ਵਡਾਲੀ ਕਹਿੰਦੇ ਹਨ, ਹਾੜ੍ਹ ਵਦੀ 7, 1652 ਬਿਕਰਮੀ/19 ਜੂਨ 1595 ਈ. ਨੂੰ ਜਨਮ ਲਿਆ ਸੀ। (ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ)

ਕਵੀ ਸੰਤੋਖ ਸਿੰਘ ਵੀ 21 ਹਾੜ ਸੰਮਤ 1652 ਬਿ: ਹੀ ਲਿਖ ਰਿਹਾ ਹੈ। ਪਰ ਕਵੀ ਜੀ ਵੱਲੋਂ ਲਿਖਿਆ ਨਛੱਤਰ 'ਪੁੱਖ' ਸਹੀ ਨਹੀਂ ਹੈ। ਇਹ ਅੱਠਵਾਂ ਨਛੱਤਰ ਹੈ, ਜਦੋਂਕਿ 21 ਹਾੜ, ਹਾੜ ਵਦੀ 7 ( ਜੂਨ 19) ਨੂੰ ਛਬੀਵਾਂ ਨਛੱਤਰ 'ਉਤ੍ਰਾ ਭਾਦ੍ਰਪਦ' ਸੀ।

"ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕਸਵੀ ਕੋ ਦਿਨ ਸੋਊ।

ਜਾਮਨੀ ਆਧਿ ਬਿਤੀਤਿ ਭਈ ਜਬਿ ਪੁੱਖ ਨਿਚੱਤ ਸਮੇਂ ਤਬਿ ਹੋਊ।" (ਰਾਸ 3 ਅਧਿਆਇ 4)

ਡਾ. ਹਰਜਿੰਦਰ ਸਿੰਘ ਦਿਲਗੀਰ, ਭੱਟ ਵਹੀ 'ਮੁਲਤਾਨੀ ਸਿੰਧੀ' ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਜੀ ਦੀ ਕੁੱਖ ਤੋਂ ਗੁਰੂ ਅਰਜਨ ਸਾਹਿਬ ਦੇ ਘਰ 19 ਜੂਨ 1590 ਦੇ ਦਿਨ ਵਡਾਲੀ, ਨੇੜੇ ਛੇਹਰਟਾ ਸਾਹਿਬ (ਅੰਮ੍ਰਿਤਸਰ) ਵਿਚ ਹੋਇਆ"। ਇਥੇ ਤਾਰੀਖ ਤਾਂ '19 ਗੁਰੂ ਹਰਿਗੋਬੰਦ ਮਾਹ', (21 ਹਾੜ) ਹੀ ਲਿਖਦੇ ਹਨ ਪਰ ਸਾਲ 1590 ਈ: ਲਿਖਦੇ ਹਨ। ਜਦੋਂ ਕਿ ਅਸਲ ਲਿਖਤ ਵਿਚ "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਹਾੜ ਦਿਹੁੰ ਇਕੀਸ ਗਿਆ" (19 ਜੂਨ 1690 ਈ.) ਦਰਜ ਹੈ। "ਇਸ ਇੰਦਰਾਜ ਤੋਂ ਸਾਫ਼ ਪਤਾ ਲੱਗਦਾ ਹੈ ਕਿ ਗੁਰੂ ਜੀ ਦਾ ਜਨਮ ਬਿਕਰਮੀ ਸੰਮਤ 1747, ਯਾਨਿ 1690 ਵਿਚ ਹੋਇਆ ਸੀ"। (ਪੰਨਾ 225)

ਡਾ. ਸੁਖਦਿਆਲ ਸਿੰਘ ਜੀ ਵੀ, ਇਸੇ ਭੱਟ ਵਹੀ ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਹਰਿਗੋਬੰਦ ਸਾਹਿਬ ਜੀ ਦਾ ਜਨਮ ਪ੍ਰਚਲਿਤ ਰਵਾਇਤ ਅਨੁਸਾਰ 9 ਜੂਨ, 1595 ਈ. ਨੂੰ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕ ਸਿੱਖ ਇਤਿਹਾਸਕਾਰ ਵੀ ਇਸੇ ਤਿੱਥੀ ਨੂੰ ਅਪਣਾ ਕੇ ਚੱਲਦੇ ਹਨ ਪਰ ਭੱਟ ਵਹੀ ਵਿਚ ਗੁਰੂ ਜੀ ਦਾ ਜਨਮ ਇੱਕੀ ਹਾੜ ਸੰਮਤ ਸਤਾਰਾਂ ਸੌ ਸੰਤਾਲੀ ਬਿ. ਮੁਤਾਬਕ ਜੁਲਾਈ-ਅਗਸਤ, 1690 ਈ. ਵਿਚ ਹੋਇਆ ਦੱਸਿਆ ਗਿਆ ਹੈ।... ਇਨਾਂ ਦੋਹਾਂ ਮਿਤੀਆਂ ਵਿਚ ਛੇ-ਪੰਜ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿਚ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਵੱਲੋਂ ਠੀਕ ਹੀ ਮੰਨੀਆਂ ਗਈਆਂ ਹਨ। ਅਗਲੀ ਕੋਈ ਹੋਰ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿਚ ਇਸ ਬਾਰੇ ਫੈਸਲਾ ਖੁੱਲ੍ਹਾ ਰੱਖਦੇ ਹਾਂ"। (ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਅਤੇ ਯਾਤਰਾਵਾਂ, ਪਹਿਲੀ ਵਾਰ 1998, ਪੰਨਾ 15)।

ਇਥੇ 9 ਜੂਨ ਛਪਿਆ ਵੇਖ ਕੇ ਸੋਚਿਆ ਕਿ ਇਹ ਗਲਤੀ ਨਾਲ 19 ਜੂਨ ਦੀ ਬਿਜਾਏ 9 ਜੂਨ ਛਪ ਗਿਆ ਹੋਵੇਗਾ। ਪਰ ਹੈਰਾਨੀ ਹੋਈ ਜਦੋਂ ਡਾ. ਸੁਖਦਿਆਲ ਸਿੰਘ ਦੀ ਦੋ ਹੋਰ ਲਿਖਤਾਂ, 'ਸ਼ਿਰੋਮਣੀ ਸਿੱਖ ਇਤਿਹਾਸ' (ਪੰਨਾ 146, 2010 ਈ) ਅਤੇ 'ਪੰਜਾਬ ਦਾ ਇਤਿਹਾਸ' (ਪੰਨਾ 116, 2012 ਈ:) ਵੇਖੀਆਂ। ਇਨ੍ਹਾਂ ਦੋਵਾਂ ਕਿਤਾਬਾਂ ਵਿਚ 9 ਜੂਨ ਅਤੇ ਸਾਲ ਬਾਰੇ ਫੈਸਲਾ ਭਰੋਸੇਯੋਗ ਗਵਾਹੀ ਮਿਲਣ ਦੀ ਉਡੀਕ ਵਿਚ ਖੁੱਲ੍ਹਾ ਛੱਡਿਆ ਹੋਇਆ ਹੈ। ਪਹਿਲੀ ਕਿਤਾਬ 1998 ਵਿਚ ਛਪੀ ਸੀ ਅਤੇ ਤੀਜੀ 2010 ਈ:, ਭਾਵ 12 ਸਾਲਾਂ ਪਿੱਛੋਂ ਵੀ ਤਾਰੀਖ ਅਤੇ ਸਾਲ ਬਾਰੇ ਫੈਸਲਾ ਭਵਿੱਖ ਵਿਚ ਮਿਲਣ ਵਾਲੀ "ਭਰੋਸੇ ਯੋਗ ਗਵਾਹੀ" ਦੀ ਉਡੀਕ ਵਿਚ ਖੁੱਲ੍ਹਾ ਛੱਡਿਆ ਹੋਇਆ ਹੈ। ਉਂਝ ਕਿਤਾਬਾਂ ਦੇ ਅਖੀਰ 'ਤੇ ਸਾਰੀ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਸੂਚੀ ਛਾਪੀ ਹੋਈ ਹੈ। ਜੇ 21ਵੀਂ ਸਦੀ ਦੇ ਵਿਦਵਾਨਾਂ ਦਾ ਇਹ ਹਾਲ ਹੈ, ਤਾਂ ਸਤ੍ਹਾਰਵੀਂ-ਅਠਾਰਵੀਂ ਸਦੀ ਦੇ ਲੇਖਕਾਂ ਦਾ ਕੀ ਦੋਸ਼?

"ਗੁਰਮਤਿ ਰਹਿਤ ਮਰਯਾਦਾ" ਵਿਚ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ ਲਿਖਦੇ ਹਨ, "ਅਵਤਾਰ ਧਾਰਨ ਸੰਮਤ:- 1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ, 6 ਜੂਨ 1595 ਈ: ਪੁੱਖ ਨਛੱਤਰ ਸੰਗਰਾਂਦੀ 21 ਹਾੜ" (ਪੰਨਾ 37)

ਇਸ ਕਿਤਾਬ ਵਿਚ ਦਰਜ ਹੋਰ ਬਹੁਤੀਆਂ ਤਾਰੀਖਾਂ ਵਾਂਗੂੰ, ਇਹ ਤਾਰੀਖ ਵੀ ਗੋਲ ਮਾਲ ਹੀ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਪ੍ਰਵਿਸ਼ਟਾ ਇਥੇ ਵੀ 21 ਹਾੜ ਹੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, ਚੇਤ ਸੁਦੀ ਪੰਚਮੀ, ਸੰਮਤ 1695 ਬਿ:, 28 ਮਾਰਚ 1638 ਈ: ਅਤੇ ਕੁੱਲ ਉਮਰ 42 ਬਰਸ ਨੌਂ ਮਹੀਨੇ ਉਨੀ ਦਿਨ ਦਰਜ ਹੈ, ਜੋ ਕਿ ਮੰਨਣ ਯੋਗ ਨਹੀਂ ਹੈ। 'ਬੰਸਾਵਲੀਨਾਮਾ' ਦਾ ਕਰਤਾ, ਕੇਸਰ ਸਿੰਘ ਛਿੱਬਰ (ਸੰਪਾਦਕ ਪਿਆਰਾ ਸਿੰਘ ਪਦਮ) ਪ੍ਰਵਿਸ਼ਟਾ ਤਾਂ 21 ਹਾੜ ਹੀ ਲਿਖਦਾ ਹੈ ਪਰ ਸੰਮਤ ਇਹ ਵੀ 1647 ਲਿਖਦਾ ਹੈ। ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤੁ ਸੋਲਾਂ ਸੈ ਗਏ ਸੈਂਤਾਲੀ। ਹਾੜ ਮਾਸ ਦਿਨ ਬੀਤੇ ਇੱਕੀ ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤ੍ਰੀ ਦਿਜ ਲਿਖੀ। (ਪੰਨਾ : 86) ਪਰ ਇਸ ਵੱਲੋਂ ਲਿਖੀ ਗਈ ਕੁੱਲ ਉਮਰ 48 ਸਾਲ ਸਾਡੀ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਈ ਹੁੰਦੀ ਹੈ। "ਅਠਤਾਲੀ ਬਰਸ ਕੀ ਆਉਧ ਗੁਜਾਰੀ" (ਪੰਨਾ : 102)

ਹੁਣ ਜੇ ਇਸ ਦੇ ਹਿਸਾਬ ਕਿਤਾਬ ਦੀਆਂ ਕੜੀਆਂ ਮੇਲੀਏ, ਤਾਂ ਤਸਵੀਰ ਕਾਫੀ ਸਾਫ ਹੋ ਜਾਂਦੀ ਹੈ। ਗੁਰੂ ਜੀ ਜੋਤੀ ਜੋਤਿ ਸਮਾਉਣ ਦੀ ਤਾਰੀਖ, 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ (3 ਮਾਰਚ 1644 ਈ: ਜੂਲੀਅਨ) ਦਿਨ ਐਤਵਾਰ, ਬਾਰੇ ਕੋਈ ਮੱਤ-ਭੇਦ ਨਹੀਂ ਹੈ। ਕੁੱਲ ਉਮਰ 48 ਸਾਲ ਦੇ ਹਿਸਾਬ ਨਾਲ ਵੇਖੀਏ, ਤਾਂ ਗੁਰੂ ਜੀ ਦੀ ਜਨਮ ਤਾਰੀਖ 21 ਹਾੜ ਸੰਮਤ 1652 ਸਹੀ ਬਣਦੀ ਹੈ।

ਗਿਆਨੀ ਗਿਆਨ ਸਿੰਘ, ਇਕ ਥਾਂ ਗੁਰੂ ਜੀ ਦਾ ਜਨਮ ਤਾਰੀਖ, ਹਾੜ ਵਦੀ 1, ਸੰਮਤ 1652 ਬਿਕ੍ਰਮੀ, ਅਤੇ ਦੂਜੀ ਥਾਂ ਹਾੜ ਸੁਦੀ 2, ਕੁਲ ਉਮਰ 48 ਸਾਲ 9 ਮਹੀਨੇ 4 ਦਿਨ ਲਿਖਦੇ ਹਨ। "ਏਹ ਗੁਰੂ ਸੰਮਤ 1652 ਬਿਕ੍ਰਮੀ ਹਾੜ ਸੁਦੀ 2 ਨੂੰ ਪ੍ਰਗਟ ਹੋ ਕੇ, 10 ਬਰਸ 11 ਮਹੀਨੇ ਇੱਕ ਦਿਨ ਦੀ ਉਮਰ ਵਿਚ ਗੱਦੀ ਬੈਠ ਕਰ, 31 ਸਾਲ 10 ਮਹੀਨੇ ਤਿੰਨ ਦਿਨ ਗੁਰਿਆਈ ਕਰ ਕੇ, 48 ਵਰ੍ਹੇ 9 ਮਹੀਨੇ 4 ਦਿਨ ਸਾਰੀ ਉਮਰ ਭੋਗ ਕੇ, ਚੇਤਰ ਸੁਦੀ 5 ਸ਼ੁਕ੍ਰਵਾਰ 9 ਘੜੀ ਰਾਤੀ ਰਹੀ, ਸੰਮਤ 1701 ਬਿਕ੍ਰਮੀ ਤੇ ਸਾਲ 174 ਨਾਨਕਸ਼ਾਹੀ ਨੂੰ ਚੋਲਾ ਛੱਡ ਕੇ ਸੱਚਖੰਡ ਗੁਰਪੁਰ ਵਿਚ ਜਾ ਬਸੇ"। (ਤਵਾਰੀਖ਼ ਗੁਰੂ ਖਾਲਸਾ ਪਾ:6)

ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿਚ, ਗੁਰੂ ਜੀ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ 1652 ਸੰਮਤ (14 ਜੂਨ 1595 ਏ.ਡੀ.) ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ ਖਾਲਸਾ ਡਾਇਰੀ 1975-76 ਈ: ਵਿਚ, "ਹਾੜ ਵਦੀ 7, ਹਾੜ ਪ੍ਰਵਿਸ਼ਟੇ 21 ਸੰਮਤ 1652 ਬਿ:, 19 ਜੂਨ, ਸੰਨ 1594 ਈ: ਦਿਨ ਵੀਰਵਾਰ ਦਰਜ ਹੈ। ਸ਼੍ਰੋਮਣੀ ਡਾਇਰੀ 1991 ਵਿਚ, "ਹਾੜ ਵਦੀ 6, ਸੰਮਤ 1652 ਬਿ:, 14 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਡਾਇਰੀ 1992 ਵਿਚ, "ਹਾੜ ਵਦੀ 1, ਸੰਮਤ 1652 ਬਿ:, 19 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1998 ਈ: ਵਿਚ ਛਾਪੀ ਗਈ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ ਵੱਲੋਂ ਸੰਪਾਦਨ ਕੀਤੀ ਗਈ 'ਗੁਰਬਿਲਾਸ ਪਾਤਸ਼ਾਹੀ 6' ਮੁਤਾਬਕ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ ਸੰਮਤ 1652 ਬਿਕ੍ਰਮੀ ਨੂੰ ਹੀ ਹੋਇਆਂ ਸੀ॥

ਸੰਮਤ ਸੋਰਹ ਸੈ ਸੁ ਬਵੰਜਾ ਹਾੜ ਇੱਕੀ ਨਿਸਿ ਆਧੀ ਮੰਝਾ। (ਪੰਨਾ : 19)

ਉਪਰੋਕਤ ਖੋਜ-ਪੜਤਾਲ ਤੋਂ ਸਹਿਜੇ ਹੀ ਇਸ ਨਤੀਜੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜ, ਹਾੜ ਵਦੀ 7 ਸੰਮਤ 1652 ਬਿ: ਦਿਨ ਵੀਰਵਾਰ ਨੂੰ ਹੋਇਆ ਸੀ। ਜਦੋਂ ਇਸ ਨੂੰ ਅੰਗਰੇਜ਼ੀ ਕੈਲੰਡਰ ਵਿਚ ਬਦਲਿਆ ਗਿਆ, ਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਨਾਨਕਸ਼ਾਹੀ ਕੈਲੰਡਰ ਵਿਚ ਇਹ ਦਿਹਾੜਾ 21 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਜੇ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਦਰਜ ਕਰਨ ਦੀ ਬਜਾਏ ਵਦੀ-ਸੁਦੀ ਮੁਤਾਬਕ ਦਰਜ ਕਰਨਾ ਤੁਹਾਡੀ ਕੋਈ ਮਜਬੂਰੀ ਹੈ, ਤਾਂ ਘੱਟੋ-ਘੱਟ ਆਪਣੇ ਕੈਲੰਡਰ ਵਿਚ ਤਿੱਥ (ਹਾੜ ਵਦੀ 7) ਤਾਂ ਸਹੀ ਛਾਪੋ।

## ਦਸਤਕ

# ਤਨ ਮਨ ਸ਼ੁੱਧ ਹੋਵੇ ਤਾਂ ਬੌਧਿਕਤਾ ਵਿਕਸਿਤ ਹੁੰਦੀ ਹੈ

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



ਸਿਆਣੇ ਲੋਕ ਆਖਦੇ ਨੇ ਕਿ ਤਨ ਤੇ ਮਨ ਦਾ ਸ਼ੁੱਧ ਹੋਣਾ ਬਹੁਤ ਜ਼ਰੂਰੀ ਹੈ। ਅਸਲ ਵਿਚ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ, ਸਾਡੇ ਤਨ ਤੇ ਮਨ ਦੀ ਇੱਕਸੁਰਤਾ ਨਾਲ ਹੀ ਪ੍ਰਾਪਤ ਹੁੰਦੀਆਂ ਹਨ। ਜੇਕਰ ਸਾਡਾ ਤਨ ਤੇ ਮਨ ਸ਼ੁੱਧ ਨਹੀਂ, ਤਾਂ ਇਨ੍ਹਾਂ ਦੀ ਇਕਸੁਰਤਾ ਵੀ ਕਾਇਮ ਨਹੀਂ ਰਹਿ ਸਕਦੀ। ਇਸੇ ਕਰਕੇ ਮਹਾਂਪੁਰਸ਼ਾਂ ਨੇ ਹਰ ਧਾਰਮਿਕ ਸਥਾਨ ਦੇ ਨੇੜੇ ਇੱਕ ਸਰੋਵਰ ਦੀ ਉਸਾਰੀ ਕੀਤੀ, ਤਾਂ ਕਿ ਪੈਦਲ ਆਉਣ ਵਾਲੇ ਯਾਤਰੀ ਅਤੇ ਸ਼ਰਧਾਲੂ ਸਭ ਤੋਂ ਪਹਿਲਾਂ ਆਪਣਾ ਤਨ ਦੀ ਥਕਾਵਟ ਨੂੰ ਉਤਾਰ ਕੇ ਤਰੋ-ਤਾਜ਼ਾ ਕਰ ਸਕਣ। ਜਦੋਂ ਸਾਡਾ ਸਰੀਰ ਤਰੋ-ਤਾਜ਼ਾ ਹੋ ਜਾਂਦਾ ਹੈ, ਤਾਂ ਸਾਡਾ ਮਨ ਵੀ ਪ੍ਰਸੰਨ ਹੋ ਜਾਂਦਾ ਹੈ। ਇਸ ਤਰ੍ਹਾਂ ਤਨ ਤੇ ਮਨ ਦੀ ਏਕਤਾ ਕਾਇਮ ਹੋ ਜਾਂਦੀ ਹੈ। ਇਹ ਏਕਤਾ ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ ਅਤੇ ਪ੍ਰਾਪਤੀਆਂ ਕਰਨ ਲਈ ਜੁਗਤਾਂ ਦੱਸਦੀ ਹੈ। ਇਹ ਜੁਗਤਾਂ ਸਾਡੇ ਮਨ ਮੰਦਰ ਵਿਚੋਂ ਹੀ ਉਪਜਦੀਆਂ ਹਨ।

ਜੇਕਰ ਸਾਡਾ ਮਨ ਮੈਲਾਂ ਨਾਲ ਭਰਿਆ ਪਿਆ ਹੈ, ਤਾਂ ਉੱਥੇ ਕਦੀ ਸ਼ੁੱਧ ਵਿਚਾਰ ਪ੍ਰਗਟ ਨਹੀਂ ਹੋ ਸਕਦੇ। ਇਸ ਲਈ ਮਨ ਦੀ ਸ਼ੁੱਧਤਾ ਕਾਇਮ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਤਨ ਦੀ ਸ਼ੁੱਧੀ ਜ਼ਰੂਰ ਕਾਇਮ ਕਰਨੀ ਚਾਹੀਦੀ ਹੈ। ਅਸੀਂ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਅਕਸਰ ਸਰੀਰ ਦੇ ਇਕੱਲੇ-ਇਕੱਲੇ ਅੰਗ ਦੀ ਸਫ਼ਾਈ ਦਾ ਪਾਠ ਸਿਖਾਉਂਦੇ ਹਾਂ। ਇਹ ਇਸ ਕਰਕੇ ਸਿਖਾਇਆ ਜਾਂਦਾ ਹੈ ਕਿ ਸਾਡੇ ਸਰੀਰ ਦਾ ਹਰ ਇੱਕ ਅੰਗ ਮਹੱਤਵਪੂਰਨ ਹੈ। ਕਿਸੇ ਵੀ ਅੰਗ ਦੀ ਕੀਮਤ ਕਿਸੇ ਨਾਲੋਂ ਘੱਟ ਨਹੀਂ। ਇਸ ਲਈ ਸਾਨੂੰ ਹਰ ਅੰਗ ਦੀ ਦੇਖਭਾਲ਼ ਕਰਨ ਵਿਚ ਖਾਸ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਵਿਦਿਆਰਥੀ ਜੀਵਨ ਵਿਚ ਜੇਕਰ ਅਸੀਂ ਆਪਣੇ ਸਰੀਰ ਦੀ ਸ਼ੁੱਧਤਾ ਅਤੇ ਸਰੀਰ ਦੀ ਸਡੌਲਤਾ ਵੱਲ ਧਿਆਨ ਨਹੀਂ ਦਿੰਦੇ, ਤਾਂ ਅਸੀਂ ਵੱਡੀ ਉਮਰ ਵਿਚ ਬਹੁਤ ਸਾਰੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਅਸਲ ਵਿਚ ਇਨ੍ਹਾਂ ਬਿਮਾਰੀਆਂ ਦਾ ਮੁੱਖ ਕਾਰਨ ਸਾਡੀ ਅਣਗਹਿਲੀ ਹੁੰਦੀ ਹੈ। ਜਿਹੜੇ ਬੱਚੇ ਆਪਣੇ ਸਰੀਰ ਨੂੰ ਨਰੋਆ ਅਤੇ ਵਾਤਾਵਰਣ ਦੇ ਅਨੁਸਾਰ ਤਿਆਰ ਨਹੀਂ ਕਰਦੇ, ਉਹ ਸਫ਼ਲਤਾ ਦੀਆਂ ਪੌੜੀਆਂ ਵੀ ਨਹੀਂ ਚੜ੍ਹ ਸਕਦੇ। ਪ੍ਰਮਾਤਮਾ ਨੇ ਸਾਡੇ ਸਰੀਰ ਦੀ ਇਸ ਤਰ੍ਹਾਂ ਦੀ ਸਿਰਜਣਾ ਕੀਤੀ ਹੈ ਕਿ ਅਸੀਂ ਜਿਸ ਖਿੱਤੇ ਵਿਚ ਪੈਦਾ ਹੋਏ ਹਾਂ, ਉਸ ਖਿੱਤੇ ਦੇ ਅਨੁਸਾਰ ਹੀ ਸਾਡਾ ਸਰੀਰ ਬਣਾਇਆ ਗਿਆ ਹੈ। ਭਾਵ ਜੇਕਰ ਸਾਡਾ ਦੇਸ਼ ਗਰਮ ਹੈ, ਤਾਂ ਸਾਡੇ ਸਰੀਰ ਨੂੰ ਗਰਮੀ ਝੱਲਣ ਦੀ ਸ਼ਕਤੀ ਦਿੱਤੀ ਗਈ ਹੈ। ਜੇਕਰ ਸਾਡਾ ਇਲਾਕਾ ਠੰਡਾ ਹੈ, ਤਾਂ ਸਾਡੇ ਸਰੀਰ ਨੂੰ ਠੰਡ ਝੱਲਣ ਦੀ ਸ਼ਕਤੀ ਪ੍ਰਦਾਨ ਕੀਤੀ ਗਈ ਹੈ। ਬਾਕੀ ਦੀ ਜ਼ਿੰਮੇਵਾਰੀ ਸਾਡੇ ਹੱਥ ਹੈ ਕਿ ਅਸੀਂ ਇਸ ਕੁਦਰਤ ਦੀ ਬਖਸ਼ੀ ਹੋਈ ਨਿਹਮਤ ਨੂੰ ਕਾਇਮ ਕਿਵੇਂ ਰੱਖਦੇ ਹਾਂ। ਸਿਹਤ ਨੂੰ ਕਾਇਮ ਰੱਖਣ ਵਾਸਤੇ ਰੋਜ਼ਾਨਾ ਦੀ ਕਸਰਤ ਅਤੇ ਸੈਰ ਹਰ ਹਰ ਕਿਸੇ ਲਈ ਲਾਭਕਾਰੀ ਹੈ।

ਨੱਚਣ ਕੁੱਦਣ ਮਨ ਕਾ ਚਾਉ ਅਨਸਾਰ ਬਾਲਪਨ ਵਿਚ ਹਰ ਬੱਚਾ ਹਰ ਪਲ ਨੱਚਦਾ ਤੇ ਟੱਪਦਾ ਹੀ ਰਹਿੰਦਾ ਹੈ, ਜਿਸ ਨਾਲ ਉਸ ਦਾ ਸਰੀਰ ਵਿਕਸਿਤ ਹੁੰਦਾ ਰਹਿੰਦਾ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਬੱਚਾ ਅਤੇ ਬਾਂਦਰ ਜੇਕਰ ਆਰਾਮ ਨਾਲ ਬੈਠੇ ਹਨ, ਤਾਂ ਸਮਝੋ ਉਹ ਬਿਮਾਰ ਹਨ। ਤੰਦਰੁਸਤ ਬੱਚਾ ਕਦੀ ਵੀ ਟਿਕ ਕੇ ਨਹੀਂ ਬੈਠ ਸਕਦਾ ਕਿਉਂਕਿ ਉਹ ਦੌੜ-ਭੱਜ ਜ਼ਰੂਰ ਕਰੇਗਾ। ਇਸ ਲਈ ਬਚਪਨ ਵਿਚ ਬੱਚੇ ਦਾ ਖੇਡਣਾ, ਕੁਦਣਾ, ਨੱਚਣਾ, ਟੱਪਣਾ, ਹੱਸਣਾ ਤੇ ਰੋਣਾ ਸਾਰੇ ਜੀਵਨ ਦੇ ਅੰਗ ਹਨ। ਇਹੀ ਉਸ ਨੂੰ ਅੱਗੇ ਤੋਂ ਅਗੇਰੇ ਲੈ ਕੇ ਜਾਂਦੇ ਹਨ। ਜਿਹੜੇ ਵਿਦਿਆਰਥੀ ਹੱਥੀਂ ਕੰਮ ਕਰਦੇ ਹਨ, ਉਨ੍ਹਾਂ ਦਾ ਸਰੀਰ ਨਰੋਆ ਬਣ ਜਾਂਦਾ ਹੈ। ਜਿਹੜੇ ਕਦੀ ਘਰ ਵਿਚ ਕੌਲੀ ਗਲਾਸ ਵੀ ਨਹੀਂ ਚੁੱਕਦੇ, ਉਹ ਹਮੇਸ਼ਾ ਕਮਜ਼ੋਰ ਰਹਿੰਦੇ ਹਨ ਅਤੇ ਬਿਮਾਰੀਆਂ ਉਨ੍ਹਾਂ ਨੂੰ ਅਕਸਰ ਘੇਰੀ ਰੱਖਦੀਆਂ ਹਨ। ਇਸ ਲਈ ਸਭ ਨੂੰ ਜ਼ਰੂਰਤ ਹੈ ਕਿ ਉਹ ਘਰ ਦੇ ਕੰਮਾਂ ਵਿਚ ਆਪਣੇ ਮਾਪਿਆਂ ਨਾਲ ਹੱਥ ਵਟਾਉਣ ਅਤੇ ਵੱਡੇ ਹੋ ਕੇ ਕੰਮ ਨੂੰ ਹੱਥ ਜ਼ਰੂਰ ਪਾਉਣ। ਜਦੋਂ ਅਸੀਂ ਹੱਥੀਂ ਕੰਮ ਕਰਦੇ ਹਾਂ, ਤਾਂ ਸਾਨੂੰ ਤਜ਼ਰਬਾ ਅਤੇ ਗਿਆਨ ਆਪਣੇ ਆਪ ਹੀ ਹਾਸਲ ਹੋ ਜਾਂਦੇ ਹਨ। ਕਿਸੇ ਸਿਆਣੇ ਨੇ ਇਹ ਵੀ ਸੱਚ ਕਿਹਾ ਹੈ ਕਿ ਪਿਤਾ ਪੁਰਖੀ ਕਿੱਤੇ ਦੀ ਕੋਈ ਟ੍ਰੇਨਿੰਗ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਸਾਡੇ ਖ਼ੂਨ ਵਿਚ ਰਚਿਆ ਹੁੰਦਾ ਹੈ। ਜਦੋਂ ਅਸੀਂ ਬਚਪਨ ਤੋਂ ਹੀ ਆਪਣੇ ਮਾਪਿਆਂ ਦੇ ਕਾਰਜਾਂ ਨੂੰ ਦੇਖਦੇ ਹਾਂ, ਤਾਂ ਉਹ ਕਾਰਜ ਕਰਨ ਦੀ ਸਮਰੱਥਾ ਖੁਦ-ਬ-ਖੁਦ ਸਾਡੇ ਅੰਦਰ ਪੈਦਾ ਹੋ ਜਾਂਦੀ ਹੈ। ਜੇਕਰ ਅਸੀਂ ਹੱਥੀਂ ਕਿਰਤ ਨੂੰ ਮਹਾਨਤਾ ਦੇਵਾਂਗੇ, ਤਾਂ ਜੀਵਨ ਵਿਚ ਮਹਾਨ ਵਿਅਕਤੀ ਬਣਨ ਵਿਚ ਕੋਈ ਮੁਸ਼ਕਿਲ ਨਹੀਂ ਆਵੇਗੀ। ਇਸ ਪ੍ਰਕਾਰ ਅਸੀਂ ਤਨ ਨੂੰ ਸ਼ੁੱਧ ਬਣਾ ਕੇ ਤਰੱਕੀ ਦੀਆਂ ਮੰਜ਼ਿਲਾਂ ਹਾਸਿਲ ਕਰ ਸਕਦੇ ਹਾਂ।

ਹੁਣ ਗੱਲ ਤੁਰਦੀ ਹੈ ਮਨ ਦੀ। ਕਹਿੰਦੇ ਨੇ ਮਨ ਦੇ ਹਾਰੇ ਹਾਰ, ਮਨ ਦੇ ਜਿੱਤੇ ਜਿੱਤ। ਧਰਮ ਗ੍ਰੰਥਾਂ ਵਿਚ ਮਨ ਨੂੰ ਬ੍ਰਹਮ ਦੀ ਅੰਸ਼ ਕਿਹਾ ਗਿਆ ਹੈ। ਆਤਮਾ ਨੇ ਮਨ ਦਾ ਸਾਥ ਪਾ ਕੇ ਆਪਣਾ ਰੂਪ ਗਵਾ ਲਿਆ ਹੈ। ਕਿਉਂਕਿ ਆਤਮਾ ਸ਼ੁੱਧ ਅਤੇ ਪਵਿੱਤਰ ਹੁੰਦੀ ਹੈ। ਅਸੀਂ ਅਕਸਰ ਕਹਿੰਦੇ ਹਾਂ ਕਿ ਉਹ ਬੰਦਾ ਤਾਂ ਮਨ ਦਾ ਮੌਜੀ ਹੈ ਕਿਉਂਕਿ ਅਕਸਰ ਅਸੀਂ ਮਨ ਦੇ ਮਗਰ ਲੱਗ ਕੇ ਹੀ ਕਾਰਜ ਕਰਦੇ ਹਾਂ। ਮਨ ਸਾਡਾ ਮਿੱਤਰ ਵੀ ਹੈ ਤੇ ਮਨ ਸਾਡਾ ਦੁਸ਼ਮਣ ਵੀ ਹੈ। ਜੇਕਰ ਅਸੀਂ ਮਨ ਦੇ ਸੁਭਾਅ ਨੂੰ ਪਾ ਲਈਏ, ਤਾਂ ਅਸੀਂ ਸਹੀ ਰਾਹੇ ਚੱਲ ਸਕਦੇ ਹਾਂ। ਮਨ ਦੇ ਮਾੜੇ ਕੰਮਾਂ ਨੂੰ ਆਤਮਾ ਅਕਸਰ ਰੋਕਦੀ ਰਹਿੰਦੀ ਹੈ ਪਰ ਸਾਡੇ 'ਤੇ ਮਨ ਹਾਵੀ ਹੋਣ ਕਰਕੇ ਅਸੀਂ ਮਨ ਦੀ ਹੀ ਕਰਦੇ ਹਾਂ। ਜ਼ਰੂਰਤ ਹੈ ਮਨ ਨੂੰ ਆਪਣੇ ਕਾਬੂ ਵਿਚ ਰੱਖਣ ਦੀ। ਮਨ ਕਾਬੂ ਆਉਂਦਾ ਹੈ ਗਿਆਨ ਦੇ ਕੁੰਡੇ ਨਾਲ। ਕਿਸੇ ਨੇ ਸੱਚ ਹੀ ਕਿਹਾ ਹੈ; ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ ਦੁੱਧ ਬਾਝੇ ਨਾ ਰਿਝਦੀ ਖੀਰ ਮੀਆਂ।

ਇਸੇ ਤਰ੍ਹਾਂ:

ਮਨ ਕੁੰਚਲ ਪੀਲਕ ਗਿਆਨ ਕੁੰਡਾ  
ਖਿੰਚੇ ਤੈ ਜਾਇ।  
ਨਾਨਕ ਹਸਤੀ ਕੁੰਡੇ ਬਹਿਰਾ  
ਫਿਰ ਫਿਰ ਔਝੜ ਪਾਏ।

ਜੇਕਰ ਅਸੀਂ ਮਨ ਨੂੰ ਗਿਆਨ ਦਾ ਕੁੰਡਾ ਲਾ ਦੇਈਏ, ਤਾਂ ਉਹ ਕਦੀ ਵੀ ਗ਼ਲਤ ਰਾਹੇ ਨਹੀਂ ਜਾਂਦਾ। ਇਸ ਲਈ ਸਾਨੂੰ ਸਭ ਨੂੰ ਗਿਆਨ ਦੀ ਜ਼ਰੂਰਤ ਹੈ, ਤਾਂ ਕਿ ਅਸੀਂ ਮਨ 'ਤੇ ਕਾਬੂ ਪਾ ਸਕੀਏ। ਜਿਨ੍ਹਾਂ ਨੇ ਮਨ 'ਤੇ ਕਾਬੂ ਪਾ ਲਿਆ ਤਾਂ ਸਮਝੋ ਉਹ ਹਰ ਇੱਛਾ ਪੂਰੀ ਕਰਨ ਦੇ ਸਮਰੱਥ ਹੋ ਜਾਂਦੇ ਹਨ। ਇਹ ਵੀ ਸੱਚ ਕਿਹਾ ਗਿਆ ਹੈ ਕਿ ਮਨ ਜੀਤੇ ਜਗ ਜੀਤ।

ਜੇਕਰ ਸਾਡਾ ਮਨ ਤਕੜਾ ਤੇ ਨਰੋਆ ਹੈ, ਤਾਂ ਅਸੀਂ ਕਦੀ ਵੀ ਜ਼ਿੰਦਗੀ ਵਿਚ ਹਾਰ ਨਹੀਂ ਸਕਦੇ। ਮਨ ਨੂੰ ਤਕੜਾ ਕਰਨ ਵਾਸਤੇ ਸਾਨੂੰ ਵਧੀਆ ਸੰਗਤ ਦੀ ਜ਼ਰੂਰਤ ਹੈ। ਨਰੋਈਆਂ ਪੁਸਤਕਾਂ ਰਾਹੀਂ ਗਿਆਨ ਹਾਸਲ ਕਰਨ ਦੀ ਜ਼ਰੂਰਤ ਹੈ। ਜਦੋਂ ਸਾਡੇ ਪਾਸ ਗਿਆਨ ਹੋਵੇਗਾ, ਫਿਰ ਸਾਡਾ ਮਨ ਵੀ ਸਾਡੇ ਕਾਬੂ ਵਿਚ ਰਹੇਗਾ।

ਮਨ ਨੂੰ ਸ਼ੁੱਧ ਕਰਨ ਦਾ ਇੱਕੋ-ਇੱਕ ਤਰੀਕਾ ਹੈ ਕਿ ਕੁਦਰਤ ਦੁਆਰਾ ਦਰਸਾਏ ਮਾਰਗ 'ਤੇ ਚਲੀਏ। ਕੁਦਰਤ ਕਦੀ ਕਿਸੇ ਨਾਲ ਭਿੰਨ-ਭੇਦ ਨਹੀਂ ਕਰਦੀ। ਗਰਮੀ-ਸਰਦੀ, ਧੁੱਪ, ਹਵਾ ਹਰ ਕਿਸੇ ਨੂੰ ਬਰਾਬਰ ਦੀ ਮਿਲਦੀ ਹੈ। ਇਸ ਲਈ ਸਾਨੂੰ ਵੀ ਸਭ ਨਾਲ ਇੱਕੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ। ਕਿਸੇ ਨਾਲ ਦੂਈ ਦਵੈਤ ਨਹੀਂ ਕਰਨੀ ਚਾਹੀਦੀ। ਜੇਕਰ ਸਾਡਾ ਮਨ ਕੁਰੀਤੀਆਂ ਨਾਲ ਭਰਿਆ ਹੋਇਆ ਹੋਵੇਗਾ, ਤਾਂ ਉੱਥੇ ਕਦੀ ਵੀ ਸ਼ੁੱਧਤਾ ਦਾ ਵਾਸਾ ਨਹੀਂ ਹੋਵੇਗਾ। ਕਿਉਂਕਿ ਸ਼ੁੱਧ ਮਨ ਅੰਦਰ ਹੀ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ ਤੇ ਜਿੱਥੇ ਪ੍ਰਮਾਤਮਾ ਦਾ ਵਾਸਾ ਹੋ ਜਾਵੇ, ਉੱਥੇ ਹਮੇਸ਼ਾ ਚੰਗਾ ਹੀ ਹੁੰਦਾ ਹੈ। ਸ਼ੁੱਧ ਤਨ ਅਤੇ ਮਨ ਜੁੜ ਕੇ ਸਾਡੀ ਬੌਧਿਕਤਾ ਨੂੰ ਵਿਕਸਿਤ ਕਰਦੇ ਹਨ। ਜਿਨ੍ਹਾਂ ਲੋਕਾਂ ਨੇ ਆਪਣੇ ਤਨ ਮਨ ਨੂੰ ਸ਼ੁੱਧ ਕਰਕੇ ਇਸ ਧਰਤੀ 'ਤੇ ਕਿਰਤ ਕਮਾਈਆਂ ਕੀਤੀਆਂ, ਉਨ੍ਹਾਂ ਨੂੰ ਅਸੀਂ ਅਕਸਰ ਯਾਦ ਕਰਦੇ ਹਾਂ। ਉਨ੍ਹਾਂ ਦੀਆਂ ਕਮਾਈਆਂ ਸਦਕਾ ਹੀ ਦੇਸ਼ ਕੌਮ ਤਰੱਕੀ ਕਰਦੀ ਹੈ। ਅੱਜ ਸਾਨੂੰ ਲੋੜ ਹੈ ਕਿ ਅਸੀਂ ਤਨ ਮਨ ਨੂੰ ਸ਼ੁੱਧ ਕਰਕੇ ਆਪਣੀ ਬੌਧਿਕਤਾ ਵਿਕਸਿਤ ਕਰੀਏ ਅਤੇ ਇਸ ਬੌਧਿਕਤਾ ਦੇ ਆਸਰੇ ਉੱਚੀਆਂ ਤੇ ਸੁੱਚੀਆਂ ਮੰਜ਼ਿਲਾਂ ਦੇ ਪਾਂਧੀ ਬਣੀਏ। ਅਸੰਭਵ ਤਾਂ ਕੁਝ ਵੀ ਨਹੀਂ। ਸਿਰਫ ਕਰਨ ਦੀ ਜ਼ਰੂਰਤ ਹੈ। ਕਿਉਂਕਿ ਅਸੀਂ ਗੱਲਾਂਬਾਤਾਂ ਨਾਲ ਹੀ ਡੰਗ ਟਪਾਈ ਜਾ ਰਹੇ ਹਾਂ। ਆਓ ਅੱਜ ਤੋਂ ਹੀ ਇਸ ਅਭਿਆਸ ਦਾ ਆਰੰਭ ਕਰੀਏ। ਜੇਕਰ ਸਾਡਾ ਤਨ ਮਨ ਸ਼ੁੱਧ ਹੋਣਗੇ, ਤਾਂ ਸਾਡਾ ਆਲਾ-ਦੁਆਲਾ ਵੀ ਸੁੰਦਰ ਸਿਰਜਿਆ ਜਾਵੇਗਾ। ਇਸ ਆਲੇ-ਦੁਆਲੇ ਦੀ ਸੁੰਦਰਤਾ ਸਦਕਾ ਸਾਡਾ ਪੂਰਾ ਦੇਸ਼ ਹੀ ਸੋਹਣਾ ਤੇ ਸੁਚੱਜਾ ਬਣ ਜਾਵੇਗਾ ਤੇ ਇਸ ਦੇਸ਼ ਦੇ ਵਾਸੀ ਵੀ ਸੋਹਣੇ ਕਾਰਜਾਂ ਵਾਸਤੇ ਸਨਮਾਨਿਤ ਹੋਣਗੇ।

## ਅਮਰ ਕਥਾਵਾਂ (ਬਾਲ ਕਹਾਣੀਆਂ)

# ਸਿਫ਼ਾਰਸ਼

-ਸੁਖਦੇਵ ਸਿੰਘ ਸ਼ਾਂਤ
ਸ਼ਰਲਟ (ਇੰਡੀਆਨਾ) ਯੂ.ਐੱਸ.ਏ.
ਫੋਨ ਨੰਬਰ : 001-317-406-0002
ਵਟਸਅਪ ਨੰਬਰ : +91-98149-01254
ਪੰਜਾਬ ਮੇਲ USA



ਬਾਬਾ ਸ਼ੇਖ ਫਰੀਦ ਜੀ ਦੀ ਗੱਲ ਦਿੱਲੀ ਦਾ ਸੁਲਤਾਨ ਬਹੁਤ ਮੰਨਦਾ ਸੀ। ਇਕ ਵਾਰ ਇਕ ਸ਼ਰਧਾਲੂ ਨੇ ਆ ਅਰਜ਼ ਗੁਜਾਰੀ, "ਮੈਂ ਆਪਣੇ ਲੜਕੇ ਨੂੰ ਫ਼ੌਜ 'ਚ ਭਰਤੀ ਕਰਵਾਉਣਾ ਚਾਹੁੰਦਾ ਹਾਂ। ਆਪ ਜੇਕਰ ਸੁਲਤਾਨ ਦੇ ਨਾਂ ਸਿਫਾਰਸ਼ੀ ਚਿੱਠੀ ਲਿਖ ਦਿਓ, ਤਾਂ ਮੇਰਾ ਕੰਮ ਬਣ ਸਕਦਾ ਹੈ।"

ਫਰੀਦ ਜੀ ਬੋਲੇ, "ਭਾਈ, ਅਸੀਂ ਨਹੀਂ ਇਨ੍ਹਾਂ ਝਮੇਲਿਆਂ 'ਚ ਪੈਂਦੇ। ਫ਼ਕੀਰਾਂ ਲਈ ਇਹ ਸਿਫਾਰਸ਼ਾਂ ਕਰਨੀਆਂ ਸ਼ੋਭਾ ਨਹੀਂ ਦਿੰਦੀਆਂ।"

ਸ਼ਰਧਾਲੂ ਜ਼ਿੱਦ 'ਤੇ ਅੜਿਆ ਰਿਹਾ। ਆਖ਼ਰ ਬਾਬਾ ਫਰੀਦ ਜੀ ਨੇ ਦਿੱਲੀ ਦੇ ਬਾਦਸ਼ਾਹ ਦੇ ਨਾਂ ਚਿੱਠੀ ਲਿਖ ਹੀ ਦਿੱਤੀ। ਉਸ ਚਿੱਠੀ ਵਿਚ ਆਪ ਜੀ ਨੇ ਲਿਖਿਆ, "ਜੇ ਤੁਸੀਂ ਇਸ ਲੜਕੇ ਦਾ ਕੰਮ ਕਰ ਦਿਉਗੇ, ਤਾਂ ਅਸੀਂ ਸਮਝਾਂਗੇ ਕਿ ਅੱਲਾ ਨੇ ਇਹ ਕੰਮ ਕਰਨਾ ਸੀ, ਕਰ ਦਿੱਤਾ ਤੇ ਅਸੀਂ ਤੁਹਾਡਾ ਧੰਨਵਾਦ ਕਰਾਂਗੇ। ਜੇ ਕੰਮ ਨਾ ਹੋਇਆ, ਤਾਂ ਅਸੀਂ ਸਮਝਾਂਗੇ ਕਿ ਰੁਕਾਵਟ ਵੀ ਅੱਲ੍ਹਾ ਵਲੋਂ ਹੀ ਪਈ ਹੈ, ਤੁਹਾਡੇ ਹੱਥ-ਵੱਸ ਕੁਝ ਨਹੀਂ।" ਇਸ ਕਥਾ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਹੁੰਦਾ ਉਹ ਹੀ ਹੈ, ਜੋ ਪ੍ਰਮਾਤਮਾ ਚਾਹੁੰਦਾ ਹੈ। ਸਿਫਾਰਸ਼ ਵੀ ਤਾਂ ਹੀ ਚੱਲਦੀ ਹੈ, ਜੇ ਪ੍ਰਮਾਤਮਾ ਚਾਹੁੰਦਾ ਹੋਵੇ। ਇਸ ਲਈ ਬੰਦਿਆਂ ਦੀ ਚਾਪਲੂਸੀ ਬੇਕਾਰ ਹੈ। ਮਸਤੀ ਅਤੇ ਫ਼ਕੀਰੀ ਵਾਲਾ ਜੀਵਨ ਹੀ ਅਸਲੀ ਜੀਵਨ ਹੈ। ਅੱਜ ਦੇ ਯੁੱਗ ਵਿਚ ਹਰ ਕੰਮ ਸਿਫਾਰਸ਼ ਨਾਲ ਹੁੰਦਾ ਹੈ। ਸਿਫਾਰਸ਼ ਦੀ ਦੁਰਵਰਤੋਂ ਇਕ ਆਮ ਜਿਹੀ ਗੱਲ ਹੈ। ਇਹ ਕਥਾ ਸਾਨੂੰ ਅਜਿਹੀਆਂ ਗੱਲਾਂ ਤੋਂ ਵਰਜਦੀ ਹੈ।

### ਨਿਮਰਤਾ ਦੀ ਮਹਾਨਤਾ

ਬਾਬਾ ਸ਼੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ। ਇਹ ਸਾਰੇ ਜਾਣਦੇ ਹਨ ਕਿ ਗੁਰੂ ਜੀ ਨੇ ਆਪਣੇ ਦੋਹਾਂ ਪੁੱਤਰਾਂ ਦੀ ਥਾਂ ਗੁਰਗੱਦੀ ਭਾਈ ਲਹਿਣਾ ਜੀ ਨੂੰ ਬਖਸ਼ੀ ਸੀ, ਜੋ ਗੁਰੂ ਅੰਗਦ ਦੇਵ ਜੀ ਬਣੇ।

ਇਕ ਵਾਰ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਪਾਸ ਬਾਬਾ ਸ਼੍ਰੀ ਚੰਦ ਜੀ ਮਿਲਣ ਲਈ ਆਏ। ਗੁਰੂ ਜੀ ਦਾ ਦਾੜ੍ਹਾ ਬਹੁਤ ਲੰਮਾ ਅਤੇ ਸੰਘਣਾ ਸੀ।

ਬਾਬਾ ਸ਼੍ਰੀ ਚੰਦ ਜੀ ਨੇ ਮਖੌਲ ਨਾਲ ਪੁੱਛਿਆ, "ਗੁਰੂ ਜੀ ਤੁਸਾਂ ਇਹ ਦਾੜ੍ਹੀ ਕਿਉਂ ਏਨੀ ਵਧਾਈ ਹੋਈ ਹੈ?"

ਸ੍ਰੀ ਗੁਰੂ ਰਾਮ ਦਾਸ ਜੀ ਹੱਸ ਕੇ ਬੋਲੇ, "ਬਾਬਾ ਜੀ! ਇਹ ਦਾੜ੍ਹੀ ਬੜੇ ਹੀ ਕੰਮ ਆਉਂਦੀ ਹੈ। ਆਪ ਜੀ ਵਰਗੇ ਮਹਾਂਪੁਰਸ਼ਾਂ ਦੇ ਇਸ ਨਾਲ ਚਰਨ ਝਾੜ ਕੇ ਸਾਨੂੰ ਖੁਸ਼ੀ ਮਿਲਦੀ ਹੈ।"

ਬਾਬਾ ਸ਼੍ਰੀ ਚੰਦ ਜੀ ਹੱਸ ਪਏ ਅਤੇ ਆਖਿਆ, "ਏਸੇ ਮਿਠਾਸ ਅਤੇ ਨਿਮਰਤਾ ਨਾਲ ਸਾਡੇ ਤੋਂ ਗੁਰਗੱਦੀ ਭਾਈ ਲਹਿਣਾ ਜੀ ਨੇ ਖੋਹ ਲਈ ਸੀ। ਤੁਸੀਂ ਹੁਣ ਸਾਡੇ ਤੋਂ ਕੀ ਖੋਹਣਾ ਚਾਹੁੰਦੇ ਹੋ? ਹੁਣ ਸਾਡੇ ਕੋਲ ਖੋਹਣ ਨੂੰ ਕੁਝ ਨਹੀਂ ਹੈ।"

ਜਿੰਨਾ ਕੋਈ ਵਿਅਕਤੀ ਮਹਾਨ ਹੁੰਦਾ ਹੈ, ਓਨਾ ਹੀ ਉਹ ਮਿੱਠਾ ਅਤੇ ਨਿਮਰਤਾ ਵਾਲਾ ਹੁੰਦਾ ਹੈ। ਖਾਲੀ ਭਾਂਡੇ ਖੜਕਦੇ ਹਨ। ਭਰੇ ਹੋਏ ਭਾਂਡੇ ਖੜਕਦੇ ਨਹੀਂ। ਫਲਾਂ ਨਾਲ ਲੱਦੀ ਟਹਿਣੀ ਹੇਠਾਂ ਨੂੰ ਝੁਕਦੀ ਹੈ। ਨਿਮਰਤਾ ਜ਼ਿੰਦਗੀ ਦਾ ਇਕ ਅਨਮੋਲ ਰਤਨ ਹੈ।

### ਅਧਿਆਪਕ ਦਾ ਸਤਿਕਾਰ

ਰਾਵਣ ਨੂੰ ਬੇਸ਼ੱਕ ਬਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਗ੍ਰੰਥਾਂ ਮੁਤਾਬਿਕ ਉਹ ਸੰਸਕ੍ਰਿਤ ਦਾ ਬਹੁਤ ਵੱਡਾ ਵਿਦਵਾਨ ਸੀ। ਉਸ ਦੇ ਦਸ ਸਿਰਾਂ ਦਾ ਭਾਵ ਵੀ ਇਹੀ ਨਿਕਲਦਾ ਹੈ ਕਿ ਉਸ ਦਾ ਦਿਮਾਗ ਦਸ ਦਿਮਾਗਾਂ ਦੇ ਬਰਾਬਰ ਸੀ। ਕਿਹਾ ਜਾਂਦਾ ਹੈ ਕਿ ਉਸ ਨੇ ਕਾਲ ਨੂੰ ਪਾਵੇ ਨਾਲ ਬੰਨ੍ਹਿਆ ਹੋਇਆ ਸੀ, ਭਾਵ ਮੌਤ ਉਸ ਤੱਕ ਨਹੀਂ ਪਹੁੰਚ ਸਕਦੀ ਸੀ।

ਜਦੋਂ ਰਾਮ ਚੰਦਰ ਜੀ ਦੇ ਤੀਰਾਂ ਨਾਲ ਰਾਵਣ ਦੀ ਮੌਤ ਉਸ ਦੇ ਨਜ਼ਦੀਕ ਆ ਪਹੁੰਚੀ, ਤਾਂ ਉਹ ਅਰਧ-ਬੇਹੋਸ਼ੀ ਦੀ ਹਾਲਤ ਵਿਚ ਜ਼ਮੀਨ 'ਤੇ ਡਿੱਗ ਪਿਆ।

ਰਾਮ ਜੀ ਨੇ ਆਪਣੇ ਛੋਟੇ ਭਰਾ ਲਛਮਣ ਨੂੰ ਆਖਿਆ, "ਜਾਓ, ਰਾਵਣ ਦਾ ਅੰਤਿਮ ਸਮਾਂ ਨੇੜੇ ਹੈ। ਉਸ ਪਾਸੋਂ ਕੋਈ ਉਪਦੇਸ਼ ਪ੍ਰਾਪਤ ਕਰੋ।"

ਲਛਮਣ ਭਰਾ ਦੀ ਆਗਿਆ ਮੰਨ ਕੇ ਰਾਵਣ ਦੇ ਸਿਰ ਵੱਲ ਜਾ ਖੜ੍ਹਾ ਹੋਇਆ ਅਤੇ ਉਪਦੇਸ਼ ਦੇਣ ਦੀ ਬੇਨਤੀ ਕੀਤੀ। ਰਾਵਣ ਚੁੱਪ-ਚਾਪ ਲੇਟਿਆ ਰਿਹਾ ਅਤੇ ਉਸ ਦੇ ਬੁੱਲ੍ਹ ਨਹੀਂ ਖੁੱਲ੍ਹੇ। ਲਛਮਣ ਨਿਰਾਸ਼ ਹੋ ਕੇ ਵਾਪਸ ਮੁੜਿਆ।

ਰਾਮ ਜੀ ਨੇ ਫਿਰ ਲਛਮਣ ਨੂੰ ਕਿਹਾ, "ਜਿਸ ਤੋਂ ਸਿੱਖਿਆ ਪ੍ਰਾਪਤ ਕਰਨੀ ਹੋਵੇ, ਉਸ ਦੇ ਸਿਰ ਵੱਲ ਨਹੀਂ, ਉਸ ਦੇ ਪੈਰਾਂ ਵੱਲ ਖੜ੍ਹੀਦਾ ਹੈ। ਜਾਓ, ਦੁਬਾਰਾ ਜਾਓ ਅਤੇ ਸਿੱਖਿਆ ਗ੍ਰਹਿਣ ਕਰੋ।"

ਲਛਮਣ ਹੱਥ ਜੋੜ ਕੇ ਰਾਵਣ ਦੇ ਪੈਰਾਂ ਵੱਲ ਖੜ੍ਹਾ ਹੋ ਗਿਆ ਅਤੇ ਉਪਦੇਸ਼ ਦੇਣ ਲਈ ਬੇਨਤੀ ਕੀਤੀ। ਰਾਵਣ ਦੇ ਬੁੱਲ੍ਹ ਫ਼ਰਕੇ। ਧੀਮੀ ਆਵਾਜ਼ ਵਿਚ ਬੋਲਿਆ, "ਕਦੇ ਵੀ ਆਪਣੀ ਭਗਤੀ ਤੇ ਗਿਆਨ ਦਾ ਹੰਕਾਰ ਨਾ ਕਰੋ। ਕਾਲ ਭਾਵ ਮੌਤ ਨੂੰ ਕੋਈ ਵੀ ਨਹੀਂ ਰੋਕ ਸਕਦਾ।"

ਉਪਰੋਕਤ ਕਥਾ ਸਾਨੂੰ ਗੁਰੂ, ਉਪਦੇਸ਼ਕ ਜਾਂ ਅਧਿਆਪਕ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ। ਜਿਸ ਤੋਂ ਅਸੀਂ ਸਿੱਖਿਆ ਪ੍ਰਾਪਤ ਕਰਦੇ ਹਾਂ, ਉਸ ਦੀ ਇੱਜ਼ਤ ਕਰਨਾ ਸਾਡਾ ਫ਼ਰਜ਼ ਹੈ। ਸਿੱਖਿਆਰਥੀ ਜਾਂ ਵਿਦਿਆਰਥੀ ਵਿਚ ਨਿਮਰਤਾ ਦੀ ਭਾਵਨਾ ਬੇਹੱਦ ਜ਼ਰੂਰੀ ਹੈ। ਇਹੀ ਸਿੱਖਿਆ ਪ੍ਰਾਪਤ ਕਰਨ ਦਾ ਅਸਲੀ ਰਸਤਾ ਹੈ।

### ਹੁਕਮ ਮੰਨਣ ਦੀ ਜਾਚ

ਇਕ ਵਾਰ ਇਕ ਨੌਜੁਆਨ ਲੜਕਾ ਕੰਧ 'ਤੇ ਗਾਰੇ ਦੀ ਲਿਪਾਈ ਕਰ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਉਸ ਦੇ ਨੇੜਿਉਂ ਲੰਘਣ ਲੱਗੇ ਤਾਂ ਗੰਦੇ ਪਾਣੀ ਦੀਆਂ ਛਿੱਟਾਂ ਗੁਰੂ ਜੀ ਦੇ ਕੱਪੜਿਆਂ 'ਤੇ ਪੈ ਗਈਆਂ। ਗੁਰੂ ਜੀ ਨੇ ਨਾਲ ਚੱਲ ਰਹੇ ਸਿੱਖਾਂ ਨੂੰ ਹੁਕਮ ਕੀਤਾ, "ਕੋਈ ਜਣਾ ਇਸ ਦੇ ਇਕ ਥੱਪੜ ਲਾਵੇ। ਉਹ ਨਿਹਾਲ ਹੋਵੇਗਾ।"

ਗੁਰੂ ਜੀ ਦੇ ਕਹਿਣ ਦੀ ਦੇਰ ਸੀ। ਸਿੱਖਾਂ ਨੇ ਤਾਂ ਥੱਪੜਾਂ ਦਾ, ਘਸੁੰਨਾਂ ਦਾ ਮੀਂਹ ਵਰ੍ਹਾ ਦਿੱਤਾ। ਮਾਰ-ਮਾਰ ਕੇ ਉਸ ਮੁੰਡੇ ਨੂੰ ਅਧਮੋਇਆ ਕਰ ਦਿੱਤਾ। ਗੁਰੂ ਜੀ ਨੇ ਸਿੱਖਾਂ ਨੂੰ ਮਾਰਨ ਤੋਂ ਰੋਕਿਆ। ਫਿਰ ਉਨ੍ਹਾਂ ਨੇ ਹੁਕਮ ਕੀਤਾ, "ਕੋਈ ਸਿੱਖ ਇਸ ਲੜਕੇ ਨੂੰ ਆਪਣੀ ਬੇਟੀ ਦਾ ਰਿਸ਼ਤਾ ਕਰੇ। ਉਹ ਨਿਹਾਲ ਹੋਵੇਗਾ।"

ਇਹ ਹੁਕਮ ਸੁਣ ਕੇ ਸਾਰੇ ਸਿੱਖ ਕੰਨੀਂ ਖਿਸਕਾਉਣ ਲੱਗੇ। ਕਿਸੇ ਨੇ ਵੀ ਆਪਣੀ ਬੇਟੀ ਦਾ ਰਿਸ਼ਤਾ ਕਰਨ ਦੀ ਹਾਮੀ ਨਹੀਂ ਭਰੀ। ਗੁਰੂ ਜੀ ਬੋਲੇ, "ਇਹ ਹੁਕਮ ਮੰਨਣ ਦਾ ਤਰੀਕਾ ਨਹੀਂ ਹੈ। ਥੱਪੜ ਮਾਰਨ ਦਾ ਬਚਨ ਸੌਖਾ ਸੀ ਸਭ ਨੇ ਮੰਨ ਲਿਆ ਅਤੇ ਹੁਕਮ ਤੋਂ ਵੀ ਵੱਧ ਮੰਨ ਲਿਆ। ਬੇਟੀ ਦਾ ਰਿਸ਼ਤਾ ਕਰਨ ਦਾ ਬਚਨ ਔਖਾ ਹੈ। ਇਸ ਤੋਂ ਤੁਸੀਂ ਸਾਰੇ ਭੱਜ ਗਏ ਹੋ। ਗੁਰੂ ਦਾ ਹੁਕਮ ਮੰਨਣਾ ਹੈ, ਤਾਂ ਸਾਰੇ ਹੁਕਮ ਮੰਨੋ। ਪ੍ਰੀਖਿਆ ਤਾਂ ਔਖੇ ਹੁਕਮ ਮੰਨਣ ਨਾਲ ਹੀ ਪਾਸ ਕੀਤੀ ਜਾ ਸਕਦੀ ਹੈ।"

ਸਿੱਖ ਗੁਰੂ ਜੀ ਦੇ ਬਚਨ ਸੁਣ ਕੇ ਆਪਣੇ ਕੱਚੇਪਨ 'ਤੇ ਬਹੁਤ ਸ਼ਰਮਿੰਦੇ ਹੋਏ ਅਤੇ ਮੁਆਫ਼ੀਆਂ ਮੰਗਣ ਲੱਗੇ। ਮਿਸਾਲ ਵਜੋਂ ਅਸੀਂ ਕੜਾ ਤਾਂ ਸੌਖਿਆਂ ਪਾ ਲੈਂਦੇ ਹਾਂ ਪਰ ਕੜੇ ਵਾਲੇ ਹੱਥ ਨਾਲ ਮਾੜੇ ਕੰਮ ਕਰਨ ਤੋਂ ਨਹੀਂ ਹਟਦੇ। ਕੜੇ ਵਾਲੇ ਹੱਥ ਨਾਲ ਰਿਸ਼ਵਤ ਵੀ ਲਈ-ਦਈ ਜਾਂਦੇ ਹਾਂ। ਕੜੇ ਵਾਲੇ ਹੱਥ ਨਾਲ ਕਿਸੇ ਦੀ ਇੱਜ਼ਤ ਨੂੰ ਹੱਥ ਪਾਉਣਾ ਵੀ ਗਲਤ ਨਹੀਂ ਸਮਝਦੇ। ਕੜਾ ਪਾਉਣ ਦਾ ਹੁਕਮ ਤਾਂ ਮੰਨਦੇ ਹਾਂ ਪਰ ਕੜੇ ਵਾਲੇ ਹੱਥ ਨਾਲ ਕੀ ਕੁਝ ਨਹੀਂ ਕਰਨਾ, ਉਸ 'ਤੇ ਅਮਲ ਨਹੀਂ ਕਰਦੇ। ਕੜਾ ਪਾਉਣ ਦਾ ਹੁਕਮ ਸੌਖਾ ਹੈ ਪਰ ਇਸ ਨਾਲ ਜੁੜੇ ਦੂਜੇ ਹੁਕਮ ਮੰਨਣ ਵਿਚ ਔਖ ਆਉਂਦੀ ਹੈ। ਸਾਨੂੰ ਸਾਰੇ ਹੁਕਮ ਮੰਨਣੇ ਚਾਹੀਦੇ ਹਨ।

# ਜ਼ਿੰਦਗੀ ਦਾ ਰਾਹ ਦਸੇਰਾ ਕਬੀਰ ਬਾਣੀ

ਸੂਫ਼ੀ, ਸੰਤਾਂ, ਪੀਰਾਂ, ਫ਼ਕੀਰਾਂ ਅਤੇ ਪੈਗ਼ੰਬਰਾਂ ਨੇ ਹਮੇਸ਼ਾ ਹੀ ਪ੍ਰਭੂ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਹੋਏ ਜਾਤ-ਪਾਤ ਅਤੇ ਊਚ-ਨੀਚ ਦੇ ਬੰਧਨਾਂ ਨੂੰ ਤੋੜਦੇ ਹੋਏ ਮਨੁੱਖਤਾ ਨੂੰ ਆਪਸੀ ਪਿਆਰ, ਸਾਂਝ ਅਤੇ ਸਮੁੱਚੇ ਸੰਸਾਰ ਨੂੰ ਇੱਕ ਮਾਲਾ ਵਿਚ ਪਰੋਏ ਰਹਿਣ ਦਾ ਪੈਗਾਮ ਦਿੱਤਾ ਹੈ। ਭਗਤ ਕਬੀਰ ਜੀ ਕੇਵਲ ਭਗਤੀ ਅੰਦੋਲਨ ਦੇ ਮਹਾਨ ਕਵੀ ਨਹੀਂ, ਸਗੋਂ ਇੱਕ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਦੀਆਂ ਤੋਂ ਚਲੀਆਂ ਆ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ ਸੱਚ, ਇਮਾਨਦਾਰੀ, ਹਮਦਰਦੀ, ਗੁਰੂ ਦਾ ਆਦਰ ਅਤੇ ਮਨੁੱਖੀ ਜਾਮੇ ਨੂੰ ਪ੍ਰਮਾਤਮਾ ਨਾਲ ਜੁੜਨ ਦਾ ਰਾਹ ਦਿਖਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਕਬੀਰ ਜੀ ਦੇ ਜਨਮ ਨੂੰ ਲੈ ਕੇ ਸਦੀਆਂ ਤੋਂ ਵਿਦਵਾਨਾਂ ਵਿਚ ਮਤਭੇਦ ਬਣੇ ਹੋਏ ਹਨ, ਕੁੱਝ ਵਿਦਵਾਨ ਭਗਤ ਕਬੀਰ ਜੀ ਦਾ ਜੀਵਨ ਕਾਲ 1398-1448, ਕੁੱਝ ਵਿਦਵਾਨ 1440-1518 ਮੰਨਦੇ ਹਨ ਪਰੰਤੂ ਬਹੁਤੇ ਖੋਜਾਰਥੀਆਂ ਅਤੇ ਭਗਤ ਜੀ ਦੇ ਅਨੁਯਾਈਆਂ ਵੱਲੋਂ ਉਨ੍ਹਾਂ ਦਾ ਜਨਮ ਜੇਠ ਮਹੀਨੇ ਦੀ ਪੂਰਨਮਾਸ਼ੀ ਨੂੰ ਸੰਮਤ 1455 ਈ. ਵਿਚ ਮੰਨਿਆ ਜਾਂਦਾ ਹੈ। ਕਬੀਰ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ ਮਹਾਨ ਜਾਂ ਵੱਡਾ। ਉਹ ਬਨਾਰਸ ਵਿਚ ਰਹਿਣ ਵਾਲੇ ਨਿਰਸਤਾਂ ਪਿਤਾ ਨੀਰੂ ਅਤੇ ਮਾਤਾ ਨੀਮਾਂ ਨੂੰ ਮਿਲੇ, ਜਿਨ੍ਹਾਂ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ। ਨੀਰੂ ਅਤੇ ਨੀਮਾਂ ਜੁਲਾਹੇ ਦਾ ਕੰਮ ਕਰਦੇ ਸਨ, ਵੱਡੇ ਹੋ ਕੇ ਭਗਤ ਕਬੀਰ ਜੀ ਨੇ ਵੀ ਕਿਰਤ ਕਰਨ ਲਈ ਜੁਲਾਹੇ ਦੇ ਕੰਮ ਨੂੰ ਚੁਣਿਆ। ਭਗਤ ਕਬੀਰ ਜੀ ਦੀਆਂ ਮੁੱਖ ਰਚਨਾਵਾਂ ਵਿਚ ਬੀਜਕ, ਕਬੀਰ ਗ੍ਰੰਥਾਵਲੀ, ਸਾਖੀ ਕਬੀਰ, ਕਬੀਰ ਸਾਗਰ ਅਤੇ ਅਨੁਰਾਗ ਸਾਗਰ ਸ਼ਾਮਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਭਗਤ ਜੀ ਦੇ ਸ਼ਲੋਕ ਅਤੇ ਸ਼ਬਦ ਦਰਜ ਹਨ, ਜਿਨ੍ਹਾਂ ਦੀ ਕੁੱਲ ਗਿਣਤੀ 541 ਹੈ।



ਭਗਤ ਕਬੀਰ ਜੀ ਆਪਣੇ ਸ਼ਬਦ ਅਤੇ ਸਲੋਕਾਂ ਰਾਹੀਂ ਗਾਗਰ ਵਿਚ ਸਾਗਰ ਭਰਨ ਦਾ ਹੁਨਰ ਰੱਖਦੇ ਹਨ। ਭਗਤ ਕਬੀਰ ਆਪਣੇ ਸ਼ਲੋਕ ਵਿਚ ਉਸ ਮਨੁੱਖ ਨੂੰ ਵੱਡਾ ਕਹਿੰਦੇ ਹਨ, ਜੋ ਬੇਸਹਾਰਿਆਂ ਅਤੇ ਲੋੜਵੰਦਾਂ ਦੀ ਮਦਦ ਕਰਦਾ ਹੈ, ਜੋ ਕਿਸੇ ਦੀ ਮਦਦ ਹੀ ਨਹੀਂ ਕਰ ਸਕਦਾ, ਕਿਸੇ ਬੇਸਹਾਰੇ ਦਾ ਸਹਾਰਾ ਨਹੀਂ ਬਣ ਸਕਦਾ, ਉਸ ਦੇ ਵੱਡੇ ਹੋਣ ਦਾ ਕੀ ਫਾਇਦਾ?

ਬੜਾ ਹੂਆ ਤੋ ਕਿਆ ਹੂਆ ਜੈਸੇ ਪੇੜ ਖਜੂਰ,

ਪੰਥੀ ਕੋ ਛਾਇਆ ਨਹੀਂ ਫ਼ਲ ਲਗੇ ਅਤਿ ਦੂਰ।

ਮਨੁੱਖ ਨੂੰ ਖਜੂਰ ਦੇ ਪੇੜ ਦੀ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿਉਂਕਿ ਨਾ ਤਾਂ ਕੋਈ ਮੁਸਾਫ਼ਿਰ (ਪੰਥੀ) ਉਸ ਦੀ ਛਾਂ ਥੱਲੇ ਬੈਠ ਕੇ ਥਕਾਵਟ ਲਾ ਸਕਦਾ ਹੈ, ਅਤੇ ਨਾ ਹੀ ਬਹੁਤ ਉੱਚਾ ਹੋਣ ਕਰਕੇ ਉਸ ਤੋਂ ਫ਼ਲ ਤੋੜ ਕੇ ਖਾਧੇ ਜਾ ਸਕਦੇ ਹਨ।

ਭਗਤ ਕਬੀਰ ਜੀ ਸਮੇਂ ਦੀ ਕਦਰ ਕਰਨ ਦਾ ਸੁਨੇਹਾ ਦਿੰਦੇ ਹਨ। ਜਿਹੜਾ ਕੰਮ ਅੱਜ ਕੀਤਾ ਜਾ ਸਕਦਾ ਹੈ, ਉਸ ਨੂੰ ਕੱਲ੍ਹ 'ਤੇ ਨਹੀਂ ਛੱਡਣਾ ਚਾਹੀਦਾ, ਇੱਕ ਸ਼ਲੋਕ ਵਿਚ ਕਬੀਰ ਜੀ ਫਰਮਾਉਂਦੇ ਹਨ:-

ਕਾਲ ਕਰੇ ਸੋ ਆਜ ਕਰ, ਆਜ ਕਰੇ ਸੋ ਅਬ,

ਪਲ ਮੇਂ ਪਰਲੋ ਹੋਏਗੀ, ਬਹੁਰਿ ਕਰੇਗਾ ਕਬ।

ਭਗਤ ਕਬੀਰ ਜੀ ਦੀਆਂ ਨਜ਼ਰਾਂ ਵਿਚ ਕੋਈ ਵੀ ਛੋਟਾ ਵੱਡਾ ਨਹੀਂ, ਜਿਹੜੀ ਮਿੱਟੀ ਨੂੰ ਅੱਜ ਅਸੀਂ ਆਪਣੇ ਪੈਰਾਂ ਥੱਲੇ ਰੋਲਦੇ ਹਾਂ, ਇੱਕ ਦਿਨ ਉਹ ਸਾਡੇ ਉੱਪਰ ਹੋਵੇਗੀ। ਮਨੁੱਖੀ ਸਰੀਰ ਵੀ ਨਾਸ਼ਵਾਨ ਹੈ, ਇਸਨੇ ਵੀ ਇੱਕ ਦਿਨ ਮਿੱਟੀ ਹੋਣਾ ਹੈ। ਕਬੀਰ ਜੀ ਸ਼ਲੋਕ ਵਿਚ ਮਨੁੱਖ ਨੂੰ ਮਿੱਟੀ ਬਣ ਕੇ ਸੁਨੇਹਾ ਦਿੰਦੇ ਹਨ:-

ਮਿੱਟੀ ਕਹੇ ਕੁਮਹਾਰ ਸੇ ਤੂੰ ਕਿਉਂ ਰਉਂਦੇ ਮੋਏ,

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਤਹਿ ਅਤੇ ਜ਼ਿਲ੍ਹਾ ਬਠਿੰਡਾ
70873-67969
ਪੰਜਾਬ ਮੇਲ USA



ਏਕ ਦਿਨ ਐਸਾ ਆਵੇਗਾ ਮੈਂ ਰੌਂਦੂਗੀ ਤੋਹੇ।

ਭਗਤ ਕਬੀਰ ਜੀ ਸਮੁੱਚੀ ਮਨੁੱਖਤਾ ਨੂੰ ਆਪਸੀ ਭੇਦਭਾਵ ਅਤੇ ਵੈਰ ਵਿਰੋਧ ਨੂੰ ਭੁਲਾ ਕੇ ਇੱਕ ਹੋਣ ਲਈ ਕਹਿੰਦੇ ਹਨ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਸ਼ਲੋਕ ਵਿਚ ਕਬੀਰ ਜੀ ਕਹਿੰਦੇ ਹਨ:-

ਕਬੀਰਾ ਖੜ੍ਹਾ ਬਜ਼ਾਰ ਮੈਂ ਮਾਂਗੂੰ ਸਬਕੀ ਖ਼ੈਰ,

ਨਾ ਕਹੂੰ ਸੇ ਦੋਸਤੀ, ਨਾ ਕਹੂੰ ਸੇ ਵੈਰ।

ਮਨੁੱਖ ਦੇ ਅਸਲ ਦੁਸ਼ਮਣ ਉਸਦੇ ਔਗੁਣ ਹਨ, ਜੋ ਉਸ ਦੀ ਅਨਮੋਲ ਜ਼ਿੰਦਗੀ ਨੂੰ ਕੁਰਾਹੇ ਪਾ ਕੇ ਤਬਾਹ ਕਰਦੇ ਹਨ। ਕੋਈ ਵੀ ਮਨੁੱਖ ਬੁਰਾ ਨਹੀਂ, ਜੇਕਰ ਅਸੀਂ ਆਪਣੇ ਆਪ ਦਾ ਵਿਸ਼ਲੇਸ਼ਣ ਕਰੀਏ, ਆਪਣੀ ਪੀੜ੍ਹੀ ਥੱਲੇ ਸੋਟਾ ਫੇਰੀਏ, ਤਾਂ ਅਸੀਂ ਦੇਖਾਂਗੇ ਕਿ ਅਸੀਂ ਹੀ ਬੁਰੇ ਹਾਂ। ਜੇਕਰ ਅਸੀਂ ਚੰਗੇ ਹਾਂ, ਤਾਂ ਸਮਾਜ ਵਿਚ ਚੰਗਾ ਨਜ਼ਰ ਆਵੇਗਾ, ਜੇਕਰ ਅਸੀਂ ਬੁਰਾਈ ਦੇ ਰਸਤੇ 'ਤੇ ਚੱਲਾਂਗੇ, ਤਾਂ ਸਮਾਜ ਵੀ ਬੁਰਾ ਦਿਖੇਗਾ। ਆਪਣੇ ਇੱਕ ਸ਼ਲੋਕ ਵਿਚ ਕਬੀਰ ਜੀ ਕਹਿੰਦੇ ਹਨ:-

ਬੁਰਾ ਜੋ ਦੇਖਣ ਮੈਂ ਚਲਾ, ਬੁਰਾ ਨਾ ਮਿਲਿਆ ਕੋਇ,

ਜੋ ਦਰ ਖੋਜਾ ਆਪਣਾ, ਮੁਝਸੇ ਬੁਰਾ ਨਾ ਕੋਇ।

ਭਗਤ ਕਬੀਰ ਜੀ ਮਨੁੱਖ ਨੂੰ ਧੀਰਜ ਅਤੇ ਸਹਿਜ ਰੱਖਣ ਲਈ ਕਹਿੰਦੇ ਹਨ। ਕਾਹਲੀ ਅੱਗੇ ਟੋਏ, ਕਾਹਲੇ ਕੰਮ ਕਦੇ ਨਾ ਹੋਏ। ਜ਼ਿੰਦਗੀ ਵਿਚ ਉਤਰਾਅ ਚੜ੍ਹਾਅ ਹਮੇਸ਼ਾ ਆਉਂਦੇ ਰਹਿੰਦੇ ਹਨ। ਜ਼ਿੰਦਗੀ ਇੱਕ ਸੰਘਰਸ਼ ਹੈ, ਇਸ ਵਿਚ ਦੁੱਖ ਵੀ ਆਉਣਗੇ ਅਤੇ ਸੁੱਖ ਵੀ ਆਉਣਗੇ, ਸਫਲਤਾਵਾਂ ਵੀ ਮਿਲਣਗੀਆਂ ਅਤੇ ਅਸਫਲਤਾਵਾਂ ਵੀ ਮਿਲਣਗੀਆਂ ਪ੍ਰੰਤੂ ਮਨੁੱਖ ਨੂੰ ਹਿੰਮਤ ਅਤੇ ਹੌਂਸਲਾ ਨਹੀਂ ਛੱਡਣਾ ਚਾਹੀਦਾ। ਇੱਕ ਹੋਰ ਸ਼ਲੋਕ ਵਿਚ ਕਬੀਰ ਜੀ ਫੁਰਮਾਉਂਦੇ ਹਨ:-

ਧੀਰੇ ਧੀਰੇ ਰੇ ਮਨਾ, ਧੀਰੇ ਸਭ ਕੁੱਛ ਹੋਏ,

ਮਾਲੀ ਸੀਚੇਂ ਸੌ ਘੜ੍ਹਾ, ਰੁੱਤ ਆਈ ਫ਼ਲ ਹੋਏ

ਸਭ ਕੁੱਝ ਹੌਲੀ-ਹੌਲੀ ਹੁੰਦਾ ਹੈ। ਮਾਲੀ ਪੌਦਿਆਂ ਨੂੰ ਰੋਜ਼ ਪਾਣੀ ਪਾਉਂਦਾ ਹੈ ਪ੍ਰੰਤੂ ਫ਼ਲ ਤਾਂ ਰੁੱਤ ਆਉਣ 'ਤੇ ਹੀ ਲੱਗਦਾ ਹੈ। ਇਸ ਤਰ੍ਹਾਂ ਕਬੀਰ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਹ ਲਗਾਤਾਰ ਮਿਹਨਤ ਕਰੇ, ਫ਼ਲ ਦੀ ਚਿੰਤਾ ਨਾ ਕਰੇ, ਹੌਲੀ-ਹੌਲੀ ਉਸਦੀ ਕੀਤੀ ਮਿਹਨਤ ਨੂੰ ਫ਼ਲ ਜ਼ਰੂਰ ਲੱਗੇਗਾ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ, ਭਗਤ ਕਬੀਰ ਜੀ ਦੀ ਸਮੁੱਚੀ ਬਾਣੀ ਪ੍ਰੇਰਨਾਦਾਇਕ ਅਤੇ ਜੀਵਨ ਨੂੰ ਸੇਧ ਦੇਣ ਵਾਲੀ ਹੈ।

ਭਗਤ ਕਬੀਰ ਜੀ ਦੇ ਅਨੁਯਾਈਆਂ ਜਿਸ ਵਿਚ ਕਬੀਰ ਪੰਥ ਵੀ ਸ਼ਾਮਲ ਹੈ। ਉਨ੍ਹਾਂ ਦੇ ਧਰਤੀ 'ਤੇ ਹੋਂਦ 600 ਸਾਲ ਪਹਿਲਾਂ 120 ਸਾਲ ਮੰਨਦੇ ਹਨ। ਅਜੋਕੇ ਸਮੇਂ ਵਿਚ ਕਬੀਰ ਪੰਥ ਅਤੇ ਉਨ੍ਹਾਂ ਦੀ ਸਿੱਖਿਆ ਨੂੰ ਸੰਤ ਰਾਮਪਾਲ ਜੀ ਅੱਗੇ ਵਧਾ ਰਹੇ ਹਨ। ਭਗਤ ਕਬੀਰ ਜੀ ਦਾ ਸਮੁੱਚਾ ਜੀਵਨ ਅਤੇ ਬਾਣੀ ਮਨੁੱਖ ਲਈ ਮਾਰਗਦਰਸ਼ਕ ਹੈ, ਲੋੜ ਹੈ ਉਨ੍ਹਾਂ ਦੀ ਬਾਣੀ ਅਤੇ ਸਿੱਖਿਆ ਨੂੰ ਅਮਲ ਵਿਚ ਲਿਆਉਣ ਦੀ, ਤਾਂ ਜੋ ਪੂਰੀ ਦੁਨੀਆਂ ਵਿਚ ਅਮਨ ਸ਼ਾਂਤੀ ਅਤੇ ਪਿਆਰ ਸਥਾਪਿਤ ਕਰਕੇ ਮਨੁੱਖੀ ਜੀਵਨ ਸਫ਼ਲ ਬਣਾਇਆ ਜਾ ਸਕੇ।

# ਪੁਰਸਕਾਰਾਂ ਦਾ ਸੌਦਾ: ਸਾਹਿਤਕ ਬਾਜ਼ਾਰ ਵਿਚ ਵਿਕ ਰਹੀਆਂ ਭਾਵਨਾਵਾਂ

ਸਾਹਿਤ ਆਤਮਾ ਦਾ ਸੱਦਾ ਹੈ। ਇਹ ਸਿਰਜਣਹਾਰ ਦੀ ਸਾਧਨਾ ਦਾ ਫਲ ਹੈ - ਤਪੱਸਿਆ, ਕੁਰਬਾਨੀ ਅਤੇ ਦਇਆ ਦਾ ਪ੍ਰਗਟਾਵਾ। ਪਰ ਅੱਜ, ਜਦੋਂ ਅਸੀਂ ਆਲੇ-ਦੁਆਲੇ ਦੇਖਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਇਹ ਸਾਧਨਾ ਹੁਣ "ਯੋਗਦਾਨ ਰਕਮ" ਅਤੇ "ਨਾਮਜ਼ਦਗੀ ਫੀਸ" ਦੀ ਦੁਕਾਨ 'ਤੇ ਵਿਕ ਰਹੀ ਹੈ। ਪੁਰਸਕਾਰ ਹੁਣ ਸਾਧਨਾ ਦੀ ਪ੍ਰਵਾਨਗੀ ਨਹੀਂ, ਸਗੋਂ ਪੈਸੇ ਦੀ ਨਿਲਾਮੀ ਹਨ। ਅਜਿਹੀ ਸਥਿਤੀ ਵਿਚ, ਇਹ ਸਵਾਲ ਉੱਠਣਾ ਸੁਭਾਵਿਕ ਹੈ - ਕੀ ਸਾਹਿਤ ਦੀ ਕੀਮਤ ਹੁਣ ਬੈਂਕ ਲੈਣ-ਦੇਣ ਦੁਆਰਾ ਸੱਚਮੁੱਚ ਨਿਰਧਾਰਤ ਕੀਤੀ ਜਾਵੇਗੀ?

**ਸਾਹਿਤ ਦੇ ਨਾਮ 'ਤੇ ਚੱਲ ਰਿਹਾ ਬਾਜ਼ਾਰ**

ਅੱਜਕੱਲ੍ਹ ਸਾਹਿਤਕ ਸਮਾਗਮਾਂ ਦੇ ਨਾਮ 'ਤੇ ਸੋਸ਼ਲ ਮੀਡੀਆ, ਵਟਸਐਪ ਅਤੇ ਮੇਲ 'ਤੇ ਸੁਨੇਹੇ ਆਉਂਦੇ ਹਨ - "ਸਿਰਫ਼ 1000 ਰੁਪਏ ਲਈ ਨਾਮਜ਼ਦ ਹੋਵੋ, 2500 ਰੁਪਏ ਦਾ ਇਨਾਮ ਪ੍ਰਾਪਤ ਕਰੋ।" ਕੁਝ ਅਖੌਤੀ ਸੰਗਠਨ ਅਤੇ ਵਿਅਕਤੀ 'ਰਾਸ਼ਟਰੀ', 'ਅੰਤਰਰਾਸ਼ਟਰੀ', 'ਮਹਿਮਾ', 'ਰਤਨ' ਵਰਗੇ ਵੱਡੇ ਸ਼ਬਦਾਂ ਨਾਲ ਸਜਾਏ ਪੁਰਸਕਾਰਾਂ ਦਾ ਜਾਲ ਫੈਲਾ ਕੇ ਸਾਹਿਤ ਪ੍ਰੇਮੀਆਂ ਨੂੰ ਲੁਭਾਉਂਦੇ ਹਨ। ਸੱਚਾਈ ਇਹ ਹੈ ਕਿ ਪੁਰਸਕਾਰ ਨਹੀਂ, ਸਗੋਂ ਸਨਮਾਨਾਂ ਦੀ ਨਿਲਾਮੀ ਕੀਤੀ ਜਾ ਰਹੀ ਹੈ। ਇਨ੍ਹਾਂ ਸਮਾਗਮਾਂ ਦੇ ਜ਼ਿਆਦਾਤਰ ਪ੍ਰਬੰਧਕ ਅਜਿਹੀਆਂ ਵੈੱਬਸਾਈਟਾਂ, ਜਾਅਲੀ ਅੰਤਰਰਾਸ਼ਟਰੀ ਸੰਗਠਨਾਂ ਦੇ ਨਾਵਾਂ ਅਤੇ ਸੋਸ਼ਲ ਮੀਡੀਆ ਪ੍ਰਚਾਰ ਦਾ ਸਹਾਰਾ ਲੈ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਉਹ ਇੱਕ ਨਿਸ਼ਚਿਤ ਫੀਸ ਲਈ ਇੱਕ ਟਰਾਫੀ, ਸਰਟੀਫਿਕੇਟ ਅਤੇ ਕਈ ਵਾਰ ਆਨਲਾਈਨ ਸਮਾਰੋਹ ਦਾ ਪ੍ਰਬੰਧ ਕਰਦੇ ਹਨ, ਜੋ ਕਿ ਸਿਰਫ ਸਵੈ-ਪ੍ਰਸ਼ੰਸਾ ਦਾ ਸਾਧਨ ਹੈ, ਅਸਲ ਮਾਨਤਾ ਨਹੀਂ।

**ਦਾਨ ਜਾਂ ਇਨਾਮਾਂ ਲਈ ਦਲਾਲੀ?**

ਇਨ੍ਹਾਂ ਘਟਨਾਵਾਂ ਪਿੱਛੇ ਅਕਸਰ ਇੱਕ ਚਲਾਕ ਚਾਲ ਹੁੰਦੀ ਹੈ, ਇਸਨੂੰ "ਸਹਾਇਤਾ ਰਕਮ" ਜਾਂ "ਪ੍ਰੈੱਸ ਰਿਲੀਜ਼ ਖਰਚ" ਕਹਿ ਕੇ ਇੱਕ ਨੈਤਿਕ ਕਵਰ ਦਿੱਤਾ ਜਾਂਦਾ ਹੈ। ਪੁਰਸਕਾਰ ਇੱਕ ਖੋਜੀ ਨੂੰ ਉਸਦੇ ਯੋਗਦਾਨ ਲਈ ਦਿੱਤਾ ਜਾਣਾ ਚਾਹੀਦਾ ਹੈ, ਉਸਦੀ ਜੇਬ ਵੱਲ ਦੇਖ ਕੇ ਨਹੀਂ। ਜਦੋਂ ਕੋਈ ਲੇਖਕ ਆਪਣੀ ਮਿਹਨਤ ਨਾਲ ਕੋਈ ਰਚਨਾ ਸਿਰਜਦਾ ਹੈ, ਤਾਂ ਉਹ ਆਪਣੇ ਸਮੇਂ, ਜੀਵਨ ਅਤੇ ਸੰਵੇਦਨਸ਼ੀਲਤਾ ਦਾ ਇੱਕ ਹਿੱਸਾ ਇਸ ਵਿਚ ਪਾਉਂਦਾ ਹੈ ਅਤੇ ਫਿਰ ਕੁਝ ਲੋਕ ਆਉਂਦੇ ਹਨ - ਪੈਸੇ ਦਿੰਦੇ ਹਨ, ਪੁਰਸਕਾਰ ਲੈਂਦੇ ਹਨ - ਕੀ ਇਹ ਸਾਹਿਤ ਦੀ ਆਤਮਾ ਦਾ ਅਪਮਾਨ ਨਹੀਂ ਹੈ? ਇੱਥੇ ਸਾਹਿਤ ਇੱਕ ਉਤਪਾਦ ਬਣ ਗਿਆ ਹੈ ਅਤੇ ਲੇਖਕ ਇੱਕ ਖਪਤਕਾਰ। ਪੁਰਸਕਾਰ ਦੀਆਂ ਸ਼ਰਤਾਂ ਉਨ੍ਹਾਂ ਦੇ ਰਚਨਾਤਮਕ ਮਾਪਦੰਡਾਂ 'ਤੇ ਨਹੀਂ, ਸਗੋਂ ਯੂ.ਪੀ.ਆਈ. ਭੁਗਤਾਨ ਅਤੇ ਸਕ੍ਰੀਨਸ਼ੌਟਸ ਦੀ ਪੁਸ਼ਟੀ 'ਤੇ ਤੈਅ ਕੀਤੀਆਂ ਜਾਂਦੀਆਂ ਹਨ।

**ਭਾਸ਼ਾ ਦੇ ਪਤਨ ਦੇ ਵਪਾਰੀ**

ਅਜਿਹੇ ਸਮਾਗਮਾਂ ਰਾਹੀਂ ਨਾ ਸਿਰਫ਼ ਸਾਹਿਤ ਨਾਲ ਧੋਖਾ ਕੀਤਾ ਜਾ ਰਿਹਾ ਹੈ, ਸਗੋਂ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਨਾਮ 'ਤੇ ਇੱਕ ਯੋਜਨਾਬੱਧ ਨਿਘਾਰ ਫੈਲਾਇਆ ਜਾ ਰਿਹਾ ਹੈ। ਉਹ ਸਨਮਾਨ ਜੋ ਕਦੇ ਰਾਸ਼ਟਰੀ ਸਵੈਮਾਣ ਦਾ ਪ੍ਰਤੀਕ ਸੀ, ਹੁਣ ਇੱਕ ਅਜਿਹੀ ਵਸਤੂ ਬਣ ਗਿਆ ਹੈ, ਜੋ ਟਿਕਟਾਂ ਖਰੀਦ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਭਾਸ਼ਾਈ ਸੱਭਿਆਚਾਰ 'ਤੇ ਹਮਲਾ ਹੈ, ਜਿਸਦਾ ਸੰਗਠਿਤ ਬਾਈਕਾਟ ਦੀ ਲੋੜ ਹੈ। ਵਿਦੇਸ਼ੀ ਨਾਵਾਂ ਦੀ ਆੜ ਵਿਚ ਭਾਰਤ ਦੇ ਅੰਦਰ ਬਹੁਤ ਸਾਰੇ ਨਕਲੀ ਅੰਤਰਰਾਸ਼ਟਰੀ ਪੁਰਸਕਾਰ ਚਲਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦਾ ਸਿਰਫ਼ ਇੱਕ ਹੀ ਉਦੇਸ਼ ਹੈ - ਨਾਮ ਦੀ ਆੜ ਵਿਚ ਪੈਸਾ ਕਮਾਉਣਾ ਅਤੇ ਸਾਹਿਤਕ ਗੰਭੀਰਤਾ ਦਾ ਸ਼ੋਸ਼ਣ ਕਰਨਾ।

**ਸਾਹਿਤ ਨੂੰ ਇੱਕ ਖੋਜ ਹੀ ਰਹਿਣ ਦਿਓ, ਇਸਨੂੰ ਸੌਦਾ ਨਾ ਬਣਾਓ।**

-ਡਾ. ਸਤਿਆਵਾਨ 'ਸੌਰਭ'
ਬਰਵਾ (ਸਿਵਾਨੀ) ਭਿਵਾਨੀ, ਹਰਿਆਣਾ
ਮੋਬਾਈਲ : 94665-26148, 01255281381
ਪੰਜਾਬ ਮੇਲ USA



ਇੱਕ ਸੱਚਾ ਲੇਖਕ ਪੁਰਸਕਾਰਾਂ ਲਈ ਨਹੀਂ, ਸਗੋਂ ਸਮਾਜ ਲਈ ਲਿਖਦਾ ਹੈ। ਉਹ ਪੁਰਸਕਾਰਾਂ ਪਿੱਛੇ ਨਹੀਂ ਭੱਜਦਾ, ਪੁਰਸਕਾਰ ਆਪਣੀ ਸ਼ਰਧਾ ਪਿੱਛੇ ਭੱਜਦੇ ਹਨ। ਅੱਜ, ਅਜਿਹੇ ਧੋਖੇ ਨੂੰ ਬੇਨਕਾਬ ਕਰਨ ਦੀ ਲੋੜ ਹੈ, ਜੋ ਸਾਹਿਤ ਨੂੰ ਸਿਰਫ਼ ਇੱਕ "ਸੈਲਫੀ ਸਮਾਗਮ" ਬਣਾ ਰਿਹਾ ਹੈ। "ਪੁਰਸਕਾਰਾਂ ਦੀ ਗਰੰਟੀ" ਦੇਣ ਵਾਲੇ ਲੋਕ ਅਸਲ ਵਿਚ ਸਾਹਿਤ ਦੀ ਆਤਮਾ ਦੇ ਕਾਤਲ ਹਨ। ਅਜਿਹੇ ਪੁਰਸਕਾਰ ਨਾ ਸਿਰਫ਼ ਸਾਹਿਤਕ ਮਾਣ ਨੂੰ ਘਟਾਉਂਦੇ ਹਨ, ਸਗੋਂ ਨੌਜਵਾਨ ਲੇਖਕਾਂ ਨੂੰ ਇੱਕ ਗਲਤ ਪ੍ਰੇਰਨਾ ਵੀ ਦਿੰਦੇ ਹਨ ਕਿ ਰਚਨਾ ਨਾਲੋਂ ਮਾਰਕੀਟਿੰਗ ਅਤੇ ਕੰਮ ਦੀ ਅਦਾਇਗੀ ਜ਼ਿਆਦਾ ਮਹੱਤਵਪੂਰਨ ਹੈ। ਸਮਾਜ ਨੂੰ ਜਾਗਰੂਕ ਕਰੋ, ਇਸਦਾ ਬਾਈਕਾਟ ਕਰੋ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਅਜਿਹੇ ਸਮਾਗਮਾਂ ਦਾ ਬਾਈਕਾਟ ਕਰੀਏ, ਸਮਾਜਿਕ ਤੌਰ 'ਤੇ ਉਨ੍ਹਾਂ ਲੋਕਾਂ ਦਾ ਪਰਦਾਫਾਸ਼ ਕਰੀਏ, ਜੋ ਪੈਸੇ ਲਈ ਪੁਰਸਕਾਰ ਵੇਚਦੇ ਹਨ, ਸੋਸ਼ਲ ਮੀਡੀਆ ਅਤੇ ਰਸਾਲਿਆਂ ਵਿਚ ਉਨ੍ਹਾਂ ਦੇ ਨਾਮ ਉਜਾਗਰ ਕਰੀਏ, ਸੱਚੇ ਲੇਖਕਾਂ ਅਤੇ ਪਾਠਕਾਂ ਵਿਚ ਜਾਗਰੂਕਤਾ ਫੈਲਾਈਏ, ਸਾਹਿਤ ਨੂੰ ਆਤਮਾ ਦੇ ਪ੍ਰਗਟਾਵੇ ਵਜੋਂ ਰੱਖੀਏ, ਇਸਨੂੰ ਨਿਲਾਮ ਨਾ ਹੋਣ ਦੇਈਏ।

**ਨਕਲੀ ਇਨਾਮ ਘੁਟਾਲੇ ਨੂੰ ਕਿਵੇਂ ਪਛਾਣਿਆ ਜਾਵੇ?**

ਜੇਕਰ ਪੁਰਸਕਾਰ ਪ੍ਰਾਪਤ ਕਰਨ ਤੋਂ ਪਹਿਲਾਂ ਨਾਮਜ਼ਦਗੀ ਫੀਸ ਜਾਂ ਯੋਗਦਾਨ ਦੀ ਮੰਗ ਕੀਤੀ ਜਾਂਦੀ ਹੈ, ਤਾਂ ਸਾਵਧਾਨ ਰਹੋ। ਜਿਨ੍ਹਾਂ ਸਮਾਗਮਾਂ ਦੇ ਪਿੱਛੇ ਕੋਈ ਨਾਮਵਰ ਸੰਸਥਾ ਨਹੀਂ ਹੈ, ਸਿਰਫ਼ ਫੇਸਬੁੱਕ ਪੇਜ ਜਾਂ ਗੂਗਲ ਫਾਰਮ ਹੈ - ਉਹ ਸ਼ੱਕੀ ਹਨ। ਜੇਕਰ ਕੋਈ "ਅੰਤਰਰਾਸ਼ਟਰੀ" ਪੁਰਸਕਾਰ ਸਿਰਫ਼ ਭਾਰਤ ਦੇ ਛੋਟੇ ਸ਼ਹਿਰਾਂ ਵਿਚ ਆਯੋਜਿਤ ਕੀਤਾ ਜਾ ਰਿਹਾ ਹੈ, ਤਾਂ ਜਾਂਚ ਜ਼ਰੂਰੀ ਹੈ। ਜੇਕਰ ਵੈੱਬਸਾਈਟ 'ਤੇ ਸੰਸਥਾਪਕ ਜਾਂ ਜਿਊਰੀ ਦੀ ਕੋਈ ਪਾਰਦਰਸ਼ਤਾ ਨਹੀਂ ਹੈ, ਤਾਂ ਇਹ ਇੱਕ ਲਾਲ ਝੰਡਾ ਹੈ।

**ਸਾਹਿਤ ਵਿਕਿਆ ਨਹੀਂ, ਬਚ ਗਿਆ।**

ਅਸੀਂ ਇਹ ਨਹੀਂ ਕਹਿ ਰਹੇ ਕਿ ਪੁਰਸਕਾਰ ਨਹੀਂ ਦਿੱਤੇ ਜਾਣੇ ਚਾਹੀਦੇ, ਸਗੋਂ ਪੁਰਸਕਾਰ ਤਪੱਸਵੀ ਲੇਖਕਾਂ ਦੀ ਸਾਧਨਾ ਦੀ ਪ੍ਰਵਾਨਗੀ ਹੋਣੇ ਚਾਹੀਦੇ ਹਨ, ਨਾ ਕਿ ਯੂ.ਪੀ.ਆਈ. ਭੁਗਤਾਨ ਦੀ ਰਸੀਦ। ਜੇਕਰ ਅਸੀਂ ਭਾਸ਼ਾ ਦੀ ਸ਼ਾਨ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਅਜਿਹੇ ਨਕਲੀ ਅਦਾਰਿਆਂ ਤੋਂ ਛੁਟਕਾਰਾ ਪਾਉਣਾ ਪਵੇਗਾ। ਸਾਹਿਤ ਕਾਜਲ ਦਾ ਕਮਰਾ ਨਹੀਂ ਹੈ, ਜਿੱਥੇ ਕੋਈ ਆ ਸਕਦਾ ਹੈ, ਕਾਜਲ ਲਗਾ ਸਕਦਾ ਹੈ ਅਤੇ ਚਲਾ ਜਾ ਸਕਦਾ ਹੈ। ਇਹ ਸਾਧਨਾ ਹੈ, ਇਹ ਸੇਵਾ ਹੈ, ਇਹ ਇੱਕ ਸੰਘਰਸ਼ ਹੈ। ਸਾਹਿਤ ਦੀ ਦੁਨੀਆਂ ਵਿਚ ਜੋ ਨਕਲੀ ਰੌਸ਼ਨੀ ਪੈਦਾ ਹੋ ਰਹੀ ਹੈ, ਉਹ ਅਸਲ ਵਿਚ ਇੱਕ ਹਨੇਰਾ ਹੈ - ਆਤਮਾ ਤੋਂ ਦੂਰ, ਪੈਸੇ ਦੇ ਨੇੜੇ। ਸਿਰਫ਼ ਸੱਚੇ ਲੇਖਕ ਅਤੇ ਪਾਠਕ ਹੀ ਮਿਲ ਕੇ ਇਸ ਹਨੇਰੇ ਨੂੰ ਮਿਟਾ ਸਕਦੇ ਹਨ। ਜੇਕਰ ਅਸੀਂ ਸਾਹਿਤ ਦੀ ਆਤਮਾ ਨੂੰ ਜ਼ਿੰਦਾ ਰੱਖਣਾ ਚਾਹੁੰਦੇ ਹਾਂ, ਤਾਂ ਇਹ ਜ਼ਰੂਰੀ ਹੈ ਕਿ ਅਸੀਂ ਅਜਿਹੇ ਨਕਲੀ ਪੁਰਸਕਾਰਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੀਏ। ਇਹ ਨਾ ਸਿਰਫ਼ ਲਿਖਣ ਦੀ ਸਾਖ ਦੀ ਰੱਖਿਆ ਕਰੇਗਾ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਵੀ ਸਿਖਾਏਗਾ ਕਿ ਪੁਰਸਕਾਰ ਨਹੀਂ, ਸਗੋਂ ਰਚਨਾਤਮਕਤਾ ਅਤੇ ਸੰਵੇਦਨਸ਼ੀਲਤਾ ਸਾਹਿਤ ਦੀ ਅਸਲ ਪੂੰਜੀ ਹਨ।

ਅਸੀਂ ਸਾਹਿਤ ਦੇ ਇੱਕ ਅਜਿਹੇ ਯੁੱਗ ਵਿਚ ਪ੍ਰਵੇਸ਼ ਕਰ ਰਹੇ ਹਾਂ, ਜਿੱਥੇ ਪੁਰਸਕਾਰਾਂ ਦਾ ਬਾਇਓਡਾਟਾ ਆਤਮਾ ਨਾਲੋਂ ਵੱਧ ਮਹੱਤਵਪੂਰਨ ਹੋ ਗਿਆ ਹੈ। ਲੋੜ ਹੈ ਧੀਰਜ, ਵਿਵੇਕ ਅਤੇ ਵਿਸ਼ਲੇਸ਼ਣ ਦੀ ਜੋ ਸੱਚੇ ਸਿਰਜਣਹਾਰ ਨੂੰ ਅੰਦਰੋਂ ਮਜ਼ਬੂਤ ਕਰੇ। ਅਜਿਹੇ ਮਾਹੌਲ ਵਿਚ, ਸੱਚੇ ਲੇਖਕਾਂ ਦੀ ਚੁੱਪੀ ਇੱਕ ਅਪਰਾਧ ਹੋਵੇਗੀ। ਜੇਕਰ ਉਹ ਇਨ੍ਹਾਂ ਨਕਲੀ ਪਲੇਟਫਾਰਮਾਂ ਨੂੰ ਰੱਦ ਕਰਦੇ ਹਨ, ਤਾਂ ਹੀ ਕਦਰਾਂ-ਕੀਮਤਾਂ ਨੂੰ ਬਹਾਲ ਕਰਨਾ ਸੰਭਵ ਹੋਵੇਗਾ।

ਇਹ ਸਿਰਫ਼ ਬਾਈਕਾਟ ਨਹੀਂ ਹੈ, ਇਹ ਇੱਕ ਸੱਭਿਆਚਾਰਕ ਪੁਨਰਜਾਗਰਣ ਦੀ ਸ਼ੁਰੂਆਤ ਹੈ, ਜਿੱਥੇ ਵਿਚਾਰਾਂ ਦੀ ਗੂੰਜ ਮਹੱਤਵਪੂਰਨ ਹੋਵੇਗੀ, ਪੁਰਸਕਾਰ ਨਹੀਂ। ਇਹ ਸਾਹਿਤ ਦੇ ਅਭਿਆਸ ਨੂੰ ਬਚਾਉਣ ਦਾ ਸਮਾਂ ਹੈ। ਜੇ ਅਸੀਂ ਅੱਜ ਨਹੀਂ ਬੋਲਦੇ, ਤਾਂ ਸ਼ਾਇਦ ਕੱਲ੍ਹ ਨੂੰ ਉਹ ਭਾਸ਼ਾ, ਜਿਸਦੀ ਮਦਦ ਨਾਲ ਅਸੀਂ ਇਹ ਲੇਖ ਲਿਖ ਰਹੇ ਹਾਂ, ਬਚ ਨਹੀਂ ਸਕੇਗੀ।

# ਆਪਣੀ ਮਾਂ ਬੋਲੀ ਪੰਜਾਬੀ ’ਤੇ ਮਾਣ ਕਰਨਾ ਸਿਖਾਉ ਬੱਚਿਆਂ ਨੂੰ

-ਡਾ. ਸਤਿੰਦਰ ਪਾਲ ਸਿੰਘ
ਲਖਨਊ : 226017
ਈ ਮੇਲ : akaalpurakh.7@gmail.com
ਪੰਜਾਬ ਮੇਲ USA





**ਭਾਸ਼ਾ ਨਾਲ ਪਛਾਣ ਤੇ ਮਾਣ ਉਹ ਬੀਜ ਹੈ, ਜੋ ਨਿੱਕੀ ਉਮਰ ਦੇ ਖੇਤ ਵਿਚ ਹੀ ਬੀਜਿਆ ਜਾਂਦਾ ਹੈ, ਜੋ ਉਮਰ ਦੇ ਨਾਲ ਨਾਲ ਹੀ ਪੁੰਗਰ ਕੇ ਵੱਡਾ ਹੁੰਦਾ ਹੈ ਤੇ ਸਮਾਂ ਆਉਣ ’ਤੇ ਮਾਣ ਦਾ ਬਿਰਖ ਬਣ ਜਾਂਦਾ ਹੈ। ਆਪਣੀ ਸੱਭਿਅਤਾ ਦਾ ਫਲ ਪ੍ਰਾਪਤ ਕਰਨਾ ਹੈ, ਤਾਂ ਬੀਜ ਠੀਕ ਸਮੇਂ, ਠੀਕ ਰੁੱਤ ਅੰਦਰ, ਤਿਆਰ ਖੇਤ ਵਿਚ ਬੀਜਣਾ ਪਹਿਲੀ ਸ਼ਰਤ ਹੁੰਦੀ ਹੈ। ਬਾਲ ਅਵਸਥਾ ਹੀ ਉਹ ਖੇਤ, ਸਮਾਂ, ਰੁਤ ਹੈ, ਜੋ ਆਪਣੀ ਸੱਭਿਅਤਾ ਦਾ ਬੀਜ ਬੀਜਣ ਲਈ ਅਨੁਕੂਲ ਹੁੰਦੀ ਹੈ। ਬੱਚੇ ਦੀ ਸੋਚ, ਜੋ ਕਿਸੇ ਵੀ ਦਬਾਵ, ਪ੍ਰਭਾਵ ਤੋਂ ਮੁਕਤ ਹੁੰਦੀ ਹੈ, ਕਿਸੇ ਵੀ ਦਿਸ਼ਾ ਵੱਲ ਤੋਰੀ ਜਾ ਸਕਦੀ ਹੈ।**

ਅਕਸਰ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਕਿ ਨਵੀਂ ਪੀੜ੍ਹੀ ਮਾਂ ਬੋਲੀ ਪੰਜਾਬੀ ਤੋਂ ਦੂਰ ਹੁੰਦੀ ਜਾ ਰਹੀ ਹੈ। ਮਾਤ੍ਰ ਭਾਸ਼ਾ ਦਾ ਮਾਣ, ਸਤਿਕਾਰ ਘੱਟਦਾ ਜਾ ਰਿਹਾ ਹੈ। ਕੁਝ ਸਮਾਂ ਪਹਿਲਾਂ ਇੱਕ ਸਰਵੇਖਣ ਚਰਚਾ ਵਿਚ ਰਿਹਾ ਕਿ ਮਾਂ ਬੋਲੀ ਦੇ ਹਿੱਤ ਬਣੀ ਇੱਕ ਯੂਨੀਵਰਸਿਟੀ ਵਿਚ ਜ਼ਿਆਦਾ ਦਫਤਰੀ ਕੰਮ ਕਿਸੇ ਹੋਰ ਭਾਸ਼ਾ ਵਿਚ ਹੋ ਰਿਹਾ ਹੈ। ਪੰਜਾਬੀ ਦੇ ਪ੍ਰਚਾਰ, ਪ੍ਰਸਾਰ ਦਾ ਸਰੋਕਾਰ ਰੱਖਣ ਵਾਲੇ ਮਈ, ਜੂਨ ਦੇ ਮਹੀਨਿਆਂ ਵਿਚ ਪੰਜਾਬੀ ਦੀਆਂ ਵਿਸ਼ੇਸ਼ ਕਲਾਸਾਂ ਲਾਉਂਦੇ ਹਨ ਕਿਉਂਕਿ ਸਕੂਲ ਬੰਦ ਹੁੰਦੇ ਹਨ। ਪਰ ਇਹ ਕਲਾਸਾਂ ਸਿਖਿਆਰਥੀ ਹੀ ਉਡੀਕਦੀਆਂ ਰਹਿੰਦੀਆਂ ਹਨ। ਪੰਜਾਬੀ ਦੀ ਗੱਲ ਹੋਵੇ ਤਾਂ ਸਹਿਜ ਹੀ ਸਰਕਾਰ ਤੇ ਸੰਸਥਾਵਾਂ ’ਤੇ ਸਵਾਲ ਚੁੱਕੇ ਜਾਂਦੇ ਹਨ। ਇਹ ਸੌਖਾ ਵੀ ਹੈ ਕਿਉਂਕਿ ਮਕਸਦ ਸਿਰਫ ਬਹਿਸ ਕਰਨਾ ਹੁੰਦਾ ਹੈ ਤੇ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ। ਭਾਸ਼ਾ ਸੋਚ ਤੇ ਭਾਵਨਾ ਦਾ ਵਿਸ਼ਾ ਹੈ। ਇਹ ਕਿਸੇ ਸਰਕਾਰ ਜਾਂ ਸੰਸਥਾ ਦੀ ਮੁਥਾਜ ਨਹੀਂ ਹੁੰਦੀ। ਭਾਸ਼ਾ ਦਾ ਕੇਂਦਰ ਆਪਣਾ ਘਰ ਰਿਹਾ ਹੈ। ਮਾਂ ਬੋਲੀ ਦੀ ਸਥਿਤੀ ਵੇਖਣੀ ਹੈ, ਤਾਂ ਆਪਣੇ ਘਰ ਅੰਦਰ ਵੇਖੀਆਂ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ। ਆਪਣੇ ਘਰ ਨੂੰ ਮਾਂ ਬੋਲੀ ਦਾ ਘਰ ਬਣਾਉ। ਇਹ ਪੰਜਾਬ, ਭਾਰਤ ਦੇ ਕਿਸੇ ਵੀ ਪ੍ਰਾਂਤ, ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਸੰਭਵ ਹੈ। ਲੋੜ ਹੈ ਪੱਕੇ ਸੰਕਲਪ ਦੀ। ਇੱਕ ਨਿੱਕੀ ਬੱਚੀ ਸੁਹਾਵੀ ਕੌਰ ਹੈ, ਜਿਸ ਦੀ ਉਮਰ ਪੰਜ ਸਾਲ ਹੈ। ਉਹ ਆਸਟ੍ਰੇਲੀਆ ਦੇ ਸਹਿਰ ਸਿਡਨੀ ਦੀ ਜੰਮਪਲ ਹੈ। ਉਸ ਦੇ ਮਾਤਾ-ਪਿਤਾ ਵੀ ਆਸਟ੍ਰੇਲੀਆ ਦੇ ਨਾਗਰਿਕ ਹਨ। ਸੁਹਾਵੀ ਕੌਰ ਪ੍ਰਵਾਹ ਨਾਲ ਸਥਾਨਕ ਰੰਗ ਦੀ ਅੰਗਰੇਜ਼ੀ ਬੋਲਦੀ ਹੈ। ਪਰ ਉਸ ਦੇ ਪਿਤਾ ਸਰਦਾਰ ਇੰਦਰਪਾਲ ਸਿੰਘ ਨੇ, ਜੋ ਆਪ ਇੱਕ ਮਲਟੀਨੇਸ਼ਨਲ ਕੰਪਨੀ ਵਿਚ ਵੱਡੇ ਅਹੁਦੇ ’ਤੇ ਹਨ, ਇੱਕ ਨਿਯਮ ਬਣਾਇਆ ਹੈ ਆਪਣੀ ਬੱਚੀ ਲਈ ਕਿ ਉਹ ਘਰ ਅੰਦਰ ਸਿਰਫ ਪੰਜਾਬੀ ਹੀ ਬੋਲੇਗੀ। ਸੁਹਾਵੀ ਨੂੰ ਭਾਸ਼ਾ ਦੋਹਰੇ ਪੱਧਰ ’ਤੇ ਸਿਖਾਈ ਜਾ ਰਹੀ ਹੈ। ਉਹ ਅੰਗਰੇਜ਼ੀ ਦੇ ਸ਼ਬਦ ਸਿਖ ਰਹੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਪੰਜਾਬੀ ਵਿਚ ਕੀ ਕਿਹਾ ਜਾਂਦਾ ਹੈ, ਇਹ ਵੀ ਸਿੱਖ ਰਹੀ ਹੈ। ਦਿਨ ਸਕੂਲ ਵਿਚ ਬਤੀਤ ਕਰਨ ’ਤੇ ਭਾਸ਼ਾ ਦਾ ਇੱਕੋ ਇੱਕ ਵਿਕਲਪ ਅੰਗਰੇਜ਼ੀ ਖੁੱਲ੍ਹੀ ਵਰਤਣ ਤੋਂ ਬਾਅਦ ਘਰ ਵਿਚ ਉਹ ਪੰਜਾਬੀ ਬੋਲ ਕੇ ਖੁਸ਼ ਹੁੰਦੀ ਹੈ। ਉਸ ਦੇ ਮਾਤਾ-ਪਿਤਾ ਦੂਜਿਆਂ ਨੂੰ ਮਾਣ ਨਾਲ ਦੱਸਦੇ ਹਨ ਕਿ ਸੁਹਾਵੀ ਨੇ ਪੰਜਾਬੀ ਕਿਤਨੀ ਸਿਖ ਲਈ ਹੈ। ਭਾਸ਼ਾ ਨਾਲ ਪਛਾਣ ਤੇ ਮਾਣ ਉਹ ਬੀਜ ਹੈ, ਜੋ ਨਿੱਕੀ ਉਮਰ ਦੇ ਖੇਤ ਵਿਚ ਹੀ ਬੀਜਿਆ ਜਾਂਦਾ ਹੈ, ਜੋ ਉਮਰ ਦੇ ਨਾਲ ਨਾਲ ਹੀ ਪੁੰਗਰ ਕੇ ਵੱਡਾ ਹੁੰਦਾ ਹੈ ਤੇ ਸਮਾਂ ਆਉਣ ’ਤੇ ਮਾਣ ਦਾ ਬਿਰਖ ਬਣ ਜਾਂਦਾ ਹੈ। ਆਪਣੀ ਸੱਭਿਅਤਾ ਦਾ ਫਲ ਪ੍ਰਾਪਤ ਕਰਨਾ ਹੈ, ਤਾਂ ਬੀਜ ਠੀਕ ਸਮੇਂ, ਠੀਕ ਰੁੱਤ ਅੰਦਰ, ਤਿਆਰ ਖੇਤ ਵਿਚ ਬੀਜਣਾ ਪਹਿਲੀ ਸ਼ਰਤ ਹੁੰਦੀ ਹੈ। ਬਾਲ ਅਵਸਥਾ ਹੀ ਉਹ ਖੇਤ, ਸਮਾਂ, ਰੁਤ ਹੈ, ਜੋ ਆਪਣੀ ਸੱਭਿਅਤਾ ਦਾ ਬੀਜ ਬੀਜਣ ਲਈ ਅਨੁਕੂਲ ਹੁੰਦੀ ਹੈ। ਬੱਚੇ ਦੀ ਸੋਚ, ਜੋ ਕਿਸੇ ਵੀ ਦਬਾਵ, ਪ੍ਰਭਾਵ ਤੋਂ ਮੁਕਤ ਹੁੰਦੀ ਹੈ, ਕਿਸੇ ਵੀ ਦਿਸ਼ਾ ਵੱਲ ਤੋਰੀ ਜਾ ਸਕਦੀ ਹੈ। ਸੱਭਿਆਚਾਰ, ਭਾਸ਼ਾ ਇੱਕ ਆਦਤ ਹੈ। ਬੱਚੇ ਨੂੰ ਇਹ ਆਦਤ ਇੱਕ ਵਾਰ ਪੈ ਗਈ, ਤਾਂ ਜੀਵਨ ਭਰ ਨਹੀਂ ਛੁੱਟੇਗੀ। ਬੀਜ ਇੱਕ ਵਾਰ ਮਨ ਅੰਦਰ ਪੁੰਗਰ ਕੇ ਉੱਗਣਾ ਸ਼ੁਰੂ ਹੋ ਜਾਏ ਤਾਂ ਉਸ ਨੂੰ ਫਲ ਦੇਣ ਵਾਲਾ ਬਿਰਖ ਬਣਨ ਤੋਂ ਕੋਈ ਰੋਕ ਨਹੀਂ ਸਕਦਾ ਬਸ ਸ਼ਲਾਘਾ, ਪ੍ਰੇਰਣਾ ਤੇ ਆਦਰ ਦਾ ਪਾਣੀ, ਪਵਨ ਤੇ ਰੌਸ਼ਨੀ ਮਿੱਲਦੀ ਰਹੇ।

ਪੰਜਾਬੀ ਬੋਲੀ ਤੇ ਭਾਸ਼ਾ ਇੱਕ ਸਿੱਖ ਲਈ ਮਾਣ ਦਾ ਵਿਸ਼ਾ ਹੈ ਕਿਉਂਕਿ ਇਹ ਉਸ ਦੀ ਆਪਣੀ ਵਿਰਾਸਤ ਹੈ। ਘਰ ਇੱਕ ਕਮਰੇ ਦਾ ਹੀ ਹੋਵੇ, ਜੇ ਆਪਣਾ ਹੈ, ਤਾਂ ਸਕੂਨ ਉਸ ਇੱਕ ਕਮਰੇ ਵਿਚ ਆ ਕੇ ਹੀ ਪ੍ਰਾਪਤ ਹੁੰਦਾ ਹੈ। ਕਿਸੇ ਦੂਜੇ ਦੀ ਸੱਭਿਅਤਾ, ਭਾਸ਼ਾ ਸੁੰਦਰ ਹੋ ਸਕਦੀ ਹੈ, ਅਮੀਰ ਹੋ ਸਕਦੀ ਹੈ, ਵਰਤੀ ਜਾ ਸਕਦੀ ਹੈ ਪਰ ਉਸ ’ਤੇ ਮਿਲਕੀਅਤ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਉਹ ਕਿਰਾਏਦਾਰੀ , ਉਧਾਰੀ ਹੈ ਜੋ ਕਿਹੋ ਜਿਹੀ ਵੀ ਹੋਵੇ ਮਿਲਕੀਅਤ ਦਾ ਸੁੱਖ ਨਹੀਂ ਦੇ ਸਕਦੀ । ਫਿਰ ਪੰਜਾਬੀ ਬੋਲੀ , ਭਾਸ਼ਾ , ਸਿੱਖ ਸਭਿਅਤਾ ਤਾਂ ਇੱਕ ਅਦੁੱਤੀ ਮਹਿਲ ਵਰਗੀ ਹੈ, ਜੋ ਗੁਰੂ ਸਾਹਿਬਾਨ ਨੇ 239 ਸਾਲ ਦੇ ਅਥੱਕ ਜਪ-ਤਪ ਨਾਲ ਉਸਾਰਿਆ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਹਰ ਸਿੱਖ ਨੂੰ ਆਪਣਾ ਸੁਤ ਨਿਵਾਜ ਕੇ ਉਸ ਬੇਮਿਸਾਲ ਮਹਿਲ ਦਾ ਵਾਰਿਸ ਬਣਾ ਦਿੱਤਾ। ਉਹ ਮਹਿਲ ਅੱਜ ਦਸਾਂ ਗੁਰੂਆਂ ਦੀ ਜੋਤ ਸ੍ਰੀ ਗ੍ਰੰਥ ਸਾਹਿਬ ਦੇ ਇਲਾਹੀ ਪ੍ਰਕਾਸ਼ ਨਾਲ ਜਗਮਗ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੀ ਸ਼ਬਦ ਸੱਤਾਂ ਦੁਨੀਆਂ ਵਿਚ ਦੂਜੀ ਨਹੀਂ ਹੈ। ਸਿੱਖ ਲਈ ਇਸ ਤੋਂ ਵੱਧ ਮਾਣ ਦਾ ਵਿਸ਼ਾ ਕੀ ਹੋ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਉਸ ਦੀ ਮਾਤ੍ਰ ਭਾਸ਼ਾ ਹੈ। ਜਿੱਥੇ ਉਹ ਨਿਤ ਸੀਸ ਟੇਕਦਾ ਹੈ, ਹਾਜ਼ਰੀ ਭਰਦਾ ਹੈ ਉਸ ਦਰਬਾਰ, ਗੁਰ ਦਰਬਾਰ ਦੀ ਭਾਸ਼ਾ ਪੰਜਾਬੀ ਹੈ।

ਸੰਸਾਰ ਵਿਚ ਲਗਭਗ ਸੱਤ ਹਜ਼ਾਰ ਭਾਸ਼ਾਵਾਂ ਹਨ, ਜਿਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ’ਚੋਂ 90 ਫ਼ੀਸਦੀ ਭਾਸ਼ਾਵਾਂ ਬੋਲਣ, ਵਰਤਣ ਵਾਲੇ ਲੋਕ ਇੱਕ ਲੱਖ ਤੋਂ ਘੱਟ ਹਨ। ਕਈ ਭਾਸ਼ਾਵਾਂ ਦੀ ਹੋਂਦ ਖਤਰੇ ਵਿਚ ਹੈ। ਇੱਕ ਅਨੁਮਾਨ ਮੁਤਾਬਕ ਹਰ ਦੋ ਹਫਤੇ ਵਿਚ ਇੱਕ ਭਾਸ਼ਾ ਦੀ ਮੌਤ ਹੋ ਰਹੀ ਹੈ। ਪੰਜਾਬੀ ਭਾਸ਼ਾ ਨੂੰ ਗੁਰੂ ਸਾਹਿਬਾਨ ਨੇ ਅਜਰ-ਅਮਰ ਬਣਾ ਦਿੱਤਾ। ਕਿਸੇ ਭਾਸ਼ਾ ਦਾ ਭਵਿੱਖ ਕੀ ਹੈ ਪੱਕੇ ਤੌਰ ’ਤੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਭਾਸ਼ਾ ਵਰਤਣ ਵਾਲੇ ਲੋਕਾਂ ਦੀ ਗਿਣਤੀ, ਰੁਚੀ ਤੇ ਲੋੜ ’ਤੇ ਟਿਕਿਆ ਹੋਇਆ ਹੈ। ਪਰ ਪੰਜਾਬੀ ਦੀ ਮਹੱਤਤਾ ਸਿੱਖ ਦੇ ਮਨ ਦੀ ਭਾਵਨਾ ਕਾਰਣ ਹੈ। ਉਹ ਵਾਹਿਗੁਰੂ ਵੀ ਕਹਿੰਦਾ ਹੈ, ਤਾਂ ਪੰਜਾਬੀ ਆਪ ਹੀ ਹਿਰਦੇ ਵਿਚ ਆਪਣੀ ਥਾਂ ਬਣਾ ਲੈਂਦੀ ਹੈ। ਪਰ ਇਸ ਮਹੱਤਤਾ ਤੋਂ ਉਹ ਅਣਜਾਣ ਜਿਹਾ ਹੁੰਦਾ ਜਾ ਰਿਹਾ ਹੈ। ਕਈ ਵਾਰ ਕੋਲ ਹੀਰਾ ਹੁੰਦਾ ਹੈ ਪਰ ਪਛਾਣ ਨਾ ਹੋਣ ਕਾਰਣ ਹੀਰੇ ਦੀ ਕਦਰ ਨਹੀਂ ਪੈਂਦੀ। ਹੀਰਾ ਤਾਂ ਹੀਰਾ ਹੀ ਰਹਿੰਦਾ ਹੈ ਪਰ ਹੀਰੇ ਦਾ ਸੁਆਮੀ ਗਰੀਬੀ ਵਿਚ ਹੀ ਜੀਵਨ ਗੁਜ਼ਾਰ ਦਿੰਦਾ ਹੈ। ਪੰਜਾਬੀ ਨਾਲ ਵੀ ਇਹੋ ਹੋ ਰਿਹਾ ਹੈ। ਜਿਨ੍ਹਾਂ ਦੀ ਭਾਸ਼ਾ ਪੰਜਾਬੀ ਹੈ, ਉਹ ਇਸ ਦੀ ਅਮੀਰੀ ਨੂੰ ਵੇਖ ਹੀ ਨਹੀਂ ਪਾ ਰਹੇ ਤੇ ਇਸ ਤੋਂ ਬੇਪ੍ਰਵਾਹ ਹੋ ਗਏ ਹਨ। ਇਸ ਦਾ ਮੁੱਖ ਕਾਰਣ ਲੱਗਦਾ ਹੈ ਸਿੱਖ ਕੌਮ ਦਾ ਨਿਰੰਤਰ ਸੰਘਰਸ਼ਾਂ ਵਿਚ ਜੂਝਦੇ ਰਹਿਣਾ। ਗੁਰੂ ਕਾਲ ਤੋਂ ਬਾਅਦ ਮੁਗਲਾਂ, ਫਿਰ ਅੰਗਰੇਜ਼ਾਂ ਨਾਲ ਟਾਕਰੇ ਹੁੰਦੇ ਰਹੇ। ਭਾਰਤ ਵੰਡ ਵਿਚ ਸਿੱਖ ਕੌਮ ਨੂੰ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ। ਜੋ ਕੌਮ ਪੰਜਾਬ ਕੇਂਦ੍ਰਿਤ ਸੀ, ਉਹ ਖਿੰਡਰ ਗਈ। ਭਾਰਤ ਵੰਡ ਤੋਂ ਬਾਅਦ ਦੇ ਕਾਲ ਵਿਚ ਵੀ ਟਿੱਕ ਕੇ ਬੈਠਣ ਦਾ ਸਮਾਂ ਨਹੀਂ ਮਿਲਿਆ, ਜੋ ਇੱਕ ਕੌਮ ਨੂੰ ਆਪਣੀ ਵਿਰਾਸਤ ਦੀ ਸਾਰ, ਸੰਭਾਲ ਲਈ ਲੋੜੀਂਦਾ ਹੁੰਦਾ ਹੈ। ਸੱਭਿਆਚਾਰ, ਭਾਸ਼ਾ ਜਿਹੇ ਮੁੱਦੇ ਸ਼ਾਂਤੀ ਕਾਲ ਵਿਚ ਵੀ ਧੀਰਜ ਨਾਲ ਵਿਚਾਰਨ ਦੇ ਅਤਿ ਸੰਵੇਦਨਸ਼ੀਲ ਮੁੱਦੇ ਹੁੰਦੇ ਹਨ, ਜੋ ਸਮੇਂ ਦੀ ਕਿਸੇ ਮਿਆਦ ਅੰਦਰ ਨਹੀਂ ਬੰਨ੍ਹੇ ਜਾ ਸਕਦੇ। ਪੰਜਾਬੀ ਭਾਸ਼ਾ ਦੀ ਅੱਜ ਜੋ ਬੇਕਦਰੀ ਹੈ, ਉਸ ਲਈ ਸਥਿਤੀਆਂ ਜ਼ਿਆਦਾ ਜ਼ਿੰਮੇਵਾਰ ਹਨ। ਪਰ ਵਿਪਰੀਤ ਸਥਿਤੀਆਂ ਵਿਚ ਵੀ ਆਪਣੀ ਪਛਾਣ ਕਾਇਮ ਰੱਖਣਾ ਸਿੱਖਾਂ ਤੋਂ ਵੱਧ ਕੌਣ ਜਾਣਦਾ ਹੈ। ਇਸ ਕਾਰਣ ਅਸੀਂ ਆਪਣੀ ਵੀ ਜ਼ਿੰਮੇਵਾਰੀ ਤੋਂ ਬੱਚ ਨਹੀਂ ਸਕਦੇ।

ਭਾਸ਼ਾ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਆਤਮਕ ਚੇਤਨਾ ਤੇ ਮੁਨੱਸਰ ਕਰਦੀ ਹੈ। ਸਾਨੂੰ ਸਮਝਣ ਦੀ ਲੋੜ ਹੈ ਕਿ ਪੰਜਾਬੀ ਸਾਡੀ ਆਪਣੀ ਭਾਸ਼ਾ ਹੈ ਤੇ ਇੱਕ ਅਮੀਰ ਭਾਸ਼ਾ ਹੈ। ਸ਼ਾਇਦ ਪੰਜਾਬੀ ਹੀ ਅਜਿਹੀ ਭਾਸ਼ਾ ਹੈ, ਜਿਸ ਦੀ ਅੱਖਰ ਮਾਲਾ ਇੱਕਦਮ ਸਰਲ ਹੈ, ਜਿਸ ਦੇ ਅੱਖਰ ਜੋੜ ਸਹਜ ਹਨ ਤੇ ਜਿਸ ਦਾ ਅਤਿ ਵਿਆਕਰਣ ਸਪੱਸ਼ਟ ਹੈ। ਇਹ ਸੰਸਾਰ ਦੀ ਸਭ ਤੋਂ ਮਿਠਾਸ ਵਾਲੀ ਬੋਲੀ ਹੈ। ਕੋਈ ਪੰਜਾਬੀ ਬੋਲੀ ਨਾਂ ਵੀ ਜਾਣਦਾ ਹੋਵੇ ਪਰ ਬੋਲੀ ਦੀ ਮਿਠਾਸ ਨੂੰ ਮਹਿਸੂਸ ਕਰ ਸਕਦਾ ਹੈ। ਪੰਜਾਬੀ ਗੀਤਾਂ ਦੇ ਸਾਰੀ ਦੁਨੀਆਂ ਵਿਚ ਪਸੰਦ ਕੀਤੇ ਜਾਣ ਦਾ ਇਹ ਵੱਡਾ ਕਾਰਣ ਹੈ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਬੀ ਸ਼ਬਦ ਕੋਸ਼ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ, ਤਾਂ ਇਸ ਤੋਂ ਦਰਿਆ ਦਿਲ ਭਾਸ਼ਾ ਕੋਈ ਹੋ ਹੀ ਨਹੀਂ ਸਕਦੀ। ਅਨੇਕ ਭਾਸ਼ਾਵਾਂ, ਬੋਲੀਆਂ ਦੇ ਸ਼ਬਦ ਗੁਰੂ ਸਾਹਿਬ ਨੇ ਆਪਣੇ ਅਨੁਸਾਰ ਅਚਰਜ ਪੂਰਨ ਢੰਗ ਨਾਲ ਢਾਲ ਕੇ ਵਰਤੇ ਜੋ ਮੂਲ ਸ਼ਬਦਾਂ ਤੋਂ ਜ਼ਿਆਦਾ ਖ਼ੂਬਸੂਰਤ ਬਣ ਗਏ।

ਮਨੁੱਖ ਆਪਣੀ ਪਛਾਣ ਕਾਇਮ ਕਰਨ ਲਈ ਦਿਨ-ਰਾਤ ਯਤਨ ਕਰਦਾ ਹੈ। ਆਪਣੀ ਨਿੱਕੀ ਤੋਂ ਨਿੱਕੀ ਯੋਗਤਾ, ਪ੍ਰਾਪਤੀ ਨੂੰ ਵਧਾ-ਚੜ੍ਹਾ ਕੇ ਪ੍ਰਗਟ ਕਰਨ ਵਿਚ ਦਿਲਚਸਪੀ ਰੱਖਦਾ ਹੈ। ਮਾਂ ਬੋਲੀ ਵੀ ਤਾਂ ਆਪਣੀ ਹੀ ਪਛਾਣ ਦਾ ਹਿੱਸਾ ਹੈ। ਆਪਣੀ ਤਰੱਕੀ ਲਈ ਅਸੀਂ ਆਪ ਯੋਜਨਾ ਬਣਾਉਂਦੇ ਹਾਂ, ਨਿਯਮ ਤੈਅ ਕਰਦੇ ਹਾਂ, ਯਤਨ ਕਰਦੇ ਹਾਂ, ਤਾਂ ਆਪਣੀ ਮਾਂ ਬੋਲੀ ਦੀ ਤਰੱਕੀ ਕਿਵੇਂ ਵਿਸਾਰ ਸਕਦੇ ਹਾਂ, ਜੋ ਸਾਡੀ ਸ਼ਖਸੀਅਤ ਦਾ ਅਭਿੰਨ ਅੰਗ ਹੈ। ਹਰ ਦੇਸ਼, ਪ੍ਰਾਂਤ, ਖੇਤਰ ਦੀ ਆਪਣੀ ਭਾਸ਼ਾ ਹੁੰਦੀ ਹੈ। ਸਾਡਾ ਘਰ ਸਾਡਾ ਦੇਸ਼ ਹੈ। ਆਪਣੇ ਘਰ ਦੇ ਨਿਯਮ ਬਣਾਉਂਦਿਆਂ ਅਸੀਂ ਪੰਜਾਬੀ ਦੀ ਤਰੱਕੀ ਨੂੰ ਵੀ ਸ਼ਾਮਲ ਕਰੀਏ। ਕਿਸੇ ਸਰਕਾਰ, ਕਿਸੇ ਸਰਕਾਰੀ ਸੰਸਥਾ ਦੀ ਆਪਣੀ ਹੱਦ ਹੁੰਦੀ ਹੈ। ਆਪਣੇ ਘਰ ਅੰਦਰ ਪੰਜਾਬੀ ਦੇ ਸਨਮਾਨ ਦਾ ਸਾਨੂੰ ਅਸੀਮਤ ਹੱਕ ਹੈ। ਘਰ ਅੰਦਰ ਪੰਜਾਬੀ ਬੋਲਣ ਦਾ ਨਿਯਮ ਹੋਵੇ। ਬੱਚੇ ਬਾਹਰ ਦੂਜਿਆਂ ਭਾਸ਼ਾਵਾਂ ਸਿੱਖ ਜਾਣਗੇ ਪਰ ਪੰਜਾਬ ਤੋਂ ਬਾਹਰ ਭਾਰਤ ਦੇ ਕਿਸੇ ਵੀ ਪ੍ਰਾਂਤ, ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਪੰਜਾਬੀ ਬੋਲਣ ਤੇ ਸਿੱਖਣ ਦਾ ਅਵਸਰ ਘਰ ਵਿਚ ਹੀ ਮਿਲ ਸਕਦਾ ਹੈ। ਇੰਟਰਨੈੱਟ ਨੇ ਪੰਜਾਬੀ ਸਿੱਖਣਾ ਬਹੁਤ ਸੌਖਾ ਕਰ ਦਿੱਤਾ ਹੈ। ਕਈ ਐਪ ਮੌਜੂਦ ਹਨ, ਆਨਲਾਈਨ ਕਲਾਸ ਕੀਤੀ ਜਾ ਸਕਦੀ ਹੈ। ਘਰ ਦੇ ਵੱਡੇ ਪੰਜਾਬੀ ਦੀ ਵਰਤੋਂ ਕਰਾਂਗੇ, ਤਾਂ ਬੱਚੇ ਆਪ ਹੀ ਪ੍ਰੇਰਿਤ ਹੋਵਾਂਗੇ। ਸੰਕਲਪ ਹੋਣਾ ਚਾਹੀਦਾ ਹੈ। ਸੰਕਲਪ ਹੋਵੇ ਤਾਂ ਰਾਹ ਆਪ ਨਿਕਲ ਆਉਂਦੀ ਹੈ। ਆਸਟ੍ਰੇਲੀਆ ਵਿਚ ਰਹਿ ਕੇ ਵੀ ਪੰਜਾਬੀ ਦਾ ਸੰਕਲਪ ਰੱਖਣ ਵਾਲੇ ਨੌਜਵਾਨ ਸ. ਇੰਦਰਪਾਲ ਸਿੰਘ ਦੇ ਨਿਯਮ ਆਪ ਹੀ ਬਣ ਜਾਂਦੇ ਹਨ। ਉਨ੍ਹਾਂ ਦੀ ਬੇਟੀ ਸੁਹਾਵੀ ਕੌਰ ਨੂੰ ਸਕੂਲ ਦੀ ਲਾਇਬ੍ਰੇਰੀ ਤੋਂ ਅੰਗਰੇਜ਼ੀ ਦੀਆਂ ਕਿਤਾਬਾਂ ਮਿਲਦੀਆਂ ਹਨ। ਸ. ਇੰਦਰਪਾਲ ਸਿੰਘ ਬੱਚੀ ਨੂੰ ਕਿਤਾਬ ਦੀ ਸਟੋਰੀ ਪੜ੍ਹਾਉਂਦੇ ਹਨ, ਅੰਗਰੇਜ਼ੀ ਵਿਚ ਹੀ ਸਮਝਾਉਂਦੇ ਹਨ, ਤਾਂ ਜੋ ਸਕੂਲ ਵਿਚ ਟਾਸਕ ਪੂਰਾ ਕਰ ਸਕੇ। ਪਰ ਫਿਰ ਮਿਹਨਤ ਕਰ ਬੱਚੀ ਨੂੰ ਪੰਜਾਬੀ ਵਿਚ ਵੀ ਸਮਝਾਉਂਦੇ ਹਨ। ਜਦੋਂ ਦਾਦਾ, ਦਾਦੀ ਦਾ ਫੋਨ ਆਉਣਾ ਹੈ, ਤਾਂ ਸੁਹਾਵੀ ਉਨ੍ਹਾਂ ਨੂੰ ਸਟੋਰੀ ਪੰਜਾਬੀ ਵਿਚ ਸੁਣਾਉਂਦੀ ਹੈ। ਜਦੋਂ ਉਸ ਦੀ ਤਾਰੀਫ ਹੁੰਦੀ ਹੈ, ਤਾਂ ਮਨ ਵਿਚ ਭਾਵ ਦ੍ਰਿੜ੍ਹ ਹੁੰਦਾ ਹੈ ਕਿ ਪੰਜਾਬੀ ਉਸ ਨੂੰ ਮਾਣ ਦਿਵਾਉਣ ਵਾਲੀ ਹੈ। ਜਿਸ ਦੇ ਮਨ ਅੰਦਰ ਸੰਕਲਪ ਹੋਵੇ, ਉਹ ਆਪ ਨਿਯਮ ਬਣਾ ਲੈਂਦਾ ਹੈ।

ਮਾਂ ਜੀਵਨ ਦੇ ਕਿਸੇ ਮੋੜ ’ਤੇ ਸਾਥ ਛੱਡ ਜਾਂਦੀ ਹੈ ਪਰ ਮਾਂ ਬੋਲੀ ਦਾ ਸਾਥ ਅੰਤਿਮ ਸਵਾਸ ਤੱਕ ਦਾ ਹੈ। ਇਹ ਛੁੱਟ ਨਹੀਂ ਸਕਦਾ। ਆਪਣੇ ਆਪ ਨੂੰ ਤੇ ਆਪਣੀਆਂ ਨੂੰ ਪਛਾਣਨ ਦੀ ਲੋੜ ਹੈ।

# ਦੂਜਿਆਂ ਲਈ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਕਿਹਾ ਜਾਂਦਾ ਹੈ ਕਿ ਜੇਕਰ ਇਸ ਦੁਨੀਆਂ ਵਿਚ ਕੁਝ ਛੱਡਣ ਯੋਗ ਹੈ, ਤਾਂ ਲੋਕਾਂ ਤੋਂ ਉਮੀਦਾਂ ਛੱਡ ਦੇਣੀ ਚਾਹੀਦੀਆਂ ਹਨ। ਪਰ ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਦੂਜਿਆਂ ਲਈ ਲਾਭਦਾਇਕ ਹੋਣਾ ਹੀ ਜ਼ਿੰਦਗੀ ਹੈ। ਸਾਨੂੰ ਕੁਦਰਤ ਵਾਂਗ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਕਸਰ ਆਪਣੇ ਭਾਸ਼ਣਾਂ ਵਿਚ ਆਪਣੇ ਬਚਪਨ ਦੀ ਇੱਕ ਘਟਨਾ ਸੁਣਾਉਂਦੀਆਂ ਹਨ ਕਿ ਮੈਂ ਇੱਕ ਗਰੀਬ ਪਿੰਡ ਦੇ ਪਰਿਵਾਰ ਨਾਲ ਸਬੰਧਤ ਹਾਂ। ਮੈਨੂੰ ਸ਼ੁਰੂ ਤੋਂ ਹੀ ਹਰਿਆਲੀ ਦਾ ਅਹਿਸਾਸ ਰਿਹਾ ਹੈ। ਸਾਡੇ ਘਰ ਦੀ ਰਸੋਈ ਵਿਚ, ਸੁੱਕੀਆਂ ਲੱਕੜਾਂ ਸਾੜ ਕੇ ਖਾਣਾ ਪਕਾਇਆ ਜਾਂਦਾ ਸੀ, ਕਿਉਂਕਿ ਸਾਡੇ ਕੋਲ ਖਾਣਾ ਪਕਾਉਣ ਦਾ ਕੋਈ ਹੋਰ ਸਾਧਨ ਨਹੀਂ ਸੀ। ਮੇਰੇ ਮਾਤਾ-ਪਿਤਾ ਜੰਗਲ ਵਿਚੋਂ ਲੱਕੜ ਦੀਆਂ ਟੁੱਟੀਆਂ ਟਾਹਣੀਆਂ ਇਕੱਠੀਆਂ ਕਰਦੇ ਸਨ। ਫਿਰ ਉਨ੍ਹਾਂ ਨੂੰ ਘਰ ਲਿਆਉਣ ਤੋਂ ਬਾਅਦ, ਮੈਂ ਉਨ੍ਹਾਂ ਨੂੰ ਕੁਝ ਦਿਨਾਂ ਲਈ ਸੁਕਾ ਲੈਂਦਾ ਸੀ ਅਤੇ ਉਨ੍ਹਾਂ ਨੂੰ ਛੋਟੇ ਟੁਕੜਿਆਂ ਵਿਚ ਕੱਟ ਦਿੰਦੇ ਸੀ। ਮੈਂ ਸਭ ਕੁਝ ਧਿਆਨ ਨਾਲ ਦੇਖਦੀ ਸੀ। ਪਿਤਾ ਜੀ ਲੱਕੜਾਂ ਸਾੜਨ ਤੋਂ ਪਹਿਲਾਂ ਜ਼ਰੂਰ ਆਪਣਾ ਸਿਰ ਝੁਕਾਉਂਦੇ ਅਤੇ ਸਤਿਕਾਰ ਦਿੰਦੇ। ਇੱਕ ਦਿਨ, ਉਤਸੁਕਤਾ ਨਾਲ, ਮੈਂ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ ਤੁਸੀਂ ਲੱਕੜਾਂ ਸਾੜਨ ਤੋਂ ਪਹਿਲਾਂ ਕਿਉਂ ਮੱਥਾ ਟੇਕਦੇ ਹੋ? ਫਿਰ ਪਿਤਾ ਜੀ ਨੇ ਸਾਧਾਰਨ ਢੰਗ ਨਾਲ ਸਮਝਾਉਣਾ ਸ਼ੁਰੂ ਕੀਤਾ ਕਿ 'ਧੀਏ, ਇਹ ਹੁਣ ਸੁੱਕ ਗਿਆ ਹੈ, ਬਹੁਤ ਪੁਰਾਣਾ ਹੋ ਗਿਆ ਹੈ, ਪਰ ਇਸਨੇ ਸਾਨੂੰ ਸਾਰੀ ਉਮਰ ਫਲ, ਫੁੱਲ, ਛਾਂ, ਹਵਾ ਅਤੇ ਪਾਣੀ ਦਿੱਤਾ ਹੈ।' ਹੁਣ ਬੁੱਢੀ ਹੋਣ ਤੋਂ ਬਾਅਦ ਵੀ, ਉਹ ਸਾਡੀ ਬਹੁਤ ਮਦਦ ਕਰਦੀ ਹੈ। ਇਸੇ ਲਈ ਮੈਂ ਇਸਨੂੰ ਦੁਖੀ ਕਰਨ ਅਤੇ ਸਾੜਨ ਤੋਂ ਪਹਿਲਾਂ ਇਸ ਤੋਂ ਮਾਫ਼ੀ ਮੰਗਦਾ ਹਾਂ। ਨਦੀਆਂ ਆਪਣਾ ਪਾਣੀ ਆਪ ਨਹੀਂ ਪੀਂਦੀਆਂ, ਰੁੱਖ ਆਪਣੇ ਫਲ ਆਪ ਨਹੀਂ ਖਾਂਦੇ ਅਤੇ ਸੂਰਜ ਆਪਣੇ ਆਪ ਨੂੰ ਪ੍ਰਕਾਸ਼ਮਾਨ ਨਹੀਂ ਕਰਦਾ। ਇਸਦਾ ਮਤਲਬ ਹੈ ਕਿ ਦੂਜਿਆਂ ਲਈ ਜਿਊਣਾ ਕੁਦਰਤ ਦਾ ਨਿਯਮ ਹੈ। ਕੁਦਰਤ ਦੀ ਹਰ ਚੀਜ਼, ਮਨੁੱਖਾਂ ਸਮੇਤ, ਇੱਕ ਦੂਜੇ ਦੀ ਮਦਦ ਕਰਨ ਲਈ ਪੈਦਾ ਹੋਈ ਹੈ। ਹਾਲਾਤ ਕਿੰਨੇ ਵੀ ਔਖੇ ਕਿਉਂ ਨਾ ਹੋਣ, ਜ਼ਿੰਦਗੀ ਉਦੋਂ ਚੰਗੀ ਅਤੇ ਖੁਸ਼ਹਾਲ ਹੁੰਦੀ ਹੈ, ਜਦੋਂ ਦੂਸਰੇ ਤੁਹਾਡੇ ਕਾਰਨ ਖੁਸ਼ ਹੁੰਦੇ ਹਨ। ਕਿਸੇ ਹੋਰ ਦੇਸ਼ ਵਿਚ ਇੱਕ ਪਿਤਾ ਆਪਣੇ ਪੁੱਤਰ ਦੇ ਸਕੂਲ ਗਿਆ। ਖੇਡ ਦੇ ਮੈਦਾਨ ਦੇ ਇੱਕ ਪਾਸੇ ਤੁਰਦਿਆਂ ਉਸਦੀ ਨਜ਼ਰ ਇੱਕ ਚਮਕਦਾਰ ਲਾਲ ਬੈਂਚ 'ਤੇ ਪਈ। ਬੈਂਚ ਥੋੜ੍ਹਾ ਵੱਖਰਾ ਆਕਾਰ ਅਤੇ ਆਕਾਰ ਦਾ ਸੀ। ਉਸਨੂੰ ਦੇਖ ਕੇ ਪਿਤਾ ਦੇ ਮਨ ਵਿਚ ਉਤਸੁਕਤਾ ਪੈਦਾ ਹੋਈ। ਉਸਨੇ ਆਪਣੇ ਪੁੱਤਰ ਨੂੰ ਪੁੱਛਿਆ, 'ਇਹ ਬੈਂਚ ਬੈਠਣ ਲਈ ਹੈ ਜਾਂ ਦਿਖਾਉਣ ਲਈ?' ਪੁੱਤਰ ਨੇ ਜਵਾਬ ਦਿੱਤਾ, 'ਨਹੀਂ, ਨਹੀਂ।' ਇਹ ਸਿਰਫ਼ ਬੈਠਣ ਜਾਂ ਸਜਾਵਟ ਲਈ ਨਹੀਂ ਹੈ, ਸਗੋਂ ਇਹ ਦੋਸਤਾਂ ਨੂੰ ਲੱਭਣ ਲਈ ਇੱਕ ਬੈਂਚ ਹੈ। ਜਦੋਂ ਕੋਈ ਵਿਦਿਆਰਥੀ ਇਕੱਲਾ ਮਹਿਸੂਸ ਕਰਦਾ ਹੈ, ਜਾਂ ਉਸ ਕੋਲ ਖੇਡਣ ਲਈ ਕੋਈ ਨਹੀਂ ਹੁੰਦਾ, ਤਾਂ ਉਹ ਇਸ 'ਤੇ ਆ ਕੇ ਚੁੱਪਚਾਪ ਬੈਠ ਜਾਂਦਾ ਹੈ। ਉਸਨੂੰ ਇਸ ਤਰ੍ਹਾਂ ਇਕੱਲਾ ਬੈਠਾ ਦੇਖ ਕੇ, ਦੂਜੇ ਸਹਿਪਾਠੀਆਂ ਨੇ ਤੁਰੰਤ ਉਸਨੂੰ ਆਪਣੇ ਨਾਲ ਖੇਡਣ ਲਈ ਸੱਦਾ ਦੇਣਾ ਸ਼ੁਰੂ ਕਰ ਦਿੱਤਾ। ਬੱਚਿਆਂ ਦੀ ਇਕੱਲਤਾ ਦੂਰ ਕਰਨ ਲਈ, ਉਸ ਸਕੂਲ ਦੇ ਪ੍ਰਸ਼ਾਸਨ ਨੇ ਸੱਚਮੁੱਚ ਇੱਕ ਸ਼ਲਾਘਾਯੋਗ ਤਰੀਕਾ ਅਪਣਾਇਆ ਹੈ। ਇਸ ਤੋਂ ਅਸੀਂ ਸਿੱਖ ਸਕਦੇ ਹਾਂ ਕਿ ਕਿਸੇ ਨੂੰ ਆਪਣੇ ਆਪ ਵਿਚ ਇੰਨਾ ਮਗਨ ਨਹੀਂ ਰਹਿਣਾ ਚਾਹੀਦਾ ਕਿ ਉਹ ਦੂਜਿਆਂ ਦੀ ਮਦਦ ਲਈ ਚੁੱਪ ਪੁਕਾਰ ਨੂੰ ਸੁਣ ਨਾ ਸਕੇ। ਜ਼ਿੰਦਗੀ ਦੇ ਹਰ ਮੋੜ 'ਤੇ, ਹਰ ਕਿਸੇ ਨੂੰ ਕਿਸੇ ਨਾ ਕਿਸੇ ਦੀ ਮਦਦ ਅਤੇ ਸਹਾਰੇ ਦੀ ਲੋੜ ਹੁੰਦੀ ਹੈ। ਹਮੇਸ਼ਾ ਅੱਗੇ ਵਧ ਕੇ ਹਰ ਕਿਸੇ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਤਿਆਰ ਰਹੋ। ਕਿਸੇ ਲੋੜਵੰਦ ਦੀ ਮਦਦ ਕਰਨ ਨਾਲ ਨਾ ਸਿਰਫ਼ ਨਿੱਜੀ ਪੱਧਰ 'ਤੇ ਖੁਸ਼ੀ ਮਿਲਦੀ ਹੈ, ਸਗੋਂ ਜਦੋਂ ਕੋਈ ਮੁਸ਼ਕਲ ਸਮੇਂ ਵਿਚ ਸਾਡੀ ਮਦਦ ਕਰਦਾ ਹੈ, ਤਾਂ ਅਸੀਂ ਇਸਦੀ ਮਹੱਤਤਾ ਨੂੰ ਹੋਰ ਡੂੰਘਾਈ ਨਾਲ ਸਮਝਦੇ ਹਾਂ। ਸਾਨੂੰ ਆਪਣੇ ਆਪ ਨੂੰ ਇੰਨਾ ਵਿਅਸਤ, ਇੰਨਾ ਅਨੁਸ਼ਾਸਿਤ, ਇੰਨਾ ਖੁਦਗਰਜ਼ ਨਹੀਂ ਬਣਾਉਣਾ ਚਾਹੀਦਾ ਕਿ ਸਾਨੂੰ ਇਹ ਜਾਣਨ ਦਾ ਸਮਾਂ ਹੀ ਨਾ ਮਿਲੇ ਕਿ ਦੂਜਿਆਂ ਦੇ ਜੀਵਨ ਵਿਚ ਕੀ ਹੋ ਰਿਹਾ ਹੈ, ਉਹ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਜਾਂ ਕੀ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਆਪਣੇ ਆਪ ਨੂੰ ਕੇਂਦਰਿਤ ਅਤੇ ਸਮਰਪਿਤ ਕਰਨ ਦੀ ਬਜਾਏ, ਜਿੰਨਾ ਹੋ ਸਕੇ ਦੂਜਿਆਂ ਦੀ ਮਦਦ ਦਾ ਹੱਥ ਵਧਾਉਣਾ ਚਾਹੀਦਾ ਹੈ। ਭਾਰਤੀ ਫੌਜ ਅਤੇ ਕਈ ਵਿਦਿਅਕ ਸੰਸਥਾਵਾਂ ਦਾ ਆਦਰਸ਼ ਵਾਕ, 'ਆਪਣੇ ਆਪ ਤੋਂ ਪਹਿਲਾਂ ਸੇਵਾ', ਦੂਜਿਆਂ ਨੂੰ ਸੇਵਾ ਦੀ ਭਾਵਨਾ ਨੂੰ ਸੁੰਦਰਤਾ ਨਾਲ ਸੰਚਾਰਿਤ ਕਰਦਾ ਹੈ। ਆਪਣੇ ਆਪ ਤੋਂ ਪਹਿਲਾਂ ਦੂਜਿਆਂ ਦੀ ਸੇਵਾ ਨੂੰ ਆਪਣੇ ਜੀਵਨ ਦਾ ਇੱਕ ਰਸਮ ਅਤੇ ਸਿਧਾਂਤ ਬਣਾਉਣ ਨਾਲ ਜੋ ਖੁਸ਼ੀ ਮਿਲਦੀ ਹੈ, ਉਹ ਸਿਰਫ਼ ਆਪਣੇ ਲਈ ਜੀਣ ਵਿਚ ਨਹੀਂ ਮਿਲਦੀ। ਵੈਸੇ ਵੀ, ਜੋ ਵਿਅਕਤੀ ਮਨੁੱਖਤਾ ਦੀ ਸੇਵਾ ਵਿਚ ਲੱਗਾ ਰਹਿੰਦਾ ਹੈ, ਉਹ ਹਮੇਸ਼ਾ ਬੁਰਾਈ ਤੋਂ ਦੂਰ ਰਹਿੰਦਾ ਹੈ। ਪੂਰੇ ਦਿਲ ਨਾਲ ਸੇਵਾ ਕਰਨ ਨਾਲ ਸਾਡੇ ਪਰਿਵਾਰ ਅਤੇ ਕਾਰੋਬਾਰ ਵਿਚ ਵੀ ਅਸੀਸਾਂ ਅਤੇ ਖੁਸ਼ਹਾਲੀ ਆਉਂਦੀ ਹੈ। ਇਸ ਲਈ ਸਾਨੂੰ ਆਪਣੇ ਸਰੀਰ, ਮਨ, ਪੈਸੇ ਅਤੇ ਸਮੇਂ ਨੂੰ ਜਿੰਨਾ ਹੋ ਸਕੇ ਦੂਜਿਆਂ ਦੀ ਸੇਵਾ ਵਿਚ ਲਗਾਉਣਾ ਚਾਹੀਦਾ ਹੈ। ਮੌਤ ਤੋਂ ਬਾਅਦ ਕੋਈ ਵੀ ਵਿਅਕਤੀ ਆਪਣੇ ਨਾਲ ਕੋਈ ਦੌਲਤ ਨਹੀਂ ਲੈ ਕੇ ਜਾਂਦਾ, ਸਗੋਂ ਆਪਣੇ ਚੰਗੇ ਗੁਣਾਂ ਦਾ ਢੇਰ ਹੀ ਆਪਣੇ ਨਾਲ ਲੈ ਜਾਂਦਾ ਹੈ। ਦੂਜਿਆਂ ਦੀ ਭਲਾਈ ਹੀ ਸੱਚਾ ਧਿਆਨ ਅਤੇ ਪ੍ਰਮਾਤਮਾ ਪ੍ਰਤੀ ਸ਼ਰਧਾ ਹੈ। ਖੁਸ਼ੀ ਸਿਰਫ਼ ਖੁਸ਼ੀ ਪ੍ਰਾਪਤ ਕਰਨ ਲਈ ਸਾਂਝੀ ਕੀਤੀ ਜਾਂਦੀ ਹੈ। 'ਲੰਗਰ' ਅਤੇ 'ਛਬੀਲ' ਦੀ ਸਿੱਖ ਪ੍ਰੰਪਰਾ ਦਾ ਮੂਲ ਸਿਧਾਂਤ ਦਿਲੋਂ ਸੇਵਾ ਹੈ। ਗੁਰੂ ਨਾਨਕ ਦੇਵ ਜੀ ਦੀ ਇੱਕ ਘਟਨਾ ਹੈ। ਇੱਕ ਵਾਰ ਇੱਕ ਵਿਅਕਤੀ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, 'ਮੈਂ ਇੰਨਾ ਗਰੀਬ ਹਾਂ ਕਿ ਮੈਂ ਕਿਸੇ ਦੀ ਮਦਦ ਕਿਵੇਂ ਕਰ ਸਕਦਾ ਹਾਂ?' ਗੁਰੂ ਨਾਨਕ ਦੇਵ ਜੀ ਨੇ ਬਸ ਇੰਨਾ ਹੀ ਕਿਹਾ, 'ਤੁਸੀਂ ਗਰੀਬ ਹੋ ਕਿਉਂਕਿ ਤੁਸੀਂ ਦੇਣਾ ਨਹੀਂ ਸਿੱਖਿਆ।' ਉਹ ਆਦਮੀ ਜਾਣਨਾ ਚਾਹੁੰਦਾ ਸੀ, 'ਪਰ ਕੀ ਮੇਰੇ ਕੋਲ ਦੇਣ ਲਈ ਕੁਝ ਹੈ?' ਗੁਰੂ ਨਾਨਕ ਦੇਵ ਜੀ ਨੇ ਸਮਝਾਇਆ, 'ਤੁਹਾਡਾ ਚਿਹਰਾ ਮੁਸਕਰਾ ਸਕਦਾ ਹੈ।' ਤੁਹਾਡੀ ਜੀਭ ਕਿਸੇ ਦੀ ਵੀ ਪ੍ਰਸ਼ੰਸਾ ਕਰ ਸਕਦੀ ਹੈ। ਉਹ ਦੂਜਿਆਂ ਨੂੰ ਦਿਲਾਸਾ ਦੇਣ ਲਈ ਮਿੱਠੇ ਸ਼ਬਦ ਬੋਲ ਸਕਦੀ ਹੈ। ਤੁਹਾਡੇ ਹੱਥ ਕਿਸੇ ਲੋੜਵੰਦ ਦੀ ਮਦਦ ਕਰ ਸਕਦੇ ਹਨ। ਇੰਨਾ ਕੁਝ ਹੋਣ ਦੇ ਬਾਵਜੂਦ, ਤੁਸੀਂ ਕਹਿੰਦੇ ਹੋ ਕਿ ਤੁਹਾਡੇ ਕੋਲ ਦੇਣ ਲਈ ਕੁਝ ਨਹੀਂ ਹੈ।



# ਆਰਥਿਕ ਤੰਗੀ ਨੂੰ ਪੇਸ਼ ਕਰਦੀਆਂ ਚਾਰ ਪ੍ਰਭਾਵਸ਼ਾਲੀ ਲਘੂ ਫ਼ਿਲਮਾਂ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਫ਼ਿਲਮ ਕਲਾ ਦੇ ਖੇਤਰ ਵਿਚ ਲਘੂ ਫ਼ਿਲਮਾਂ ਦਾ ਮਹੱਤਵ ਕਈ ਪਹਿਲੂਆਂ ਤੋਂ ਹੈ। ਇਹ ਕਲਾਤਮਕ ਅਭਿਵਿਅਕਤੀ ਦਾ ਇਕ ਸ਼ਕਤੀਸ਼ਾਲੀ ਰੂਪ ਹੈ। ਫ਼ਿਲਮ ਨਿਰਮਾਤਾਵਾਂ ਲਈ ਆਪਣੇ ਹੁਨਰ ਨੂੰ ਨਿਖਾਰਨ ਅਤੇ ਆਪਣੀ ਸਿਰਜਣਾਤਮਿਕਤਾ ਨੂੰ ਉਭਾਰਨ ਦਾ ਇਕ ਢੁੱਕਵਾਂ ਤੇ ਪ੍ਰਭਾਵਸ਼ਾਲੀ ਮੰਚ ਹੈ। ਲਘੂ ਫ਼ਿਲਮਾਂ ਜਿੱਥੇ ਦਰਸ਼ਕਾਂ ਨੂੰ ਘੱਟ ਸਮੇਂ ਵਿਚ ਬਹੁਤ ਸਾਰੀ ਮਨੋਰੰਜਕ ਸਮੱਗਰੀ ਮੁਹੱਈਆ ਕਰਦੀਆਂ ਹਨ, ਉਥੇ ਵੱਖ-ਵੱਖ ਵਿਸ਼ਿਆਂ, ਸਮੱਸਿਆਵਾਂ ਅਤੇ ਮਸਲਿਆਂ ਪ੍ਰਤੀ ਚੇਤੰਨ ਵੀ ਕਰਦੀਆਂ ਹਨ।

ਨਿਰਮਾਤਾ ਨਿਰਦੇਸ਼ਕ ਘੱਟ ਸਮੇਂ ਅਤੇ ਘੱਟ ਬਜਟ ਵਿਚ ਆਪਣੀ ਗੱਲ, ਯੂ-ਟਿਊਬ ਜਿਹੇ ਮੰਚਾਂ 'ਤੇ ਲਘੂ ਫ਼ਿਲਮ ਪਾ ਕੇ ਝੱਟਪਟ ਕਰੋੜਾਂ ਲੋਕਾਂ ਤੱਕ ਪਹੁੰਚਾ ਸਕਦਾ ਹੈ। ਇਹ ਭਾਵੇਂ ਸੰਖੇਪ ਹੁੰਦੀ ਹੈ ਪਰੰਤੂ ਸ਼ਕਤੀਸ਼ਾਲੀ ਕਹਾਣੀਆਂ, ਭਾਵਨਾਵਾਂ ਅਤੇ ਵਿਸ਼ਾ-ਵਸਤੂ ਨੰ ਤੀਖਣ ਪ੍ਰਭਾਵ ਨਾਲ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ। ਉੱਭਰਦੇ ਫ਼ਿਲਮ ਨਿਰਮਾਤਾਵਾਂ, ਨਿਰਦੇਸ਼ਕਾਂ, ਅਦਾਕਾਰਾਂ, ਲੇਖਕਾਂ ਲਈ ਪ੍ਰਤਿਭਾ ਵਿਖਾਉਣ ਅਤੇ ਉਦਯੋਗ 'ਚ ਪਹਿਚਾਣ ਬਨਾਉਣ ਦੀ ਇਹ ਸ਼ੁਰੂਆਤ ਵੱਡੀਆਂ ਯੋਜਨਾਵਾਂ ਵੱਲ ਕਦਮ ਵਧਾਉਣ ਦਾ ਸਬੱਬ ਬਣ ਸਕਦੀ ਹੈ।

ਬੀਤੇ ਦਿਨੀਂ ਚਾਰ ਲਘੂ ਪੰਜਾਬੀ ਫ਼ਿਲਮਾਂ ਵੇਖਣ ਦਾ ਸਬੱਬ ਬਣਿਆ। ਚਾਰਾਂ ਵਿਚ ਸਾਂਝੀ ਤੰਦ ਆਰਥਿਕ ਤੰਗੀਆਂ ਤੁਰਛੀਆਂ ਵਿਚ ਨਪੀੜਿਆ ਬੰਦਾ ਸਖ਼ਤ ਮਿਹਨਤ ਦੇ ਬਾਵਜੂਦ ਜਦ ਘਰ-ਪਰਿਵਾਰ ਦੀਆਂ, ਬੱਚਿਆਂ ਦੀਆਂ ਮੁੱਢਲੀਆਂ ਤੇ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਵਿਚ ਅਸਮਰਥ ਰਹਿੰਦਾ ਹੈ, ਤਾਂ ਸਰੀਰਕ, ਮਾਨਸਿਕ ਤੌਰ 'ਤੇ ਟੁੱਟ ਜਾਂਦਾ ਹੈ। ਡਾਹਢਾ ਪ੍ਰੇਸ਼ਾਨ, ਡਾਹਢਾ ਬੇਚੈਨ ਹੁੰਦਾ ਹੈ, ਛਟਪਟਾਉਂਦਾ ਹੈ। ਪਰ ਕੁਦਰਤ ਕੋਈ ਨਾ ਕੋਈ ਰਾਹ-ਰਸਤਾ ਜ਼ਰੂਰ ਕੱਢਦੀ ਹੈ



**ਲਾਡੋ:** ਲਾਡੋ ਲਘੂ ਫ਼ਿਲਮ ਕਈ ਪੱਖਾਂ ਤੋਂ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਯੂ.ਪੀ., ਬਿਹਾਰ ਤੋਂ ਪੰਜਾਬ ਆ ਕੇ ਮਿਹਨਤ ਮਜ਼ਦੂਰੀ ਕਰਨ ਵਾਲੇ ਪ੍ਰਵਾਸੀਆਂ ਦੀ, ਸਖ਼ਤ ਮੁਸ਼ੱਕਤ ਦੇ ਬਾਵਜੂਦ ਤੰਗੀਆਂ ਤੁਰਛੀਆਂ ਦੀ ਪੰਡ ਦਿਨੋਂ-ਦਿਨ ਹੋਰ ਭਾਰੀ ਹੁੰਦੀ ਜਾਂਦੀ ਹੈ। ਪਰਿਵਾਰ ਦੀਆਂ ਲੋੜਾਂ, ਬੱਚਿਆਂ ਦੀ ਪੜ੍ਹਾਈ, ਸਥਾਨਕ ਲੋਕਾਂ ਦੁਆਰਾ ਤਾਅਨੇ-ਮਿਹਣੇ, ਭਾਸ਼ਾ ਦੀਆਂ ਰੁਕਾਵਟਾਂ, ਗਰੀਬੀ ਦੀ ਮਾਰ ਸਭ ਰਲ ਕੇ ਉਨ੍ਹਾਂ ਦੀ ਜੀਵਨ-ਗੱਡੀ ਦੀ ਚਾਲ ਵਿਗਾੜ ਦਿੰਦੇ ਹਨ।

ਬਨਵਾਰੀ ਲਾਲ ਆਪਣੀ ਬੱਚੀ ਲਾਡੋ ਨੂੰ ਪੰਜ ਜਮਾਤਾਂ ਪੜ੍ਹਾ ਕੇ ਸਕੂਲ ਤੋਂ ਹਟਾ ਲੈਂਦਾ ਹੈ। ਉਸਦੀ ਸੋਚ ਹੈ ਕਿ ਲੜਕੀਆਂ ਕੇਵਲ ਘਰ ਦੇ ਕੰਮਾਂ ਲਈ ਹੁੰਦੀਆਂ ਹਨ। ਝਾੜੂ-ਪੋਚਾ, ਰੋਟੀ-ਪਾਣੀ। ਪਰ ਲਾਡੋ ਤਾਂ ਗੁਣਾਂ ਦੀ ਗੁਥਲੀ ਸੀ। ਹਰ ਗੱਲ, ਹਰ ਸਥਿਤੀ ਨੂੰ ਸਮਝਦੀ ਸੀ। ਉਹ ਪੰਜਾਬੀ ਬੋਲਦੀ ਸੀ।

ਉਸਦੇ ਭਰਾ ਦੀਪੂ ਨੂੰ ਕੁਝ ਪੰਜਾਬੀ ਮੁੰਡੇ ਪ੍ਰੇਸ਼ਾਨ ਕਰਦੇ ਹਨ। ਲਾਡੋ ਪੂਰੇ ਜਲੌ ਵਿਚ ਗਈ ਅਤੇ ਉਨ੍ਹਾਂ ਨੂੰ ਖਰੀਆਂ-ਖਰੀਆਂ ਸੁਣਾ ਕੇ ਆਈ। ਕਹਿੰਦੀ, "ਤੁਸੀਂ ਜੋ ਵਿਦੇਸ਼ਾਂ ਵਿਚ ਜਾ ਕੇ ਕਰਦੇ ਹੋ, ਉਹ ਅਸੀਂ ਪੰਜਾਬ ਆ ਕੇ ਕਰਦੇ ਹਾਂ। ਪਰ ਅਸੀਂ ਹੁਣ ਪੰਜਾਬੀ ਹਾਂ।"

ਪਿਤਾ ਨੇ ਥੋੜ੍ਹੀ ਹੱਲਾਸ਼ੇਰੀ ਦਿੱਤੀ, ਤਾਂ ਉਹਦੇ ਹੁਨਰ, ਉਹਦੀ ਪ੍ਰਤਿਭਾ ਨੂੰ ਖੰਭ ਲੱਗ ਗਏ। ਉਸਨੇ ਟੋਕਰੀਆਂ ਬਨਾਉਣ ਦਾ ਬੀੜਾ ਉਠਾ ਲਿਆ। ਸ਼ਹਿਰੋਂ ਖ਼ਰੀਦਦਾਰ ਮਿਲ ਗਏ। ਆਰਡਰ ਆਉਣ ਲੱਗੇ। ਟੋਕਰੀਆਂ ਬਨਾਉਣ ਵਾਲੀ ਫੈਕਟਰੀ ਖੜ੍ਹੀ ਕਰ ਲਈ। ਘਰ-ਪਰਿਵਾਰ ਦਾ ਮੂੰਹ-ਮੱਥਾ ਬਦਲ ਗਿਆ। ਰਸੂਖਦਾਰ ਲੋਕ ਉਸਦੇ ਪਿਤਾ ਬਨਵਾਰੀ ਲਾਲ ਨੂੰ ਮਿਲਣ, ਫੈਕਟਰੀ ਵੇਖਣ ਆਉਣ ਲੱਗੇ।

**ਬਿੱਲੂ:** ਮਜ਼ਦੂਰ ਜਮਾਤ ਦੀਆਂ ਮੁਸ਼ਕਲਾਂ ਮੁਸੀਬਤਾਂ, ਆਰਥਿਕ ਤੰਗੀਆਂ ਦੁਆਲੇ ਘੁੰਮਦੀ ਕਹਾਣੀ ਸਕੂਲ ਵਿਚ ਕਲਾਸ ਰੂਮ ਦੇ ਦ੍ਰਿਸ਼ ਤੋਂ ਆਪਣੀ ਦਿਸ਼ਾ ਗ੍ਰਹਿਣ ਕਰਦੀ ਹੈ। ਸਕੂਲ ਵਿਚ ਅਧਿਆਪਕਾਂ ਦੁਆਰਾ ਗ਼ਰੀਬ ਬੱਚਿਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਵਜ਼ੀਫੇ ਦੇ ਰੂਪ ਵਿਚ ਆਰਥਿਕ ਸਹਾਇਤਾ ਕੀਤੀ ਜਾ ਸਕੇ। ਬਿੱਲੂ ਉਸੇ ਕਲਾਸ ਦਾ ਵਿਦਿਆਰਥੀ ਹੈ। ਬੜਾ ਖੁਸ਼ ਹੁੰਦਾ ਹੈ ਕਿ ਉਸਨੂੰ ਵਜ਼ੀਫ਼ਾ ਮਿਲੇਗਾ, ਤਾਂ ਉਹ ਨਵੀਂ ਵਰਦੀ, ਨਵੇਂ ਬੂਟ, ਨਵਾਂ ਬਸਤਾ ਖਰੀਦੇਗਾ। ਘਰ ਵਿਚ ਤਾਂ ਦੋ ਡੰਗ ਦੀ ਰੋਟੀ ਲਈ ਆਟਾ ਵੀ ਨਹੀਂ, ਇਹ ਚੀਜ਼ਾਂ ਉਸਨੂੰ ਕਿਵੇਂ ਮਿਲ ਸਕਦੀਆਂ ਸਨ। ਪਿਓ ਦੀ ਦਿਹਾੜੀ ਟੁੱਟ ਜਾਂਦੀ, ਤਾਂ ਸਾਰਾ ਟੱਬਰ ਰੋਟੀ ਦੀ ਥਾਂ ਪਾਣੀ ਪੀ ਕੇ ਸੌਂ ਜਾਂਦਾ।

ਜਦ ਵਜ਼ੀਫ਼ਾ ਮਿਲਣ ਦਾ ਦਿਨ ਆਉਂਦਾ ਹੈ, ਤਾਂ ਬਿੱਲੂ ਦਾ ਨਾਂ ਉਸ ਸੂਚੀ ਵਿਚ ਸ਼ਾਮਲ ਨਹੀਂ ਸੀ। ਉਹ ਹੈਰਾਨ ਪ੍ਰੇਸ਼ਾਨ ਹੋ ਜਾਂਦਾ ਹੈ ਅਤੇ ਕਲਾਸ ਵਿਚ ਖੜ੍ਹਾ ਹੋ ਕੇ ਅਧਿਆਪਕ ਅਤੇ ਹੈੱਡਮਾਸਟਰ ਦੇ ਸਾਹਮਣੇ ਬੜੇ ਸਵੈ-ਵਿਸ਼ਵਾਸ ਨਾਲ ਸਪੱਸ਼ਟ ਸ਼ਬਦਾਂ ਅਤੇ ਉੱਚੀ ਟੁਣਕਦੀ ਆਵਾਜ਼ ਵਿਚ ਅਸਲੀਅਤ ਬਿਆਨ ਕਰ ਦਿੰਦਾ ਹੈ। ਜਿਹੜੇ ਬੱਚਿਆਂ ਨੂੰ ਵਜ਼ੀਫ਼ਾ ਦਿੱਤਾ ਗਿਆ ਹੈ, ਉਨ੍ਹਾਂ ਵਿਚੋਂ ਤਾਂ ਕੋਈ ਵੀ ਗ਼ਰੀਬ ਨਹੀਂ। ਸਾਰਿਆਂ ਦੇ ਘਰਾਂ ਦਾ ਗੁਜ਼ਾਰਾ ਚੰਗਾ ਭਲਾ ਚੱਲਦਾ ਹੈ। ਫਿਰ ਉਹ ਆਪਣੇ ਘਰ ਦੀ ਦਸ਼ਾ ਦੱਸਦਾ ਹੈ। ਜਦ ਬਿੱਲੂ ਬੋਲ ਕੇ ਚੁੱਪ ਕਰਦਾ ਹੈ, ਤਾਂ ਹੈੱਡਮਾਸਟਰ ਪੁੱਛਦਾ, "ਤੂੰ ਕਿਨ੍ਹਾਂ ਦਾ ਮੁੰਡਾ?" ਬਿੱਲੂ ਉਸੇ ਸੁਰ ਵਿਚ ਜਵਾਬ ਦਿੰਦਾ, "ਮੈਂ ਜੱਟਾਂ ਦਾ ਮੁੰਡਾ।" ਹੈੱਡਮਾਸਟਰ ਨੇ ਤੱਤਫਟ ਕਿਹਾ, "ਫੇਰ ਤੈਨੂੰ ਵਜ਼ੀਫ਼ਾ ਨਹੀਂ ਮਿਲ ਸਕਦਾ।"

ਬੱਚਿਆਂ ਨੂੰ ਅਜਿਹੀਆਂ ਸਹੂਲਤਾਂ ਅਤੇ ਰਾਖਵਾਂਕਰਨ ਜਾਤ-ਪਾਤ ਦੇ ਆਧਾਰ 'ਤੇ ਨਹੀਂ, ਬਲਕਿ ਆਰਥਿਕ ਸਥਿਤੀ ਦੇ ਆਧਾਰ 'ਤੇ ਮਿਲਣਾ ਚਾਹੀਦਾ ਹੈ, ਬਿੱਲੂ ਲਘੂ ਫ਼ਿਲਮ ਇਸ ਵਿਚਾਰ ਨੂੰ ਬੜੇ ਸ਼ਕਤੀਸ਼ਾਲੀ ਢੰਗ ਨਾਲ ਕਹਿ ਗਈ।

**ਛਿੰਦਾ:** ਛਿੰਦਾ ਲਘੂ ਫ਼ਿਲਮ ਵਿਚ ਵੀ ਮੁੱਖ ਵਿਸ਼ਾ ਆਰਥਿਕ ਮਜਬੂਰੀਆਂ ਹੀ ਹਨ। ਪਰੰਤੂ ਇਕ ਜ਼ਿੱਦ, ਇਕ ਜੱਦੋ-ਜਹਿਦ, ਇਕ ਚੜ੍ਹਦੀਕਲਾ, ਜ਼ਿੰਦਗੀ ਜਿਊਣ ਲਈ ਇਕ ਹਿੰਮਤ, ਇਕ ਹੌਂਸਲਾ ਦਰਸ਼ਕਾਂ ਦਾ ਧਿਆਨ ਖਿੱਚਦਾ ਹੈ, ਝੰਜੋੜਦਾ ਹੈ।

ਛਿੰਦਾ ਬਚਪਨ ਤੋਂ ਇਕ ਲੱਤ ਤੋਂ ਨਿਕਾਰਾ। ਪਿਓ ਸਦਮੇ ਕਾਰਨ ਅਧਰੰਗ ਦਾ ਸ਼ਿਕਾਰ, ਮਾਂ ਲੋਕਾਂ ਦੇ ਘਰ ਕੰਮ ਕਰਕੇ ਘਰ ਦਾ ਗੁਜ਼ਾਰਾ ਤੋਰਦੀ। ਪਰ ਛਿੰਦੇ ਅੰਦਰ ਧੜਕਦਾ ਜੀਵਨ, ਪਰਿਵਾਰ ਲਈ ਕੁਝ ਕਰਨ ਦੀ ਤਾਂਘ, ਕੁਝ ਬਣਨ ਦੀ ਉਮੰਗ ਘਰ ਦੇ ਜੀਆਂ ਅੰਦਰ ਇਕ ਹੌਂਸਲੇ ਦਾ ਸੰਚਾਰ ਕਰਦੀ, ਚਿਹਰਿਆਂ 'ਤੇ ਮੁਸਕਾਨ ਬਿਖੇਰ ਜਾਂਦੀ ਹੈ।

**ਫੁੱਲਾਂ ਦਾ ਚੋਰ:** ਫੁੱਲਾਂ ਦਾ ਚੋਰ ਬੜੀ ਦਿਲਚਸਪ, ਬੜੀ ਪ੍ਰੇਰਨਾਦਾਇਕ, ਬੜੀ ਅਲੱਗ, ਬੜੀ ਮਿਆਰੀ ਲਘੂ ਫ਼ਿਲਮ ਹੈ। ਇਕ ਰਿਕਸ਼ੇ ਵਾਲੇ ਅਤੇ ਉਸਦੇ ਬੱਚਿਆਂ ਦੇ ਇਰਦ-ਗਿਰਦ ਘੁੰਮਦੀ ਕਹਾਣੀ ਹੈ। ਪਰ ਬਾਊ ਜੀ ਦਾ ਕਿਰਦਾਰ ਬੜਾ ਵਿਲੱਖਣ, ਬੜਾ ਉਤਸ਼ਾਹੀ, ਬੜਾ ਪ੍ਰਭਾਵਸ਼ਾਲੀ ਹੈ। ਕਹਾਣੀ ਕਈ ਮੋੜ ਕੱਟਦੀ ਦਰਸ਼ਕਾਂ ਨੂੰ ਨਾਲ ਵਹਾ ਕੇ ਲੈ ਜਾਂਦੀ ਹੈ।

ਕਿਸੇ ਲਈ ਕੁਝ ਕਰਨਾ, ਕਿਸੇ ਦੀ ਨਿਰਸੁਆਰਥ ਮਦਦ ਕਰਨੀ ਕਿਵੇਂ ਉਸਦਾ ਜੀਵਨ ਬਦਲ ਸਕਦੀ ਹੈ, ਇਸਦੀ ਬੜੀ ਟੁੰਬਵੀਂ, ਬੜੀ ਨਿਵੇਕਲੀ ਉਦਾਹਰਨ ਹੈ 'ਫੁੱਲਾਂ ਦਾ ਚੋਰ' ਲਘੂ ਫ਼ਿਲਮ।

ਜਿਵੇਂ ਫੁੱਲਾਂ ਦੀ ਮਹਿਕ ਚਾਰੇ ਪਾਸੇ ਫੈਲਦੀ ਹੈ, ਉਸਨੂੰ ਫੈਲਣ ਤੋਂ ਕੋਈ ਨਹੀਂ ਰੋਕ ਸਕਦਾ, ਇਵੇਂ ਚੰਗਿਆਈ ਅੱਗੇ ਤੋਂ ਅੱਗੇ ਫੈਲਦੀ ਹੈ, ਉਸਨੂੰ ਫੈਲਣ ਤੋਂ ਕੋਈ ਨਹੀਂ ਰੋਕ ਸਕਦਾ। ਬਾਊ ਜੀ ਤੋਂ ਹੁੰਦੀ ਚੰਗਿਆਈ ਡਾਕਟਰ ਤੱਕ ਪਹੁੰਚ ਗਈ। ਦਰਸ਼ਕ ਹੈਰਾਨ ਰਹਿ ਜਾਂਦਾ ਹੈ। ਇਕ ਸਕੂਨ, ਇਕ ਖੁਸ਼ੀ ਦਰਸ਼ਕ ਅੰਦਰ ਅਟਕ ਜਾਂਦੀ ਹੈ। ਇਸ ਲਘੂ ਫ਼ਿਲਮ ਦੀ ਕਹਾਣੀ ਨਾਨਕ ਸਿੰਘ ਨਾਵਲਕਾਰ ਦੇ ਬੇਟੇ ਸ. ਕੁਲਬੀਰ ਸਿੰਘ ਸੂਰੀ ਦੀ ਲਿਖੀ ਹੋਈ ਹੈ, ਜਦਕਿ ਇਨ੍ਹਾਂ ਲਘੂ ਫ਼ਲਮਾਂ ਦੇ ਨਿਰਮਾਤਾ ਨਿਰਦੇਸ਼ਕ ਸਰੀਲੇ ਤੇ ਸੰਜੀਦਾ ਗਾਇਕ ਕਲਾਕਾਰ ਹਰਿੰਦਰ ਸੋਹਲ ਹਨ।

## 16 ਜੂਨ 'ਤੇ ਵਿਸ਼ੇਸ਼

# ਮੀਰੀ ਪੀਰੀ ਦਾ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਮੰਤਵ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਸ੍ਰੀ ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆਂ, ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇਕ ਮੁੱਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਨਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪਰਵੇਸ਼ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤੱਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚੱਲਦੀ ਰਹੀ। ਇਹ ਜੋਤਿ ਜੁਗਤ ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ, ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥...
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥
(ਪੰਨਾ 1408-1409)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਮੋਹਸਿਨ ਫਾਨੀ ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿਚ ਦਰਜ ਕੀਤਾ ਕਿ "ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ, ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ"। ਸ੍ਰੀ ਗੁਰੂ ਅਰਜਨ ਸਾਹਿਬ ਜੀ ਵੇਲੇ ਸਿੱਖੀ ਬਹੁਤ ਫੈਲੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡੇ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਅਤੇ ਵੱਡੀ ਤੋਂ ਵੱਡੀ ਫੌਜ ਰੱਖਣ"। ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹੋਏ ਭਾਣਾ ਮੰਨਣ ਦਾ ਹੁਕਮ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫ਼ੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖ਼ੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ




ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ-ਇਕ ਮੀਰੀ ਦੀ ਅਤੇ ਇਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਬਲਕਿ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ, ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇਕ ਸਿੱਖ ਹਮੇਸ਼ਾਂ ਸ਼ਾਹੀ ਛਤਰ ਕਰਿਆ ਕਰੇ ਅਤੇ ਇਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉਤਮ ਰੂਪ ਵਿਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ, ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇਕ ਖੁੱਲ੍ਹਾ ਸੱਦਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਡੁੱਲ੍ਹੇ ਖ਼ੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ 'ਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜੱਥੇ ਬਣਾਏ। ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਸ੍ਰੀ ਅਕਾਲ ਤਖ਼ਤ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਆਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖ਼ੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।

ਗੁਰੂ ਜੀ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆਂ ਜਾਂਦਾ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਣੈ ਲੈਣ ਦਾ ਇਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿਚ 60 ਬੰਦੂਕਚੀ, 300 ਘੋੜ-ਸਵਾਰ ਜਿਨ੍ਹਾਂ ਲਈ 700 ਘੋੜੇ ਸਨ। ਨਕਸ਼ਬੰਦੀ ਮੁਸਲਮਾਨ ਜਿਹੜੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿਚ ਕੀ ਹੋ ਰਿਹਾ ਹੈ ਕਿ ਕਾਫਰਾਂ ਦਾ ਗੁਰੂ ਤੇਰੇ ਰਾਜ ਵਿਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ, ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ"। "ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੇ ਸਿੱਖਾਂ ਦੇ ਜਥਿਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ 'ਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ 'ਚ ਆਤਿਸ਼ਬਾਜ਼ੀ ਅਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਸ੍ਰੀ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁੱਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੀਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿਚ ਝੰਡਾ, ਫ਼ਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਣ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਸਾਰਿਆਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿਚ ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇਕੱਤਰ ਰੂਪ ਵਿਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ, ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾਂ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿਚ ਵਸੀਆਂ ਹੋਈਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਨਾ ਦਾ ਚਿੰਨ੍ਹ ਹੈ ਆਦਿ ਨਿਸ਼ਾਣੂ ਸ੍ਰੀ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇਕ ਅਜਿਹਾ ਕੇਂਦਰ ਹੈ, ਜਿਥੇ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ" ਡਾ. ਸੁਖਦਿਆਲ ਸਿੰਘ।

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇਕ ਦੂਜੇ ਦੀ ਨਿਰੰਤਰਤਾ ਵਿਚ ਜਾਂ ਇਕ ਦੂਜੇ ਦੀ ਪੂਰਕਤਾ ਵਿਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ 'ਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਅਤੇ ਇਤਿਹਾਸ ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫ਼ਲਸਫ਼ੇ ਅਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਅਤੇ ਸਮਾਜਿਕਤਾ ਨੂੰ ਗੁਰਬਾਣੀ ਵਿਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ ਹੈ" ਡਾ. ਬਲਕਾਰ ਸਿੰਘ।

"ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇਕ ਵਿਸ਼ੇਸ਼ ਕਿਸਮ ਦੀ ਆਂਤਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ਵਿਚ ਦਿਨੋਂ-ਦਿਨ ਘੱਟ ਰਿਹਾ ਹੈ? ਸੰਭਵ ਹੈ ਕਿ ਇਸ ਦੇ ਸਤਿਕਾਰ ਦੇ ਘੱਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ, ਧਰਮਾਂ ਨੂੰ, ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦਾ ਵਿਨਾਸ਼ਕਾਰੀ ਖੇਲ੍ਹ ਖੇਲਿਆ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਇਹੋ ਜਿਹੇ ਯਤਨ ਪੰਥ ਦੇ ਅਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਿਯਾਦਾਵਾਂ ਅਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਂਕ ਨੇ ਮੱਲ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ ਵਿਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਅਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਅਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ। ਬਲਕਿ, ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਹ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਸ੍ਰੀ ਅਕਾਲ ਪੁਰਖ ਜੀ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।" ਡਾ. ਕੁਲਵੰਤ ਸਿੰਘ ਗਰੇਵਾਲ

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਵਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਵਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿਚ ਉਤਰ ਚੁੱਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ 'ਤੇ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਇਸ ਬਿਨਾਂ ਇਹ ਸੰਸਥਾਵਾਂ ਪ੍ਰਫੁਲਿਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਜਬਰੀ ਮਿਲਗੋਭਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿਚ ਅਜੋਕੇ ਦੌਰ ਵਿਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿਚ ਚੁਣੌਤੀਆਂ ਨਾਲ ਜੂਝ ਰਹੇ ਹਨ, ਇਸਦਾ ਕਾਰਨ ਵੀ ਸਾਫ ਸਪੱਸ਼ਟ ਹੈ ਕਿ ਜਦੋਂ ਸਿਧਾਂਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ, ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

ਕੀਤਾ ਕੀ ਜਾਵੇ- ਇਹ ਤਿੰਨੇ ਸੰਸਥਾਵਾਂ ਆਪਣੇ ਮੁੱਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਸਿੱਖ ਕਿਰਦਾਰ ਪੈਦਾ ਕਰਕੇ ਨਵੀਨਤਮ ਢੰਗ ਨਾਲ ਪ੍ਰਚਾਰ ਦਾ ਖੇਤਰ ਚੁਣਨ। ਹਰ ਦੇਸ਼ ਵਿਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ, ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀ.ਵੀ. ਚੈਨਲਾਂ, ਸੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ 'ਤੇ ਅਪਣਾਇਆ ਜਾਵੇ। ਸੰਸਾਰ ਵਿਚ ਵੱਧਦੇ ਸਿੱਖ ਭਾਈਚਾਰੇ ਨੂੰ ਇਕ ਲੜੀ ਵਿਚ ਪਰੋਣ ਲਈ ਇਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇਕ ਕਲਿੱਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖ਼ਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।

# ਅਵਤਾਰਜੀਤ ਦਾ ਕਾਵਿ ਸੰਗ੍ਰਹਿ 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਮਾਨਸਿਕ ਉਥਲ-ਪੁਥਲ ਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਅਵਤਾਰਜੀਤ ਮਾਨਸਿਕ ਉਲਝਣਾ ਅਤੇ ਸਮਾਜਿਕ ਸਰੋਕਾਰਾਂ ਦਾ ਚਿਤੇਰਾ ਸਥਾਪਤ ਸ਼ਾਇਰ ਹੈ। ਉਸ ਦੇ ਪੰਜ ਮੌਲਿਕ ਕਾਵਿ ਸੰਗ੍ਰਹਿ ਅਤੇ ਇੱਕ ਸੰਪਾਦਿਤ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਉਸਦੀ ਸੱਤਵੀਂ ਪੁਸਤਕ ਹੈ। ਇਸ ਵਿਚਲੀਆਂ ਖੁੱਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਆਧੁਨਿਕਤਾ ਦੇ ਜ਼ਮਾਨੇ ਵਿਚ ਇਨਸਾਨ ਦੇ ਮਨ-ਮਸਤਕ ਵਿਚ ਅਨੇਕ ਵਿਚਾਰਾਂ ਦਾ ਪ੍ਰਵਾਹ ਲਗਾਤਰ ਉਠਦਿਆਂ, ਬੈਠਦਿਆਂ, ਤੁਰਦਿਆਂ, ਫਿਰਦਿਆਂ ਇੱਥੋਂ ਤੱਕ ਕਿ ਸੁੱਤਿਆਂ ਵੀ ਚਲਦਾ ਰਹਿੰਦਾ ਹੈ। ਅਵਤਾਰਜੀਤ ਅਜਿਹੀਆਂ ਪ੍ਰਸਥਿਤੀਆਂ ਦਾ ਚਿਤੇਰਾ ਸ਼ਾਇਰ ਹੈ। 'ਮੈਂ ਆਪਣੀ ਤ੍ਰੇੜ ਲੱਭ ਰਿਹਾਂ' ਕਾਵਿ ਸੰਗ੍ਰਹਿ ਵਿਚ ਉਸਨੇ ਆਪਣੇ ਨਿੱਜ ਦੇ ਸਾਧਨ ਰਾਹੀਂ ਫਸਟ ਪਰਸਨ ਵਿਚ ਸਮੁੱਚੀ ਮਾਨਵਤਾ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਇੱਕ ਕਿਸਮ ਨਾਲ ਲੋਕਾਈ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ। ਭਾਵ ਜਨਰਲਾਈਜ਼ ਕਰ ਦਿੱਤਾ ਹੈ, ਜੋ ਉਸਦੀ ਪ੍ਰਾਪਤੀ ਹੈ। ਪੁਸਤਕ ਦਾ ਨਾਂ ਪੜ੍ਹਕੇ ਇਉਂ ਲੱਗਦਾ ਹੈ ਕਿ ਇਹ ਉਸਦੇ ਨਿੱਜ ਨਾਲ ਸੰਬੰਧਤ ਹੈ, ਪ੍ਰੰਤੂ ਇਸ ਵਿਚ ਭੋਰਾ ਵੀ ਸੱਚਾਈ ਨਹੀਂ ਹੈ, ਸਗੋਂ ਉਹ ਤਾਂ ਇਸ ਉਥਲ-ਪੁਥਲ ਨੂੰ ਲੋਕਾਈ ਦੀ ਪੀੜ ਵਿਚ ਬਦਲਣ ਵਿਚ ਸਫ਼ਲ ਹੋਇਆ ਹੈ। ਸ਼ਾਇਰ ਨੇ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਸਮਾਜਿਕ ਤਾਣੇ-ਬਾਣੇ ਦੀਆਂ ਤ੍ਰਾਸਦੀਆਂ ਵਿਚੋਂ ਲਏ ਹਨ, ਜਿਵੇਂ ਬਿਰਧ ਆਸ਼ਰਮ, ਮੁਲਾਜ਼ਮਾਂ ਦੀ ਪਰਿਵਾਰ ਪਾਲਣ ਦੀ ਕਠਿਨਾਈ, ਦਰਬਾਰੀਏ ਕਵੀ, ਮਨੁੱਖਤਾ ਵੱਲੋਂ ਨਫ਼ਰਤ ਵਿਚ ਜ਼ਹਿਰ, ਪੰਜਾਬ ਦੀ ਨਸਲਕੁਸ਼ੀ, ਕੁਰਬਾਨੀਆਂ, ਜਲ੍ਹਿਆਂ ਵਾਲੇ ਬਾਗ ਦੀ ਘਟਨਾ, ਰੋਟੀ ਦੀ ਭੁੱਖ, ਇਨਸਾਨ-ਇਨਸਾਨ ਦਾ ਦੁਸ਼ਮਣ, ਦਹਿਸ਼ਤਗਰਦੀ ਦੇ ਪ੍ਰਭਾਵ ਆਦਿ ਸ਼ਾਮਲ ਹਨ। ਉਹ ਕਵਿਤਾਵਾਂ ਸਿੰਬਾਲਿਕ ਢੰਗ ਨਾਲ ਲਿਖਦਾ ਹੈ। ਇਹੋ ਸ਼ਾਇਰ ਦੀ ਵਿਲੱਖਣ ਪ੍ਰਾਪਤੀ ਹੈ। ਇਸ ਕਾਵਿ ਸੰਗ੍ਰਹਿ ਵਿਚ 114 ਛੋਟੀਆਂ-ਵੱਡੀਆਂ ਕਵਿਤਾਵਾਂ ਹਨ। ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਦੋ ਭਾਗਾਂ ਵਿਚ ਹਨ। ਪਹਿਲੇ ਭਾਗ ਦੀ ਪਹਿਲੀ ਕਵਿਤਾ 'ਸੈਲਫ਼ੀ' ਤੋਂ ਪਹਿਲਾਂ ਇਹ ਚਾਰ ਸਤਰਾਂ:

ਜ਼ੁਰਤ ਕੀ ਏ ਵਕਤ ਦੀ, ਸਾਡੀ ਖੋਹ ਲਏ ਮੁਸਕਾਨ।
ਮੱਥਿਆਂ ਦੇ ਵਿਚ ਜਿੱਤ ਹੈ, ਸਾਡਾ ਮੁਹੱਬਤ ਚੋਣ ਨਿਸ਼ਾਨ।


ਕਵੀ ਦੀ ਮਜ਼ਬੂਤ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹੋਈਆਂ, ਮੁਹੱਬਤ ਦਾ ਸੰਦੇਸ਼ ਵੀ ਦਿੰਦੀਆਂ ਹਨ। ਭਾਵ ਮੁਹੱਬਤ ਹੀ ਸੰਸਾਰ ਵਿਚ ਅਜਿਹੀ ਭਾਵਨਾ ਹੈ, ਜਿਹੜੀ ਜ਼ਿੰਦਗੀ ਨੂੰ ਤਰੋ-ਤਾਜ਼ਾ ਰੱਖਦੀ ਹੋਈ ਮਹਿਕਣ ਲਗਾ ਸਕਦੀ ਹੈ। ਹਰ ਮੁਸੀਬਤ ਨੂੰ ਸਰ ਕਰ ਸਕਦੀ ਹੈ। ਇਹ ਸਤਰਾਂ ਇੱਕ ਕਿਸਮ ਨਾਲ ਇਹ ਵੀ ਸਾਬਤ ਕਰਦੀਆਂ ਹਨ ਕਿ ਲੋਕਾਈ ਇਸ ਉਥਲ-ਪੁਥਲ ਦੇ ਬਾਵਜੂਦ ਵੀ ਬੁਲੰਦੀਆਂ ਨੂੰ ਛੂਹ ਸਕਦੀ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਵੀ ਆਸ਼ਾਵਾਦੀ ਹੈ। ਇਹ ਕਾਵਿ ਸੰਗ੍ਰਹਿ ਲਾਲਸਾਵਾਂ ਤੇ ਇੱਛਾਵਾਂ ਵਿਚ ਗ੍ਰਸੀ ਮਾਨਵਤਾ ਦੀ ਬਿਖਰੀ ਤੇ ਤਿੜਕੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦਾ ਹੈ। ਕਵੀ ਰੁੱਖਾਂ ਰਾਹੀਂ ਮਨੁੱਖਾਂ ਦੇ ਦੁੱਖਾਂ ਦੀ ਗੱਲ ਕਰਦਾ ਹੈ। ਵਿਰੋਧ ਵੀ ਤਾਕਤ ਦਿੰਦਾ ਹੈ ਤੇ ਹਾਰ ਜਿੱਤ ਦੀ ਨਿਸ਼ਾਨਦੇਹੀ ਕਰਦਾ ਹੈ। ਅਸਫ਼ਲਤਾ ਨੂੰ ਇਨਸਾਨ ਭੁਲਾ ਨਹੀਂ ਸਕਦਾ, ਸਗੋਂ ਅਸਫ਼ਲਤਾ ਉਸਦੇ ਚੇਤਿਆਂ ਵਿਚ ਉਸਲਵੱਟੇ ਲੈਂਦੀ ਰਹਿੰਦੀ ਹੈ। ਛਲਾਵੇ ਗੁੰਮਰਾਹ ਨਹੀਂ ਕਰ ਸਕਦੇ। ਸ਼ਹਿਰੀਕਰਨ ਨੇ ਦਿਹਾਤ ਨੂੰ ਨਿਗਲ ਲਿਆ ਹੈ, ਜਿਸ ਕਰਕੇ ਇਨਸਾਨ ਦੇ ਮਨ ਵਿਚ ਟਿਕਾਅ ਨਹੀਂ ਰਹਿੰਦਾ। ਸੰਸਾਰ ਦੀ ਸੋਚ ਵਿਚ ਬਦਲਾਅ ਆ ਰਿਹਾ ਹੈ, ਪੁੱਤਰ ਮੋਹ ਦੀ ਥਾਂ ਪੁੱਤਰੀ ਮੋਹ ਵੱਧ ਰਿਹਾ ਹੈ। ਨਸ਼ੇ ਤੇ ਪਰਵਾਸ ਚਿੰਤਾ ਦੇ ਵਿਸ਼ੇ ਹਨ। ਇਹ ਚਿੰਤਾ/ਦੁੱਖ ਮਜ਼ਬੂਤੀ ਬਖ਼ਸ਼ਦੇ ਹਨ। ਪੰਜਾਬ ਨੇ ਜ਼ਾਲਮਾਂ ਤੇ ਜ਼ੁਲਮ ਦੇ ਮੁਕਾਬਲੇ ਕਰਕੇ, ਜਿੱਤਾਂ ਪ੍ਰਾਪਤ ਕੀਤੀਆਂ ਹਨ, ਪ੍ਰੰਤੂ ਨਸ਼ਿਆਂ ਤੋਂ ਹਾਰ ਗਏ ਹਨ, 'ਵਿਰਸੇ 'ਚ ਪਈ ਬੰਦੂਕ ਕਿੱਥੇ ਹੈ' ਸਿਰਲੇਖ ਵਾਲੀ ਕਵਿਤਾ ਪੰਜਾਬੀਆਂ ਦੀ ਸੋਚ ਦਾ ਪ੍ਰਗਟਾਵਾ ਕਰਦੀ ਉਨ੍ਹਾਂ ਦੀ ਵਰਤਮਾਨ ਸਥਿਤੀ ਦਾ ਵਰਣਨ ਕਰਦੀ ਹੈ:-


ਅਫ਼ਗਨੀ-ਅਬਦਾਲੀ ਵਰਗਿਆਂ ਤੇ ਤੈਮੂਰ, ਗਜ਼ਨਵੀ ਵਰਗਿਆਂ ਤੋਂ ਨਾ ਹਾਰ ਸਕੇ।
ਤੇ ਸਿਕੰਦਰ ਸ਼ਾਹਾਂ ਦੇ ਨੇਜ਼ੇ, ਤਲਵਾਰਾਂ, ਬਰਛੇ, ਛਵੀਆਂ, ਛੁਰੀਆਂ ਨਾ ਸਾਨੂੰ ਮਾਰ ਸਕੇ।
ਇੱਕ ਢਾਈ ਇੰਚ ਸਰਿੰਜ ਦੀ ਸੂਈ ਨੇ ਅੱਜ ਮਾਰ ਦਿੱਤਾ ਸਾਨੂੰ।

ਇਹ ਹੈ ਪੰਜਾਬ ਦੀ ਤ੍ਰਾਸਦੀ। ਪਰਵਾਸ, ਨਸ਼ਿਆਂ ਅਤੇ ਮਜ਼ਦੂਰਾਂ ਦੀ ਤ੍ਰਾਸਦੀ ਨਾਲ ਸੰਬੰਧਤ 30 ਕਵਿਤਾਵਾਂ ਹਨ। ਕਵਿਤਾਵਾਂ ਤੇ ਪੁਸਤਕਾਂ ਨੂੰ ਸ਼ਾਇਰ ਜੀਵਨ ਦਾ ਆਧਾਰ ਮੰਨਦਾ ਹੈ, ਕਿਉਂਕਿ ਉਸਨੇ ਲਗਪਗ 20 ਕਵਿਤਾਵਾਂ ਵਿਚ ਕਵਿਤਾ ਤੇ ਪੁਸਤਕਾਂ ਦੀ ਮਹੱਤਤਾ ਦਾ ਜ਼ਿਕਰ ਕੀਤਾ ਹੈ। ਗ਼ਰੀਬਾਂ ਦੀਆਂ ਬਸਤੀਆਂ, ਰੇਲ ਪਟੜੀਆਂ 'ਤੇ ਕੋਲਾ ਚੁਗਦੇ ਬੱਚੇ, ਪਰਵਾਸ ਦੇ ਸਬਜ਼ਬਾਗ, ਕਰਜ਼ੇ, ਮਸ਼ੀਨਰੀ ਦੀ ਪੈਦਾ ਕੀਤੀ ਬੇਰੋਜ਼ਗਾਰੀ, ਜ਼ਿੰਦਗੀ ਦੀ ਤ੍ਰਾਸਦੀ ਬਿਆਨ ਕਰਦੀਆਂ ਹਨ। ਪਿਤਾ-ਮਾਤਾ ਦਿਵਸ ਦੇ ਮੱਕੜਜਾਲ ਵਿਚ ਪੰਜਾਬੀ ਫ਼ਸ ਗਏ, ਪ੍ਰੰਤੂ ਜੇਬ ਖਾਲ੍ਹੀ ਹੈ? ਇਸ ਸੰਗ੍ਰਹਿ ਦੀਆਂ ਕਵਿਤਾਵਾਂ ਮਾਨਸਿਕ ਜੱਦੋ-ਜਹਿਦ ਦੀ ਦਾਸਤਾਂ ਵੀ ਹਨ। ਦੁਬਿਧਾ ਵਿਚੋਂ ਬਾਹਰ ਨਿਕਲਕੇ ਜ਼ਿੰਦਗੀ ਦਾ ਆਨੰਦ ਮਾਣਿਆਂ ਜਾ ਸਕਦਾ ਹੈ। ਆਪਣੇ ਪੈਰ ਨਾ ਛੱਡੋ, ਅਖ਼ੀਰ ਪੈਰਾਂ ਨੇ ਹੀ ਸਹਾਰਾ ਦੇਣਾ ਹੈ। ਆਪਣੀ ਪਛਾਣ ਕਰੋ, ਸਾਰਾ ਕੁਝ ਤੁਹਾਡੇ ਅੰਦਰ ਹੀ ਹੈ। ਮਹਿਫ਼ਲਾਂ ਤੋਂ ਬਿਨਾ ਵੀ ਜ਼ਿੰਦਗੀ ਮਾਣੀ ਜਾ ਸਕਦੀ ਹੈ। ਬੱਚੇ ਦੇ ਜਨਮ ਤੋਂ ਲੈ ਕੇ ਅਖ਼ੀਰ ਤੱਕ ਇਨਸਾਨ ਵਹਿਮਾਂ-ਭਰਮਾਂ ਵਿਚ ਜਕੜਿਆ ਰਹਿੰਦਾ ਹੈ, ਫਿਰ ਪਛਾਣ ਪੱਤਰਾਂ ਤੇ ਜ਼ਮੀਨਾ ਜਾਇਦਾਦਾਂ ਵੀ ਵੰਡ ਵੰਡਾਈ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ, ਪ੍ਰੰਤੂ ਇਨਸਾਨ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦਾ। ਮਨੁੱਖ ਵੀ ਗਮਲਿਆਂ ਦੇ ਪੌਦਿਆਂ ਦੀ ਤਰ੍ਹਾਂ ਪ੍ਰਫੁਲਤ ਨਹੀਂ ਹੁੰਦਾ, ਪ੍ਰਫ਼ੁਲਤ ਹੋਣ ਲਈ ਖੁੱਲ੍ਹੀ ਸੋਚ ਤੇ ਹਵਾ ਦੀ ਜ਼ਰੂਰਤ ਹੁੰਦੀ ਹੈ। ਮਾਸ ਨਾਲੋਂ ਨਹੁੰ ਤੋੜਨ ਦੀ ਜਿਵੇਂ ਤਕਲੀਫ ਹੁੰਦੀ ਹੈ, ਉਸੇ ਤਰ੍ਹਾਂ ਫ਼ੁੱਲ ਨੂੰ ਪੌਦੇ ਨਾਲੋਂ ਤੋੜਨ 'ਤੇ ਹੁੰਦੀ ਹੈ। ਅਜਿਹੇ ਅਹਿਸਾਸ ਇਨਸਾਨ ਵਿਚ ਹੋਣੇ ਚਾਹੀਦੇ ਹਨ। ਅਹਿਸਾਸ ਤੇ ਭਾਵਨਾਵਾਂ ਅਸਮਾਨ ਦੀ ਉਡਾਰੀ ਲਗਾ ਦਿੰਦੇ ਹਨ। ਇਸੇ ਤਰ੍ਹਾਂ ਸਫ਼ਲ ਜੀਵਨ ਲਈ ਅਹਿਸਾਸਾਂ ਦਾ ਹੋਣਾ ਲਾਭਦਾਇਕ ਹੁੰਦਾ ਹੈ। ਪਾਣੀ ਜੀਵਨ ਹੈ ਤੇ ਪਿਆਸ ਜੀਵਨ ਦਾ ਮਾਰਗ ਹੈ। ਇਹ ਕਵਿਤਾਵਾਂ ਜਿਥੇ ਭਾਵਨਾਵਾਂ ਦੀ ਗੱਲ ਕਰਦੀਆਂ ਹਨ, ਉਥੇ ਸਮਾਜਿਕ ਸਰੋਕਾਰਾਂ ਨਾਲ ਵੀ ਲਬਰੇਜ, ਕਵੀ ਦੀਆਂ ਕਵਿਤਾਵਾਂ ਕਹਿੰਦੀਆਂ ਹਨ। ਪਰਵਾਸ ਵਿਚ ਮਿਹਨਤ ਕਰਦੇ ਹਨ, ਪ੍ਰੰਤੂ ਆਪਣੇ ਦੇਸ਼ ਵਿਚ ਡਿਗਨਟੀ ਆਫ ਲੇਬਰ ਨਹੀਂ ਹੈ। ਮੰਜ਼ਲ ਦੀ ਪ੍ਰਾਪਤੀ ਲਈ ਮਿਹਨਤ ਲਾਜ਼ਮੀ ਤੇ ਫਿਰ ਆਨੰਦ ਹੀ ਆਨੰਦ ਹੈ। ਜ਼ਿੰਦਗੀ ਜਿਊਣ ਲਈ ਕਈ ਵੇਲਣ ਵੇਲਣੇ ਪੈਂਦੇ ਹਨ ਤੇ ਫਿਰ ਭਟਕਣਾ ਖ਼ਤਮ ਹੋ ਜਾਂਦੀ ਹੈ। ਖੰਡਰ ਵੀ ਸੱਭਿਅਤਾ ਦੀ ਅਮੀਰੀ ਦੀ ਨਿਸ਼ਾਨੀ ਹੁੰਦੇ ਹਨ। ਭੀੜਤੰਤਰ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਤੋਂ ਕੋਹਾਂ ਦੂਰ ਹੁੰਦਾ ਹੈ। ਲੁੱਕਵੀਂ ਹਰ ਗੱਲ ਨੁਕਸਾਨਦਾਇਕ ਹੁੰਦੀ ਹੈ, ਲੁੱਕਵੇਂ ਗ਼ੈਰ ਇਖਲਾਕੀ ਸੰਬੰਧ ਅਣਮਨੁੱਖੀ ਤੇ ਗ਼ੈਰ ਕੁਦਰਤੀ ਵੀ ਹੁੰਦੇ ਹਨ। ਬ੍ਰਾਂਡਿਡ ਵਸਤਾਂ ਨੇ ਹੱਥ ਕਰਘਾ ਸੱਭਿਅਤਾ ਨੂੰ ਨਿਗਲ ਲਿਆ ਹੈ। ਪੰਜਾਬੀ ਗ਼ਰੀਬੀ, ਭੁੱਖਮਰੀ, ਬੇਰੋਜ਼ਗਾਰੀ, ਪਰਵਾਸ ਅਤੇ ਭੌਂ ਮਾਫ਼ੀਏ ਦੇ ਚੁੰਗਲ ਵਿਚ ਫਸਕੇ ਫ਼ਸਲਾਂ ਵਾਲੀਆਂ ਜ਼ਮੀਨਾਂ ਤੋਂ ਹੱਥ ਧੋ ਬੈਠਣਗੇ। ਪਰਜਾਤੰਤਰ ਪ੍ਰਣਾਲੀ ਦੀਆਂ ਖ਼ਾਮੀਆਂ ਦਾ ਇਵਜ਼ਾਨਾ ਭੁਗਤ ਰਹੇ ਹਾਂ, ਆਜ਼ਾਦੀ ਦੇ ਲਾਭ ਨਹੀਂ ਮਿਲ ਰਹੇ, ਸਾਜ਼ਿਸ਼ਾਂ ਦਾ ਸ਼ਿਕਾਰ ਹੋ ਰਹੇ ਹਾਂ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਵੋਟਾਂ ਮੌਕੇ ਵੋਟਰ ਵਿਕ ਜਾਂਦੇ ਹਨ, ਫਿਰ ਭਵਿੱਖ ਸੁਨਹਿਰਾ ਕਿਵੇਂ ਹੋਵੇਗਾ? ਸਾਡੀ ਮਾਨਸਿਕਤਾ ਦੀ ਤਰ੍ਹਾਂ ਗ਼ਰੀਬੀ ਤੇ ਅਮੀਰੀ ਦਾ ਪਾੜਾ ਵੱਧ ਰਿਹਾ ਹੈ। ਜੰਗ ਦਾ ਇਵਜ਼ਾਨਾ ਮਾਸੂਮਾਂ ਨੂੰ ਭਗਤਣਾ ਪੈਂਦਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਕਵਿਤਾਵਾਂ ਮੰਗਦੀਆਂ ਹਨ।

ਦੂਜੇ ਭਾਗ ਵਿਚ ਸ਼ਾਇਰ ਲਿਖਦਾ ਹੈ ਕਿ ਆਧੁਨਿਕ ਤਕਨੀਕ ਦੇ ਕੰਪਿਊਟਰ, ਮੋਬਾਈਲ ਅਤੇ ਲੈਪਟਾਪ ਦੇ ਉਪਕਰਨਾਂ ਦੇ ਆਉਣ ਨਾਲ ਇਨਸਾਨ ਇਨ੍ਹਾਂ ਦਾ ਗ਼ੁਲਾਮ ਹੋ ਗਿਆ ਹੈ। ਪੁਸਤਕਾਂ ਦੇ ਛਪਾਈ 'ਤੇ ਵੀ ਅਸਰ ਹੋਇਆ ਹੈ। ਮਨੁੱਖ ਦਾ ਪੱਥਰ ਯੁੱਗ ਤੋਂ ਆਧੁਨਿਕ ਤਕਨੀਕ ਦੇ ਸਫਰ ਦੀ ਦਾਸਤਾਂ ਹੈ। ਮਨੁੱਖ ਨੇ ਅਮੀਰ ਸੱਭਿਅਤਾ ਤੋਂ ਮੂੰਹ ਮੋੜ ਲਿਆ ਹੈ, ਉਪਕਰਨਾਂ ਦਾ ਕੈਦੀ ਬਣ ਗਿਆ। ਸੋਸ਼ਲ ਮੀਡੀਆ ਝੂਠ ਦਾ ਪੁਲੰਦਾ ਹੈ, ਮਨੁੱਖ ਉਸ ਵਿਚ ਹੀ ਮਸਤ ਹੋ ਗਿਆ ਹੈ। ਸ਼ੀਸ਼ੇ ਦੇ ਜੰਗਲ ਵਿਚ ਮਨੁੱਖ ਐਸਾ ਉਲਝਿਆ, ਨਾ ਤਾਂ ਉਸ ਵਿਚ ਰਹਿ ਸਕਦਾ ਅਤੇ ਨਾ ਹੀ ਬਾਹਰ ਆ ਸਕਦਾ। ਇਸਦੀ ਚਕਾਚੌਂਧ ਤੇ ਚਮਕ-ਦਮਕ ਮਨੁੱਖ ਨੂੰ ਭੁਸਲਾ ਕੇ ਰੱਖਦੀ ਹੈ। ਇਸ ਵਿਚ ਹੀ ਉਲਝਿਆ ਹੋਇਆ, ਆਪਣੀ ਮਾਨਸਿਕਤਾ ਨੂੰ ਪੱਠੇ ਪਾਉਂਦਾ ਰਹਿੰਦਾ ਹੈ ਪ੍ਰੰਤੂ ਉਸ ਵਿਚੋਂ ਕੱਢਣ ਪਾਉਣ ਨੂੰ ਕੁਝ ਵੀ ਨਹੀਂ ਹੈ। ਸਵੇਰ ਤੋਂ ਸ਼ਾਮ ਤੱਕ ਸ਼ੀਸ਼ੇ ਦੇ ਜੰਗਲ ਵਿਚ ਸ਼ਰਮਸ਼ਾਰ ਹੋਇਆ ਘੁੰਮਣਘੇਰੀ ਵਿਚ ਪਿਆ ਰਹਿੰਦਾ ਹੈ। ਇਸ਼ਤਿਹਾਰਬਾਜ਼ੀ ਦਾ ਚਕਮਾ ਮਹਿੰਗੀਆਂ ਵਸਤਾਂ ਖਰੀਦਣ ਲਈ ਮੁਸ਼ਕਲ ਪੈਦਾ ਕਰ ਦਿੰਦਾ ਹੈ। ਨਮੋਸ਼ੀ, ਨਿਰਾਸ਼ਤਾ, ਚੁੱਪ, ਖ਼ੌਫ਼, ਖ਼ਾਮੋਸ਼ੀ ਅਤੇ ਬੇਬਸੀ ਨੇ ਘੇਰਾ ਪਾਇਆ ਹੈ, ਇਨ੍ਹਾਂ ਵਿਚੋਂ ਬਾਹਰ ਦਾ ਰਸਤਾ ਲੱਭਣਾ ਵੀ ਔਖਾ ਹੋ ਜਾਂਦਾ ਹੈ। ਇਹ ਚੁਣੌਤੀਆਂ ਮਿਹਨਤ ਨਾਲ ਸਰ ਹੋਣਗੀਆਂ। ਭੂਤ ਨੂੰ ਭੁੱਲਕੇ ਭਵਿਖ ਨੂੰ ਰੌਸ਼ਨ ਕਰੋ, ਦੂਜਿਆਂ ਦੇ ਨੁਕਸ ਕੱਢਣ ਦੀ ਥਾਂ ਆਪਣੇ ਵਿਚ ਸੁਧਾਰ ਕਰੋ, ਸੁਪਨੇ ਸਿਰਜੋ ਤਾਂ ਮੁਕੱਦਰ ਆਪ ਹੀ ਬਣ ਜਾਵੇਗਾ। ਅਵਤਾਰਜੀਤ ਤੋਂ ਭਵਿੱਖ ਵਿਚ ਹੋਰ ਬਾਕਮਾਲ ਕਵਿਤਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

207 ਪੰਨਿਆਂ, 450 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਨਵਯੁੱਗ ਪਬਲਿਸ਼ਰਜ਼ ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ। ਸੰਪਰਕ: ਅਵਤਾਰਜੀਤ : 99142-03231



ਕਵੀ ਦੀ ਮਜ਼ਬੂਤ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹੋਈਆਂ, ਮੁਹੱਬਤ ਦਾ ਸੰਦੇਸ਼ ਵੀ ਦਿੰਦੀਆਂ ਹਨ। ਭਾਵ ਮੁਹੱਬਤ ਹੀ ਸੰਸਾਰ ਵਿਚ ਅਜਿਹੀ ਭਾਵਨਾ ਹੈ, ਜਿਹੜੀ ਜ਼ਿੰਦਗੀ ਨੂੰ ਤਰੋ-ਤਾਜ਼ਾ ਰੱਖਦੀ ਹੋਈ ਮਹਿਕਣ ਲਗਾ ਸਕਦੀ ਹੈ। ਹਰ ਮੁਸੀਬਤ ਨੂੰ ਸਰ ਕਰ ਸਕਦੀ ਹੈ। ਇਹ ਸਤਰਾਂ ਇੱਕ ਕਿਸਮ ਨਾਲ ਇਹ ਵੀ ਸਾਬਤ ਕਰਦੀਆਂ ਹਨ ਕਿ ਲੋਕਾਈ ਇਸ ਉਥਲ-ਪੁਥਲ ਦੇ ਬਾਵਜੂਦ ਵੀ ਬੁਲੰਦੀਆਂ ਨੂੰ ਛੂਹ ਸਕਦੀ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਵੀ ਆਸ਼ਾਵਾਦੀ ਹੈ। ਇਹ ਕਾਵਿ ਸੰਗ੍ਰਹਿ ਲਾਲਸਾਵਾਂ ਤੇ ਇੱਛਾਵਾਂ ਵਿਚ ਗ੍ਰਸੀ ਮਾਨਵਤਾ ਦੀ ਬਿਖਰੀ ਤੇ ਤਿੜਕੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦਾ ਹੈ। ਕਵੀ ਰੁੱਖਾਂ ਰਾਹੀਂ ਮਨੁੱਖਾਂ ਦੇ ਦੁੱਖਾਂ ਦੀ ਗੱਲ ਕਰਦਾ ਹੈ। ਵਿਰੋਧ ਵੀ ਤਾਕਤ ਦਿੰਦਾ ਹੈ ਤੇ ਹਾਰ ਜਿੱਤ ਦੀ ਨਿਸ਼ਾਨਦੇਹੀ ਕਰਦਾ ਹੈ। ਅਸਫ਼ਲਤਾ ਨੂੰ ਇਨਸਾਨ ਭੁਲਾ ਨਹੀਂ ਸਕਦਾ, ਸਗੋਂ ਅਸਫ਼ਲਤਾ ਉਸਦੇ ਚੇਤਿਆਂ ਵਿਚ ਉਸਲਵੱਟੇ ਲੈਂਦੀ ਰਹਿੰਦੀ ਹੈ। ਛਲਾਵੇ ਗੁੰਮਰਾਹ ਨਹੀਂ ਕਰ ਸਕਦੇ।

## ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025

# ਜਰਖੜ ਹਾਕੀ ਅਕੈਡਮੀ ਦੋਹਾਂ ਵਰਗਾਂ ’ਚ ਬਣੀ ਚੈਂਪੀਅਨ

## ਪਵਨਪ੍ਰੀਤ ਅਤੇ ਗੁਰਮਾਨਵਦੀਪ ਚਾਹਿਲ ਬਣੇ “ਹੀਰੋ ਆਫ ਦਾ ਟੂਰਨਾਮੈਂਟ”



### ਜਰਖੜ ਸਟੇਡੀਅਮ ਤੋਂ ਵਿਸ਼ੇਸ਼ ਰਿਪੋਰਟ

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਗਏ 15ਵੇਂ ਡਾਬਰ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 9ਵੇਂ ਦਿਨ ਖੇਡੇ ਗਏ ਫਾਈਨਲ ਮੈਚਾਂ ਵਿਚ ਜਰਖੜ ਹਾਕੀ ਅਕੈਡਮੀ ਨੇ ਸੀਨੀਅਰ ਅਤੇ ਜੂਨੀਅਰ ਵਰਗਾਂ ਦੇ ਜੇਤੂ ਖਤਾਬ ਆਪਣੇ ਨਾਮ ਕੀਤੇ। ਜਦਕਿ ਜਰਖੜ ਹਾਕੀ ਅਕੈਡਮੀ ਦਾ ਸਟਾਰ ਖਿਡਾਰੀ ਪਵਨਪ੍ਰੀਤ ਸਿੰਘ ਡੰਗੋਰਾ ਅਤੇ ਮਾਨਵਦੀਪ ਨੇ “ਡਾਬਰ ਹੀਰੋ ਆਫ ਦਾ ਮੈਚ” ਬਣਨ ਦਾ ਮਾਣ ਹਾਸਲ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿਚ ਨੀਲੇ ਰੰਗ ਦੀ ਐਸਟ੍ਰੋਟਰਫ ਉਪਰ ਫ਼ਲੱਡ ਲਾਈਟਾਂ ਦੀ ਰੌਸ਼ਨੀ ਵਿਚ ਖੇਡੇ ਗਏ ਫਾਈਨਲ ਮੁਕਾਬਲਿਆਂ ਵਿਚ ਸੀਨੀਅਰ ਵਰਗ ਵਿਚ ਜਰਖੜ ਹਾਕੀ ਅਕੈਡਮੀ ਨੇ ਨੀਟਾ ਕਲੱਬ ਰਾਮਪੁਰ ਨੂੰ ਦਿਲ ਦੀਆਂ ਧੜਕਣਾਂ ਰੋਕ ਕੇ ਦੇਖਣ ਵਾਲੇ ਸੰਘਰਸ਼ਪੂਰਨ ਮੈਚ ਵਿਚ 5-3 ਗੋਲਾਂ ਨਾਲ ਹਰਾਕੇ ਉਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਹਾਕੀ ਟਰਾਫੀ ਅਤੇ ਲਗਭਗ 81 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਵਾਲਾ ਇਨਾਮ ਜਿੱਤਿਆ। ਇਸ ਤੋਂ ਪਹਿਲਾਂ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੇ ਕਿਲ੍ਹਾ ਰਾਏਪੁਰ ਨੂੰ 6-3 ਨਾਲ ਹਰਾਕੇ ਤੀਸਰਾ ਸਥਾਨ ਹਾਸਲ ਕੀਤਾ। ਜਰਖੜ ਅਕੈਡਮੀ ਦਾ ਗੁਰਿੰਦਰ ਸਿੰਘ ਗੁਰੀ “ਡਾਬਰ ਹੀਰੋ ਆਫ ਦਾ ਮੈਚ” ਬਣਿਆ ਅਤੇ ਰਾਮਪੁਰ ਦਾ ਜਗਜੀਤ ਸਿੰਘ “ਡਾਬਰ ਹੀਰੋ ਆਫ ਦਾ ਮੈਚ” ਬਣਿਆ। ਅੰਤਰਰਾਸ਼ਟਰੀ ਹਾਕੀ ਸਟਾਰ ਖਿਡਾਰੀ ਹਰਜੋਤ ਸਿੰਘ ਜੋਤੀ ਟੂਰਨਾਮੈਂਟ ਦਾ “ਸਰਵੋਤਮ ਗੋਲਕੀਪਰ” ਬਣਿਆ, ਜਦਕਿ ਰਾਮਪੁਰ ਦਾ ਮਿਲਖਾ ਸਿੰਘ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਅਤੇ


ਜਗਰੂਪ ਸਿੰਘ ਜਰਖੜ
ਖੇਡ ਲੇਖਕ
98143-00722




ਪੰਜਾਬ ਮੇਲ USA





ਪਵਨਪ੍ਰੀਤ ਸਿੰਘ ਡੰਗੋਰਾ “ਡਾਬਰ ਹੀਰੋ ਆਫ ਦਾ ਮੈਚ” ਬਣਿਆ। ਕਿਲ੍ਹਾ ਰਾਇਪੁਰ ਦਾ ਜਗਜੀਤ ਸਿੰਘ ਜੱਗੀ 40 ਤੋਂ ਉਪਰ ਦਾ ਸਰਵੋਤਮ ਖਿਡਾਰੀ ਬਣਿਆ। ਸਾਰੇ ਖਿਡਾਰੀਆਂ ਨੂੰ ਵਧੀਆ ਕੁਆਲਿਟੀ ਦੇ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਜੂਨੀਅਰ ਵਰਗ ਦੇ ਫਾਈਨਲ ’ਚ ਜਰਖੜ ਹਾਕੀ ਅਕੈਡਮੀ ਨੇ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਨੂੰ ਬਹੁਤ ਹੀ ਰੋਮਾਂਚਕ ਅਤੇ ਕਰੜੇ ਸੰਘਰਸ਼ ਬਾਅਦ 1-0 ਗੋਲਾਂ ਨਾਲ ਹਰਾਕੇ ਕੇ ਪਹਿਲੀ ਵਾਰ ਜੂਨੀਅਰ ਖਿਤਾਬ ਜਿੱਤਣ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 4-3 ਹਰਾਇਆ। ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ “ਡਾਬਰ ਹੀਰੋ ਆਫ ਦਾ ਮੈਚ” ਬਣਿਆ। ਕਿਲ੍ਹਾ ਰਾਏਪੁਰ ਸਕੂਲ ਦਾ ਰਾਜਵੀਰ ਸਿੰਘ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਬਣਿਆ। ਗੁਰਮਾਨਵਦੀਪ ਸਿੰਘ ਚਾਹਲ “ਹੀਰੋ ਆਫ ਦਾ ਟੂਰਨਾਮੈਂਟ” ਬਣਿਆ। ਸਾਰੇ ਖਿਡਾਰੀਆਂ ਨੂੰ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਟੂਰਨਾਮੈਂਟ ਦੇ ਫਾਈਨਲ ਸਮਾਰੋਹ ਦੇ ਉੱਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਵੱਖ-ਵੱਖ ਗੀਤਾਂ ’ਤੇ ਆਪਣੀ ਕੋਰੀਓਗਰਾਫੀ ਰਾਹੀਂ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਡਾਬਰ ਕੰਪਨੀ ਨੇ ਸਮੂਹ ਖਿਡਾਰੀਆਂ ਅਤੇ ਦਰਸ਼ਕਾਂ ਲਈ ਵੱਡੇ ਪੱਧਰ ’ਤੇ ਰਿਫਰੈਸ਼ਮੈਂਟ ਵੰਡੀ ਗਈ। ਫਾਈਨਲ ਮੈਚ ’ਤੇ ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਲੇਰਕੋਟਲਾ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਨਾਲ ਜਾਣ-ਪਹਿਚਾਣ ਕਰਦਿਆਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆਂ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਹਾਕੀ ਅਕੈਡਮੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਅਮਰੀਕਾ ਤੋਂ ਉਚੇਚੇ ਤੌਰ ’ਤੇ ਜੇ.ਐੱਸ.ਟੀ. ਟਰੱਕਿੰਗ ਕੰਪਨੀ ਦੇ ਮਾਲਕ ਜੰਗਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰਦਿਆਂ ਜਰਖੜ ਹਾਕੀ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਪਬਲਿਕ ਰਿਲੇਸ਼ਨ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਵੇਟ ਲਿਫਟਰ, ਹਰਬੰਸ ਸਿੰਘ ਸੈਣੀ, ਅਮਰੀਕ ਸਿੰਘ ਮਿਨਹਾਸ ਸਾਬਕਾ ਏ.ਆਈ.ਜੀ. ਪੰਜਾਬ ਪੁਲਿਸ, ਸੁਖਵਿੰਦਰ ਸਿੰਘ ਫੌਜੀ, ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਦਲਬੀਰ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ, ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਤਜਿੰਦਰ ਸਿੰਘ ਜਰਖੜ, ਸਰਪੰਚ ਬਾਬੂ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਅੰਤ ਵਿਚ ਜਗਰੂਪ ਸਿੰਘ ਜਰਖੜ ਨੇ ਅਗਲੇ ਵਰ੍ਹੇ ਫਿਰ ਮਿਲਣ ਦੇ ਵਾਅਦੇ ਦੀ ਫਤਿਹ ਨਾਲ ਟੂਰਨਾਮੈਂਟ ਦੀ ਸਮਾਪਤੀ ਦਾ ਐਲਾਨ ਕੀਤਾ।





## ਕੌਣ?

ਕਈ ਵਾਰ ਉਹ ਰੁੱਸ ਜਾਂਦੀ ਹੈ,
ਕਈ ਵਾਰ ਖੁਦ ਰੁੱਸ ਜਾਂਦੇ ਹਾਂ।

ਕਈ ਵਾਰ ਮੂੰਹ ਮੋੜ ਲੰਘਦੀ ਹੈ,
ਕਈ ਵਾਰ ਖੁਦ ਮੂੰਹ ਮੋੜਦੇ ਹਾਂ।

ਕਈ ਵਾਰ ਸਾਡੇ 'ਤੇ ਹੱਸਦੀ ਹੈ,
ਕਈ ਵਾਰ ਉਸ 'ਤੇ ਹੱਸਦੇ ਹਾਂ।

ਕਈ ਵਾਰ ਉਹ ਰੁਆਉਂਦੀ ਹੈ,
ਕਈ ਵਾਰ ਖੁਦ ਹੀ ਰੋਂਦੇ ਹਾਂ।

ਕਈ ਵਾਰ ਖੁਸ਼ੀ ਖੇੜੇ ਵੰਡਦੀ ਹੈ,
ਕਈ ਵਾਰ ਉਹ ਲਫੇੜੇ ਛੱਡਦੀ।

ਬੱਸ ਇੰਝ ਹੀ ਤੁਰੀ ਆ ਰਹੀ ਹੈ,
ਉਂਗਲੀ ਫੜ ਤੁਰੇ ਜਾ ਰਹੇ ਹਾਂ।

ਇਹ ਜ਼ਿੰਦਗੀ ਦਾ ਅੰਦਾਜ਼ ਹੈ,
ਪਰ ਚੁੱਪ ਚਾਪ ਨ ਆਵਾਜ਼ ਹੈ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲUSA

## ਬੇਖੌਫ਼ ਪਰਿੰਦੇ

ਸਾਨੂ ਵੱਢਿਆ ਸਦਾ ਕੁਹਾੜਿਆਂ ਨੇ
ਬੜਾ ਦੱਬਿਆ, ਘੱਲੂਘਾਰਿਆਂ ਨੇ

ਅਸੀਂ ਖੁੰਭਾਂ ਵਾਂਗੂੰ ਉੱਗਦੇ ਰਹੇ
ਬੜਾ ਕੁਤਰਿਆ ਏ, ਹੱਤਿਆਰਿਆਂ ਨੇ

ਸਾਡੇ ਰੱਬੀਆਂ, ਇਮਤਿਹਾਨ ਲਏ
ਸਾਨੂੰ ਪਰਖਿਆ ਤਿਖਿਆਂ, ਆਰਿਆਂ ਨੇ

ਜੇਹਲਾਂ ਵਿਚ ਸੁਰੰਗਾਂ, ਪੱਟ ਦਿੱਤੀਆਂ
ਸਾਡੇ ਤਾਰੇ ਅਤੇ ਹਵਾਰਿਆਂ ਨੇ

ਫੌਜਾਂ ਨੂੰ ਵਾਹਣੀ ਪਾ ਰੱਖਿਆ
ਅਮਰੀਕ, ਸੁਬੇਗ ਤੇ ਠਾਹਰਿਆਂ ਨੇ

ਸਿੱਖ ਰਾਜ ਦੇ ਸੂਰਜ ਵੇਖੇ ਨੇ
ਯੁੱਗ, ਸਦੀਆਂ, ਅੰਬਰਾਂ, ਤਾਰਿਆਂ ਨੇ

ਝੰਡੇ ਚੜ੍ਹੇ, ਕੇਸਰੀ ਵੇਖੇ ਨੇ
ਕਦੇ ਦਿੱਲੀ ਦੇ, ਗਲਿਆਰਿਆਂ ਨੇ

ਜਮਰੌਦ, ਦਹਿਸ਼ਤਾਂ ਪਾਈਆਂ ਸੀ
ਨਲੂਏ ਦੇ ਝੰਡੇ, ਚਾੜ੍ਹਿਆਂ ਨੇ

ਕੁਲਵੀਰ ਨਾ ਵੈਰੀ ਸੌਣ ਦਿੱਤੇ
ਸਾਡੇ ਬਾਣਿਆਂ ਅਤੇ ਜੈਕਾਰਿਆਂ ਨੇ

-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲUSA

## ਪਾਣੀ ਦੀ ਸੰਭਾਲ

ਸਮਾਂ ਰਹਿੰਦਿਆਂ ਜੇਕਰ ਆਪਾਂ, ਕਦਰ ਨਾ ਇਸਦੀ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਵਰਤੋਂ ਸੰਜਮ ਦੇ ਨਾਲ ਕਰੀਏ, ਤੁਬਕਾ-ਤੁਬਕਾ ਬਾਲਟੀ ਭਰੀਏ
ਸੁਲਝਣੀ ਮੁਸ਼ਕਲ ਹੋ ਜਾਣੀ ਹੈ, ਉਲਝ ਗਈ ਜੇ ਤਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਪਾਣੀ ਨਾਲ ਪਛਾਣ ਪੰਜਾਬ ਦੀ, ਪਾਣੀ ਦੇ ਨਾਲ ਸ਼ਾਨ ਪੰਜਾਬ ਦੀ
ਸ਼ਾਨ ਬਚਾਈਏ, ਪਛਾਣ ਬਚਾਈਏ, ਬਣੀਏ ਸਮੇਂ ਦੇ ਹਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਪਾਣੀ ਸਾਡਾ ਅੰਮ੍ਰਿਤ ਵਰਗਾ, ਬਿਨ ਸ਼ਰਬਤ ਤੋਂ ਸ਼ਰਬਤ ਵਰਗਾ
ਪਾਣੀ ਨੂੰ ਦਰਜ ਪਿਤਾ ਦਾ, ਦਿੱਤਾ ਹੈ ਵਿੱਚ ਬਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਖੇਤੀ ਨਾ ਫਿਰ ਫ਼ਸਲਾਂ ਰਹਿਣੀਆਂ, ਪਾਣੀ ਬਿਨ ਨਾ ਨਸਲਾਂ ਰਹਿਣੀਆਂ
ਸੁੱਕ ਜਾਣੀਆਂ ਨਦੀਆਂ-ਨਹਿਰਾਂ, ਧਰਤ ਬੰਜਰ ਹੋ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਝਨਾਅ, ਜੇਹਲਮ ਤੇ ਰਾਵੀ, ਸਤਲੁਜ ਅਤੇ ਬਿਆਸ
ਸਦੀਆਂ ਤੋਂ ਮਿਟਾਉਂਦੇ, ਆ ਰਹੇ ਨੇ ਸਾਡੀ ਪਿਆਸ
ਪਾਣੀ ਬਚਾਉਣਾ ਹੈ ਹਰ ਹੀਲੇ, ਮਨ 'ਚ ਚੀਮੇ ਹੈ ਠਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਸਮਾਂ ਰਹਿੰਦਿਆਂ ਜੇਕਰ ਆਪਾਂ, ਕਦਰ ਨਾ ਇਸਦੀ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211



ਪੰਜਾਬ ਮੇਲUSA

## ਅੰਬਰ

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਗਿਣਾਵਾਂ।

ਚਿੱਟਾ ਲਹੂ ਇਥੇ ਹੁੰਦਾ ਜਾਂਦਾ।
ਪੈ ਗਏ ਪਾੜ ਹੁਣ ਵਿਚ ਭਰਾਵਾਂ।

ਚੌਧਰ ਵਿਚ ਗਏ ਵੰਡੇ ਸਾਰੇ।
ਦਸ ਕਿਸ ਨਾਲ ਮੈਂ ਦੁੱਖ ਵੰਡਾਵਾਂ।

ਰਾਜਨੀਤੀ ਹੈ ਹਰ ਪਾਸੇ ਭਾਰੂ।
ਦੱਸ ਮੈਂ ਕਿਹੜੇ ਪਾਸੇ ਜਾਵਾਂ।

ਖਿਲਰੇ ਪਏ ਨੇ ਟੱਬਰ ਬਹੁਤੇ।
ਨਰਮਾ ਨਹੀਂ ਕਿਸੇ ਕੋਲੋਂ ਚੁਗਾਵਾਂ।

ਕਰ ਕ੍ਰਿਪਾ ਜੇ ਹੋ ਸਕਦੀ ਹੈ।
ਦਿਨ-ਰਾਤ ਮੈਂ ਤੇਰਾ ਨਾਮ ਜਪਾਵਾਂ।

ਦੇਖ ਕੇ ਉਤੋਂ ਕਿਉਂ ਦੜ ਵਟਦਾ ਏਂ।
ਗਲਵਕੜੀ ਵਿਚ ਪੈ ਜਾਣ ਭਰਾਵਾਂ।

ਓ ਅੰਬਰਾ ਕਰ ਧਿਆਨ ਇਧਰ।
'ਗੁਰਜਤਿੰਦਰ' ਚਾਹੇ ਤੈਨੂੰ ਦੁੱਖ ਸੁਣਾਵਾਂ।

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਸੁਣਾਵਾਂ।

-ਗੁਰਜਤਿੰਦਰ ਸਿੰਘ ਰੰਧਾਵਾ, ਸੈਕਰਾਮੈਂਟੋ
916-320-9444
(Punjab Mail USA)



ਪੰਜਾਬ ਮੇਲUSA

## ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ

ਸ਼ਹੀਦੀ ਕੋਈ ਸਾਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਪਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ
ਸ਼ਹੀਦੀ ਦੀ ਪਦਵੀ ਬਹੁਤ ਉੱਚੀ ਹੁੰਦੀ ਏ
ਸ਼ਹੀਦੀ ਦਾ ਸੰਬੰਧ ਅਣਖੀ, ਸੱਚ, ਅਹਿਸਾਸ,
ਜਜ਼ਬਾਤ, ਕੁਰਬਾਨੀ ਦੇ ਜਜ਼ਬੇ, ਨੈਤਿਕਤਾ, ਸੂਰਬੀਰਤਾ,
ਅਤੇ ਜੀਉਂਦੀ ਜਾਗਦੀ ਜ਼ਮੀਰ ਨਾਲ ਹੁੰਦਾ ਏ
ਸ਼ਹੀਦੀ ਕੋਈ ਸਾਧਾਰਨ ਮਨੁੱਖ ਨਹੀਂ ਪਾ ਸਕਦਾ
ਸ਼ਹੀਦ ਹੱਕ, ਸੱਚ, ਇਨਸਾਫ ਲਈ,
ਜਬਰ, ਜ਼ੁਲਮ ਦੇ ਵਿਰੁੱਧ ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਉਹ ਅਨਿਆਂ, ਅੱਤਿਆਚਾਰ, ਪੱਖਪਾਤ
ਤੇ ਝੂਠ ਅੱਗੇ ਝੁੱਕ ਨਹੀਂ ਸਕਦਾ
ਸ਼ਹੀਦ ਆਪਣੇ ਆਪ ਨੂੰ ਕੁਰਬਾਨ ਤਾਂ
ਕਰ ਸਕਦਾ ਏ ਪਰ ਆਪਣੇ ਆਦਰਸ਼
ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦਾ
ਸ਼ਹੀਦ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ ਏ
ਦੁਨੀਆਂ ਵਿਚ ਆਪਣਾ ਨਾਂ ਰੌਸ਼ਨ ਤੇ ਅਮਰ ਕਰ ਜਾਂਦਾ ਏ
ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦਾ ਏ
ਕੌਮਾਂ ਸਦਾ ਜੀਉਂਦੀਆਂ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ,
ਕੌਮਾਂ ਬਣਦੀਆਂ ਸਦਾ ਮਹਾਨ ਬੰਦਿਆਂ
ਦੇ ਮਹਾਨ ਕੰਮਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ
ਉਹ ਕੌਮਾਂ ਪਾ ਲੈਂਦੀਆਂ ਮੰਜ਼ਿਲਾਂ ਨੂੰ
ਜਿਹੜੀਆਂ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ
ਕਾਨੀ ਸਦਾ ਹੀ ਰਹੀ ਲਿਖਦੀ ਖ਼ੂਨੀ ਪੱਤਰੇ
ਸਮਾਂ ਸੁਝਦੀਆਂ ਛੁਰੀਆਂ ਉਲਾਰਦਾ ਰਿਹਾ
ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ
ਵਤਨ ਪਰ ਮਰ ਮਿਟਨੇ ਵਾਲੋਂ ਕਾ ਜਿਹੀ ਬਾਕੀ ਨਿਸ਼ਾਂ ਹੋਗਾ

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955



ਪੰਜਾਬ ਮੇਲUSA

## ਘਰ ਪਿੰਡ ਖੇਤ

ਘਰ ਪਿੰਡ ਖੇਤ
ਖਿੜੀ ਕਿਤੇ ਦੁਪਹਿਰ ਤਾਂ ਹੋਵੇ
ਚੁੱਪ ਚੰਦ ਤਾਰੇ
ਕੋਈ ਹੱਸਦਾ ਪਹਿਰ ਤਾਂ ਹੋਵੇ

ਬੈਠੇ ਹਨ ਸਹਿਮੇ
ਫੁੱਲ ਡਾਲੀਆਂ 'ਤੇ ਚਿਰਾਂ ਤੋਂ
ਤੁਰਨ ਫਿਰਨ ਲਈ
ਕੋਈ ਬੇਖੌਫ਼ ਸ਼ਹਿਰ ਤਾਂ ਹੋਵੇ

ਵਗ ਰਿਹਾ ਹਾਂ ਚੁੱਪ
'ਕੱਲਾ ਕਿਨਾਰਿਆਂ ਸੰਗ
ਹਿੱਕ ਖੋਲਣ ਗਾਉਣ ਲਈ
ਕੋਈ ਲਹਿਰ ਤਾਂ ਹੋਵੇ

ਚਿਣਗ 'ਚ ਹੀ ਸੀ ਅੱਗ
ਜਾਂ ਰੁਲ ਰਹੀ ਸੀ ਪੱਗ
ਲਿਖੀ ਕਿਸੇ ਸੁਬਾਹ 'ਚ
ਕਿਤੇ ਕੋਈ ਖ਼ੈਰ ਤਾਂ ਹੋਵੇ

ਕਹਿੰਦੇ ਨੇ ਦਿਨ ਰਾਤ
ਬਦਲ ਦਿੰਦੇ ਨੇ ਤਕਦੀਰ
ਮੌਸਮ ਸ਼ਾਮ 'ਚ
ਕੋਈ ਗਹਿਰ ਤਾਂ ਹੋਵੇ

ਸੱਚ 'ਤੇ ਤੁਰਦੇ
ਜਾਂ ਸੂਲੀ 'ਤੇ ਨੱਚਦੇ
ਸਾਹਮਣੇ ਭਰਿਆ ਪਿਆਲਾ
ਕੋਈ ਜ਼ਹਿਰ ਤਾਂ ਹੋਵੇ

-ਡਾ. ਅਮਰਜੀਤ ਟਾਂਡਾ
ਸੰਪਰਕ : +61 0417271147



ਪੰਜਾਬ ਮੇਲUSA



RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567

Gurjatinder S. Randhawa
916-320-9444

web: www.RealtorRandhawa.com

garysingh123@yahoo.com